ਸਾਲ ਪੰਦਰਵਾਂ, ਮਹੀਨਾ ਅਕਤੂਬਰ 2009

**ਫਾਉਂਡਰ ਚੇਅਰਮੈਨ**

**ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਚੇਅਰਪਰਸਨ**

**(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ**

**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

Postal Address for 'ATAM MARG' Enquiry, Money Order, Cheque, Draft & correspondence : V.G.R.M Charitable Trust, Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali)

140901 Pb.India.

Exemption U/S 80-G upto 31.03.2012 vide L. No. CIT-II/CHD/80G/TECH/245/2008-09/823

Registration Under Foreign Contribution (Regulation) Act 1976 R.No. 115320023

ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-

Head Office INDIA - (M) 94172-14391, 9417214379
0160-2255002, Fax - 2255009

U.S.A. - Baba Satnam Singh ji Atwal
Phone and Fax : 408-263-1844

Bhai Kuldeep Singh Sher Gill
Phone : 408-230-8319

Bibi Sukhvinder Kaur Bains - Phone : 403-270-3387

Canada - Bhai Sarmukh Singh Pannu
Phone - 604-433-0408

England - Bibi Gurbax Kaur /Jagtar Singh Jagi
Phone : 0121-200-2818

Fax : 0121-200-2879, Raj Mobile : 07968734058

For more information please visit us on internet at:-
Email : atammarg@glide.net.in
http:# www.ratwarasahib.org, http # www.ratwarasahibmedia.org

**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

## ਤਤਕਰਾ

| | |
|---|---|
| 1. ਸੰਪਾਦਕੀ | 2 |
| 2. ਕਤਿਕਿ ਦੀ ਸੰਗਰਾਂਦ | 3 |
| 3. ਸੁਰਤਿ ਸਬਦਿ ਮਾਰਗ | 14 |
| 4. ਬਿਜੈ ਸਿੰਘ | 41 |
| 5. ਮਾਰਗ ਚੋਣ | 47 |
| 6. ਨਾਮ ਤੇ ਸੇਵਾ | 50 |
| 7. ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | 57 |
| 8. ਸਿਹਤ ਰੱਖਿਆ ਗਿਆਨ | 61 |
| 9. ਆਤਮ ਮਾਰਗ | 62 |

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

**ਸੰਪਰਕ ਨੰ. ਰਤਵਾੜਾ ਸਾਹਿਬ**

| | |
|---|---|
| ਗੁ. ਰਤਵਾੜਾ ਸਾਹਿਬ | 0160-2255001 |
| ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ | -9417214386 |
| ਪਰਮ ਸਤਿਕਾਰ ਯੋਗ ਬੀਜੀ | 9417214381 |
| ਜਰਨਲ - 9417214384, ਬੀ ਐਡ ਕਾਲਜ - | 9417214382 |
| ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ | 9417214380 |
| ਆਡੀਓ ਵੀਡੀਓ ਲਾਇਬ੍ਰੇਰੀ | 9872814385, 9417214385 |
| ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ | 0160-2255003 |
| ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ | 0160-2255004 |

**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

**ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ**

**ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।**

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

**ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.**

# ਸੰਪਾਦਕੀ

ਲੱਖਾਂ ਹਿਰਦਿਆਂ ਦੇ ਧੇਅ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਅਤੇ ਆਤਮ ਮਾਰਗ ਸਪਿਰਚੁਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖ ਧੰਨ ਧੰਨ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਨੇ ਸੰਸਾਰਕ ਰੰਗ ਮੰਚ ਤੇ ਆ ਕੇ ਪ੍ਰਉਪਕਾਰ ਹਿੱਤ ਅਨੇਕਾਂ ਕਾਰਜ ਕੀਤੇ । ਅਨੇਕਾਂ ਪ੍ਰਾਣੀਆਂ ਨੂੰ ਜੀਅ ਦਾਨ ਦੇ ਕੇ ਭਗਤੀ ਨਾਲ ਜੋੜਿਆ । ਆਪ ਜੀ ਨੇ 31 ਅਕਤੂਬਰ 2001 ਨੂੰ ਆਪਣੇ ਪੰਜ ਭੂਤਕ ਸਰੀਰਕ ਚੋਲੇ ਦਾ ਪਰਿਤਿਆਗ ਕਰਕੇ ਸੱਚਖੰਡ ਜਾ ਬਿਰਾਜੇ । ਅਉਣ ਵਾਲੀ 28, 29 30 ਅਤੇ 31 ਅਕਤੂਬਰ ਨੂੰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਮਹਾਨ ਪਵਿੱਤਰ ਤਪੋ ਭੂਮੀ ਉਪੱਰ ਸੰਤ ਮਾਤਾ ਬੀਜੀ ਰਣਜੀਤ ਕੌਰ ਜੀ ਦੀ ਅਗਵਾਈ ਅਤੇ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਦੇਖ ਰੇਖ ਹੇਠ ਆਪ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਵਿਸ਼ਾਲ ਮਹਾਨ ਗੁਰਮਤਿ ਸਮਾਗਮ ਮਨਾਇਆ ਜਾਣਾ ਹੈ । ਸਮਾਗਮ ਅੰਦਰ ਸੰਪ੍ਰਦਾਇ ਰਾੜਾ ਸਾਹਿਬ, ਰਤਵਾੜਾ ਸਾਹਿਬ, ਨਾਨਕਸਰ ਕਲੇਰਾਂ, ਭੂਰੀ ਵਾਲੇ, ਸਵਾਮੀ, ਯੋਗੀ, ਹਿਮਾਲਿਆ ਦੀਆਂ ਗੁਫਾਵਾਂ ਵਿੱਚੋਂ ਸਾਧੂ ਸੰਤ ਮਹਾਤਮਾ ਤੋਂ ਇਲਾਵਾ ਹੋਰ ਵੱਖ ਵੱਖ ਸੰਪ੍ਰਦਾਇ ਦੇ ਸੰਤ ਆਪਣੇ ਅਨੁਭਵੀ ਪ੍ਰਵਚਨਾਂ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨ ਜਾ ਰਹੇ ਹਨ । ਦੇਸ਼ਾਂ ਵਿਦੇਸ਼ਾ ਵਿੱਚ ਬੈਠੀਆਂ ਲੱਖਾਂ ਸੰਗਤਾਂ ਜਿਨ੍ਹਾਂ ਨੇ 'ਆਤਮ ਮਾਰਗ' ਨੂੰ ਆਪਣੇ ਜਿੰਦਗੀ ਦਾ ਅਧਾਰ ਬਣਾਇਆ ਹੋਇਆ ਹੈ । ਇਸ ਦੇ ਪ੍ਰਚਾਰ ਪ੍ਰਸਾਰ ਹਿੱਤ ਆਪਣੀ ਦਸਾਂ ਨੌਹਾਂ ਦੀ ਘਾਲ ਕਮਾਈ ਵਿੱਚੋਂ ਗੁਰ-ਸ਼ਬਦ ਲੰਗਰ ਨੂੰ ਲਗਾਤਾਰ ਜਾਰੀ ਰੱਖਣ ਵਾਸਤੇ ਅਤੇ ਗੁਰੂ ਕੇ ਲੰਗਰਾਂ, ਸਕੂਲਾਂ, ਕਾਲਜਾਂ, ਹਸਪਤਾਲਾਂ ਵਾਸਤੇ ਸੇਵਾ ਭੇਜਦੇ ਰਹਿੰਦੇ ਹਨ । ਉਨ੍ਹਾਂ ਦੇ ਟੈਲੀਫੋਨ ਫੈਕਸ ਈਮੇਲ ਸਾਡੇ ਕੋਲ ਸੁਨੇਹਿਆਂ ਦੇ ਰੂਪ ਵਿੱਚ ਪਹੁੰਚ ਰਹੇ ਹਨ । ਕਿ ਅਸੀਂ ਮਹਾਂਪੁਰਖਾਂ ਦੀ ਤਪੋ ਭੂਮੀ ਉਪੱਰ ਨਤਮਸਤਕ ਹੋਣ ਲਈ ਆ ਰਹੇ ਹਾਂ ਅਤੇ ਚਾਰੋ ਦਿਨ ਰਤਵਾੜਾ ਸਾਹਿਬ ਰਿਹਾਇਸ਼ ਰੱਖ ਕੇ ਕੀਰਤਨ, ਨਾਮ ਸਿਮਰਨ ਦਾ ਪੂਰਾ ਪੂਰਾ ਲਾਹਾ ਉਠਾਉਣਾ ਹੈ । ਗੁ. ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖ ਜਿਥੇ ਵੀ ਆਪਣੀ ਜਿੰਦਗੀ ਵਿੱਚ ਵਿਚਰੇ ਉਥੇ ਹੀ ਆਪ ਨੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਪਵਿੱਤਰ ਗੂੜ੍ਹ ਸਿਧਾਂਤਾਂ ਨੂੰ ਬਹੁਤ ਸਰਲ ਤਰੀਕੇ, ਸਰਲ ਬੋਲੀ ਵਿੱਚ ਸੰਗਤਾਂ ਨਾਲ ਗੁਰ ਸ਼ਬਦ ਦੀ ਸ਼ਾਂਝ ਪਾਈ । ਭਾਵੇਂ ਆਪ ਬਚਪਨ ਵਿੱਚ ਧਮੋਟ, ਸਿੰਧ ਪਾਕਿਸਤਾਨ, ਯੂ.ਪੀ. ਅਤੇ ਅਖੀਰ ਰੋਪੜ ਦੇ ਇਲਾਕੇ ਵਿੱਚ । ਦੇਸ਼ਾਂ ਵਿਦੇਸ਼ਾਂ ਵਿੱਚ ਬੈਠੀਆਂ ਸੰਗਤਾਂ ਜਿਨ੍ਹਾਂ ਨੇ ਸਿਰਫ ਆਪ ਜੀ ਦੇ ਦਰਸ਼ਨਾਂ ਦੀ ਇਕੋ ਝਲਕ ਦੇਖੀ ਉਹ "ਆਤਮ ਮਾਰਗ" ਮੈਗਜੀਨ ਵਿੱਚ ਉਨ੍ਹਾਂ ਦੇ ਦੱਸੇ ਰਾਹ ਤੇ ਤੁਰ ਕੇ ਆਪਣੇ ਜਿੰਦਗੀ ਨੂੰ ਸਹੀ ਰਸਤੇ ਉਪੱਰ ਤੋਰ ਰਹੇ ਹਨ । ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ) ਵਿਖੇ ਅਉਣ ਵਾਲੀਆਂ ਸੰਗਤਾਂ ਵਾਸਤੇ ਵਿਸ਼ੇਸ਼ ਪ੍ਰਬੰਧ ਕੰਪਲੈਕਸ ਵਿਖੇ ਕੀਤੇ ਜਾ ਰਹੇ ਹਨ । ਅਉਣ ਵਾਲੀ ਸੰਗਤ ਦੀ ਰਿਹਾਇਸ਼, ਲੰਗਰ ਦਾ ਯੋਗ ਪ੍ਰਬੰਧ ਕੰਪਲੈਕਸ ਵਿੱਚ ਹੀ ਕੀਤਾ ਗਿਆ ਹੈ । ਸਮਾਗਮ ਸਵੇਰੇ 3.00 ਵਜੇ ਮਹਾਂਪੁਰਖਾਂ ਦੀ ਦਰਸਾਈ ਨਾਮ ਸਿਮਰਨ ਦੀ ਜੁਗਤ ਅਨੁਸਾਰ 45 ਮਿੰਟ ਦੀ ਟੇਪ ਰਿਕਾਰਡ ਨਾਲ ਸ਼ੁਰੂ ਹੋਇਆ ਕਰੇਗਾ ਉਪਰੰਤ ਆਸਾ ਜੀ ਦੀ ਵਾਰ ਦੇ ਕੀਰਤਨ, ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਚਲ ਰਹੀ ਲੜੀ ਵਾਰ ਕਥਾ, ਸਵੇਰੇ 9.00 ਵਜੇ ਸੰਤ ਸਮਾਗਮ ਦੀ ਸ਼ੁਰੂਆਤ ਸ਼ਾਮ 5.00 ਵਜੇ ਭੋਗ ਉਪਰੰਤ ਇਕ ਘੰਟੇ ਦੇ ਅਰਾਮ ਤੋਂ ਬਾਅਦ 6.00 ਵਜੇ ਰਹਿਰਾਸ, ਸ੍ਰੀ ਸੂਰਜ ਪ੍ਰਕਾਸ਼ ਦੀ ਚਲ ਰਹੀ ਲੜੀ ਵਾਰ ਕਥਾ, ਮਹਾਂਪੁਰਖਾਂ ਦੇ ਵੀਡੀਓ ਕੈਸੇਟ ਰਾਹੀਂ ਪ੍ਰਵਚਨ, ਉਪਰੰਤ 11.00 ਵਜੇ ਭੋਗ ਪਾਏ ਜਾਇਆ ਕਰਨਗੇ । ਸਮਾਗਮ ਨੂੰ ਸੁਚੱਜੇ ਢੰਗ ਨਾਲ ਮਨਾਉਣ, ਆਉਣ ਵਾਲੀਆਂ ਸੰਗਤਾਂ ਦੀ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਕਰਨ ਬਾਰੇ, ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਵਾਤਾਵਰਣ ਨੂੰ ਹੋਰ ਸਾਫ ਸੁਥਰਾ ਬਣਾਉਣ, ਸੰਗਤਾਂ ਦੇ ਲਿਆਉਣ ਵਾਸਤੇ ਸਵਾਰੀਆਂ ਦੇ ਪ੍ਰਬੰਧ ਬਾਰੇ, ਰਤਵਾੜਾ ਸਾਹਿਬ ਨੂੰ ਆਉਣ ਵਾਲੇ ਰਸਤਿਆਂ ਅਤੇ ਸੜਕਾਂ ਦੀ ਸਫਾਈ ਕਰਨ ਬਾਰੇ, ਲੰਗਰ ਲੋਹਾਂ ਭਾਂਡਿਆਂ, ਟੈਂਟਾਂ, ਦਰੀਆਂ, ਦੁੱਧ ਆਦਿ ਦੇ ਸਾਰੇ ਪ੍ਰਬੰਧ ਬਾਰੇ, ਮਹਾਂਪੁਰਖਾਂ ਵੱਲੋਂ ਲਿਖਤ ਗੁਰਮਤਿ ਦੇ ਅਤੇ ਅੰਮ੍ਰਿਤ ਸੰਚਾਰ ਬਾਰੇ ਮਿਤੀ **4 ਅਕਤੂਬਰ** ਦਿਨ ਐਤਵਾਰ ਨੂੰ **ਦੁਪਿਹਰ 1.00** ਵਜੇ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦਿਵਾਨ ਹਾਲ ਵਿਖੇ ਬਹੁੱਤ ਵੱਡੇ ਪੱਧਰ ਤੇ ਮੀਟਿੰਗ ਕੀਤੀ ਗਈ । ਜਿਸ ਵਿੱਚ ਅਨੇਕਾਂ ਸੁਲਝੇ ਹੋਏ ਸੇਵਾਦਾਰਾਂ ਨੇ ਸਮੂਲੀਅਤ ਕਰਕੇ ਆਪਣੇ ਕੀਮਤੀ ਸੁਝਾਅ ਦੇਣੇ ਹਨ ਅਤੇ ਅਨੇਕਾਂ ਅਹਿਮ ਫੈਸਲੇ ਲਏ ਜਾਣੇ ਹਨ ।

ਜਿਨ੍ਹਾਂ ਵੀ ਪ੍ਰੇਮੀਆਂ ਨੂੰ ਮਹਾਂਪੁਰਸ਼ਾਂ ਵੱਲੋਂ ਜੀਵਨ ਦਾਨ ਮਿਲਿਆ ਹੈ, ਉਨ੍ਹਾਂ ਨੇ ਆਪਣੇ ਜੀਵਨ ਵਿੱਚ ਹਰ ਸਾਲ ਬਰਸੀ ਸਮਾਗਮ ਸਮੇਂ ਗੁ. ਰਤਵਾੜਾ ਸਾਹਿਬ ਪਹੁੰਚ ਕੇ ਆਪਣਾ ਨੈਤਿਕ ਫਰਜ ਪੂਰਾ ਕਰਨਾ ਹੁੰਦਾ ਹੈ ਇਸ ਲਈ ਅਸੀਂ ਆਪ ਜੀ ਉਡੀਕ ਅੱਖਾਂ ਵਿਛਾ ਕੇ ਕਰ ਰਹੇ ਹਾਂ ਤਾਂ ਜੋ ਆਪ ਜੀ ਦੀ ਚਰਨ ਧੂੜ ਸਾਡੇ ਮਸਤਕ ਤੇ ਲੱਗੇ ਸਾਨੂੰ ਵੀ ਆਪ ਜੀ ਦੀ ਸੇਵਾ ਦਾ ਇਹ ਸ਼ੁਭ ਅਵਸਰ ਪ੍ਰਾਪਤ ਹੋ ਸਕੇ । ਸਾਡੇ ਨਾਲ ਆਤਮ ਮਾਰਗ ਪਿਹਲੇ ਪੇਜ ਤੇ ਦਿਤੇ ਨੰਬਰਾਂ ਤੇ ਸੰਪਰਕ ਕਰਕੇ ਈਮੇਲ, ਫੈਕਸ ਰਾਹੀਂ ਆਪਣੇ ਆਉਣ ਦੀ ਖਬਰ ਦੇ ਸਕਦੇ ਹੋ ਤਾਂ ਜੋ ਆਪ ਜੀ ਦੀ ਰਿਹਾਇਸ਼ ਦਾ ਯੋਗ ਪ੍ਰਬੰਧ ਹੋ ਸਕੇ ।

# ਕੱਤਕ ਦੀ ਸੰਗਰਾਂਦ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥*
*ਖਿਨ ਮਹਿ ਕਉੜੇ ਹੋਇ ਗਏ*
*ਜਿਤੜੇ ਮਾਇਆ ਭੋਗ ॥*
*ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥*
*ਵਡਭਾਗੀ ਮੇਰਾ ਪ੍ਰਭੁ ਮਿਲੈ*
*ਤਾਂ ਉਤਰਹਿ ਸਭਿ ਬਿਓਗ ॥*
*ਨਾਨਕ ਕਉ ਪ੍ਰਭ ਰਾਖਿ ਲੇਹਿ*
*ਮੇਰੇ ਸਾਹਿਬ ਬੰਦੀ ਮੋਚ ॥*
*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥*
*ਅੰਗ - ੧੩੫*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਜੈਸਾ ਬਾਲਕੁ ਭਾਇ ਸੁਭਾਈ*
*ਲਖ ਅਪਰਾਧ ਕਮਾਵੈ ॥*
*ਕਰਿ ਉਪਦੇਸੁ ਝਿੜਕੇ ਬਹੁ ਭਾਤੀ*
*ਬਹੁੜਿ ਪਿਤਾ ਗਲਿ ਲਾਵੈ ॥*
*ਪਿਛਲੇ ਅਉਗੁਣ ਬਖਸਿ ਲਏ*
*ਪ੍ਰਭੁ ਆਗੈ ਮਾਰਗਿ ਪਾਵੈ ॥ ਅੰਗ - ੬੨੪*

*ਧਾਰਨਾ - ਬੁਰੇ ਭਲੇ ਹਮ ਥਾਰੇ,*
*ਪ੍ਰਭ ਜੀ ਬੁਰੇ ਭਲੇ ਹਮ ਥਾਰੇ।*

*ਸੁਨਹੁ ਬਿਨੰਤੀ ਠਾਕੁਰੁ ਮੇਰੇ*
*ਜੀਅ ਜੰਤ ਤੇਰੇ ਧਾਰੇ ॥*
*ਰਾਖੁ ਪੈਜ ਨਾਮ ਅਪੁਨੇ ਕੀ*
*ਕਰਨ ਕਰਾਵਨਹਾਰੇ ॥ ੧ ॥*
*ਪ੍ਰਭ ਜੀਉ ਖਸਮਾਨਾ ਕਰਿ ਪਿਆਰੇ ॥*
*ਬੁਰੇ ਭਲੇ ਹਮ ਥਾਰੇ ॥ ਰਹਾਉ ॥*
*ਸੁਣੀ ਪੁਕਾਰ ਸਮਰਥ ਸੁਆਮੀ*
*ਬੰਧਨ ਕਾਟਿ ਸਵਾਰੇ ॥*
*ਪਹਿਰਿ ਸਿਰਪਾਉ ਸੇਵਕ ਜਨ ਮੇਲੇ*
*ਨਾਨਕ ਪ੍ਰਗਟ ਪਹਾਰੇ ॥ ਅੰਗ - ੬੩੧*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ! ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ, ਕੱਤਕ ਦਾ ਮਹੀਨਾ ਹੈ, ਸੰਗਰਾਂਦ ਮਨਾਉਣ ਵਾਸਤੇ ਦੂਰ-ਦਰਾਜ਼ ਤੋਂ ਆਪ ਆਏ ਓਂ। ਹਰ ਮਹੀਨੇ ਦੇ ਅੰਦਰ ਜ਼ਿੰਦਗੀ ਵਾਸਤੇ, ਜਗਿਆਸੂ ਵਾਸਤੇ ਬਹੁਤ ਹੀ ਗਹਿਰਾ ਉਪਦੇਸ਼ ਹੋਇਆ ਕਰਦਾ ਹੈ। ਸਾਡੀ ਗੁਰੂ ਨਾਲ ਤਾਂ ਹੀ ਬਣ ਆਉਂਦੀ ਹੈ ਜੇ ਅਸੀਂ ਉਸ ਦੇ ਬਚਨ ਮੰਨੀਏ। ਸਭ ਤੋਂ ਉਤਮ ਜੋ ਗੁਰਸਿੱਖ ਹੈ -

*ਆਗਿਆ ਸਮ ਨਹੀ ਸਾਹਿਬ ਸੇਵਾ।*

ਸੋ ਇਹ ਜੋ ਮਹੀਨਾ ਹੈ ਕੱਤਕ ਦਾ ਜੇ ਇਹਨੂੰ ਅਸੀਂ ਸਮਝ ਲਈਏ ਨਾ, ਸਹੀ ਤਰੀਕੇ ਨਾਲ ਨਤੀਜਾ ਕੀ ਹੋਏਗਾ, ਸਾਡੀ ਸਾਰੀ ਜ਼ਿੰਦਗੀ ਸੁੱਖਾਂ ਦੀ ਬਤੀਤ ਹੋ ਜਾਏਗੀ। ਨਾ ਇੱਥੇ ਦੁੱਖ ਆਵੇ, ਨਾ ਦਰਗਾਹ ਵਿੱਚ ਆਵੇ; ਬਾਤ ਸਮਝਣ ਜੋਗੀ ਹੈ, ਜੇ ਸਮਝ ਲਵੇ ਤੇ ਆਪਣਾ ਰਸਤਾ ਬਦਲ ਲਵੇ, ਸੁਭਾਉ ਆਪਣਾ ਬਦਲ ਲਵੇ, ਫੇਰ ਸਾਰੀ ਜ਼ਿੰਦਗੀ ਵਾਸਤੇ ਗਾਈਡ ਲਾਈਨ ਮਿਲ ਜਾਂਦੀ ਹੈ। ਇਸ ਮਹੀਨੇ ਦੇ ਅੰਦਰ ਗੁਰੂ ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਪਿਆਰਿਓ! ਜੋ ਤੁਸੀਂ ਕਰਮ ਕਰਦੇ ਓਂ ਨਾ ਚੰਗੇ ਤੇ ਮੰਦੇ, ਕੋਈ ਵੀ ਕਰਮ ਕੀਤਾ ਹੋਇਆ ਜਿਹੜਾ ਹੈ ਉਹ ਨਿਹਫਲ ਨਹੀਂ ਜਾਂਦਾ ਬਿਰਥਾ ਨਹੀਂ ਜਾਂਦਾ, ਚਾਹੇ ਤੁਸੀਂ ਚੰਗਾ ਕਰ ਲਿਆ, ਚਾਹੇ ਤੁਸੀਂ ਮਾੜਾ ਕਰ ਲਿਆ। ਜਿਵੇਂ ਧਰਤੀ ਦੇ ਅੰਦਰ, ਵਤਰ ਆਈ ਹੋਵੇ ਤੇ ਉਹਦੇ ਵਿੱਚ ਨਦੀਣ ਬੀਜੀ ਜਾਓ, ਗੁੱਲੀ-ਡੰਡੇ ਦਾ ਬੀਜ ਪਾ ਦਿਓ, ਬਾਥੂ ਦੀਆਂ ਮੁੱਠੀਆਂ ਭਰ ਕੇ ਸੁੱਟ ਦਿਓ, ਪਿਆਜੀ ਸੁੱਟ ਦਿਓ, ਤੁਹਾਡੇ ਅਖਤਿਆਰ ਵਿੱਚ ਹੈ। ਸਿਆਣਾ ਕਿਸਾਨ ਜਿਹੜਾ ਹੈ ਉਹ ਪਹਿਲਾਂ ਜ਼ਮੀਨ ਵਾਹੁੰਦਾ ਹੈ, ਸਾਫ ਕਰਦਾ ਹੈ, ਫੇਰ ਬਹੁਤ ਸਾਵਧਾਨੀ ਵਰਤਦਾ ਹੈ ਕਿ ਕੋਈ ਬੀਜ ਗਲਤ ਨਾ ਮੇਰੀ ਫਸਲ ਵਿੱਚ ਚਲਿਆ ਜਾਵੇ, ਜਿਹੜਾ ਕਣਕ ਦਾ ਬੀਜ ਪਿਆ ਹੈ, ਉਹਨੂੰ ਵੀ ਛਾਣਦਾ ਹੈ ਤਾਂ ਕਿ ਜਿਹੜਾ ਨਦੀਣ ਹੈ, ਬਾਥੂ ਹੈ ਜਾਂ ਗੁੱਲੀ-ਡੰਡੇ ਦਾ ਹੈ ਇਹ ਨਿਕਲ ਜਾਵੇ, ਕਿਉਂਕਿ ਸੋਧ ਕੇ ਬੀਜੀ ਹੋਈ ਜਿਹੜੀ ਖੇਤੀ ਹੈ ਉਹ ਮੁਨਾਫਾ ਦਿੰਦੀ ਹੈ। ਇਹੀ ਅਸੂਲ ਇਥੇ ਤੇ ਦਰਗਾਹ ਵਿੱਚ ਚਲਦਾ ਹੈ। ਸੋਧ ਕੇ ਕੀਤਾ ਹੋਇਆ ਕੰਮ ਜਿਹੜਾ ਹੈ ਉਹ ਸੁੱਖ ਦਿੰਦਾ ਹੈ, ਜਿਹੜਾ ਸੋਧ ਤੋਂ ਬਗੈਰ ਕੰਮ ਕਰ ਲਿਆ ਅਣਜਾਣਪੁਣੇ 'ਚ ਉਹ ਦੁੱਖ ਦਿੰਦਾ ਹੈ। ਕਰਮ ਤਾਂ ਅਸੀਂ ਕਰਨਾ ਹੀ ਹੈ, ਜਿੰਨਾਂ ਚਿਰ ਸਰੀਰ ਹੈ ਸਾਡਾ ਅਸੀਂ ਕੁਛ ਨਾ ਕੁਛ ਕਰਦੇ ਹੀ ਰਹਿਣਾ ਹੈ। ਤਿੰਨ ਤਰ੍ਹਾਂ ਦੇ ਕਰਮ ਹੁੰਦੇ ਨੇ ਇੱਕ ਤਾਂ ਅਸੀਂ ਹੁਣ ਕਰਮ ਕਰ ਰਹੇ ਹਾਂ, ਇਹ ਜੋ ਸਤਿਸੰਗ 'ਚ ਅਸੀਂ ਆਉਂਦੇ ਹਾਂ। ਸਾਨੂੰ ਜੇ ਸੋਝੀ ਪੈ ਜਾਏ ਅਸੀਂ ਦਿਲ ਨਾਲ ਮੰਨ ਲਈਏ ਕਿ ਐਸਾ ਕਰਮ ਕਰੀਏ ਕਿ ਅੱਗੇ ਜਾ ਕੇ ਫਲ ਨਾ ਭੋਗਣਾ ਪਵੇ। ਕਈ ਵਾਰੀ ਜ਼ਿੰਦਗੀ 'ਚ ਐਸੇ ਮੌਕੇ ਆਉਂਦੇ ਨੇ ਆਦਮੀ ਦੇ ਸਾਮ੍ਹਣੇ ਕਿ ਇਹ ਬੰਦਾ ਸਾਨੂੰ ਜੀਊਣ ਨਹੀਂ ਦਿੰਦਾ, ਇਹਦੇ ਗੋਲੀ ਮਾਰੀਏ। ਮਾਰ ਸਕਦਾ ਹੈ, ਕੋਈ ਔਖੀ ਗੱਲ ਨਹੀਂ ਹੈ। ਲੇਕਿਨ ਜੋ ਫਲ ਭੋਗਣਾ ਹੈ ਦੋ ਥਾਂ ਤੋਂ ਭੋਗਿਆ ਜਾਂਦਾ ਹੈ ਇੱਕ ਇਥੇ ਵੀ ਭੋਗਦਾ ਹੈ, ਪਰੇਸ਼ਾਨੀਆਂ, ਮੁਕਦਮੇ ਲੜਨੇ ਨੇ, ਕੁਛ ਹਿੱਸਾ ਇੱਥੇ ਭੋਗਿਆ ਜਾਏਗਾ ਜਿਹੜਾ ਬਕਾਇਆ ਹੈ ਉਹ ਦਰਗਾਹ ਵਿੱਚ ਭੋਗਣਾ ਪੈਂਦਾ ਹੈ ਜਾ ਕੇ। ਮਹਾਰਾਜ ਕਹਿੰਦੇ ਇੱਥੇ ਤੱਕ ਹੈ ਜਿਹੜੇ ਲੋਕ ਮਾਸ ਖਾਂਦੇ ਨੇ ਨਾ, ਅਗਿਆਨਤਾ ਦੇ ਨਾਲ ਕਹਿ ਦਿੰਦੇ ਨੇ ਬੱਕਰਿਆਂ

ਨੇ ਕਿਹੜਾ ਕੁਰਸੀਆਂ 'ਤੇ ਬੈਠਣਾ ਹੈ ਜਾ ਕੇ, ਖਾਣ ਵਾਸਤੇ ਹੀ ਪੈਦਾ ਕਰੇ ਨੇ। ਉਹ ਪ੍ਰਮੇਸ਼ਰ ਨੇ ਖੁਰਾਕ ਦਾ ਹਰੇਕ ਦੀ ਇੰਤਜ਼ਾਮ ਕੀਤਾ ਹੋਇਆ ਹੈ। ਸਮੁੰਦਰਾਂ ਵਿੱਚ ਵੱਡੀਆ ਮੱਛੀਆਂ ਛੋਟੀਆਂ ਮੱਛੀਆਂ ਨੂੰ ਖਾ ਜਾਂਦੀਆਂ ਨੇ, ਉਸ ਤੋਂ ਛੋਟੀਆਂ ਆਪਣੇ ਤੋਂ ਛੋਟੀਆਂ ਨੂੰ ਖਾ ਜਾਂਦੀਆਂ ਨੇ। ਜੀਵ ਦਾ ਆਹਾਰ ਜੀਅ ਕਰਿਆ ਹੋਇਆ ਹੈ ਉਥੇ, ਉਹਦੇ ਵਿੱਚ ਪਾਪ ਨਹੀਂ ਹੈ ਕਿਉਂਕਿ ਪ੍ਰਮੇਸ਼ਰ ਵਲੋਂ ਹੀ ਇਹ ਚੀਜ਼ ਕਰ ਦਿੱਤੀ ਗਈ। ਇਸ ਧਰਤੀ ਦੇ ਉੱਤੇ ਮਨੁੱਖ ਨੂੰ ਸਭ ਤੋਂ ਉੱਤਮ ਜੂਨੀ ਦਾ ਜਾਣਿਆ ਜਾਣ ਲੱਗਿਆ। ਇਹਦੇ ਕਰਮ ਜਿਹੜੇ ਨੇ ਇਹ ਲਗਦੇ ਨੇ ਹੋਰ ਕਿਸੇ ਜੀਵ ਦੇ ਕਰਮ ਨਹੀਂ ਲਗਦੇ। ਫੇਰ ਚਾਹੇ ਹੀ ਕਿੰਨੇ ਹੀ ਜਾਨਵਰ ਮਾਰ-ਮਾਰ ਖਾਈ ਜਾਵੇ, ਉਹਨੂੰ ਕਰਮ ਨਹੀਂ ਲਗਦਾ; ਕਿਉਂਕਿ ਉਹਦੀ ਖੁਰਾਕ ਹੀ ਹੈ, ਸਾਰੀ ੮੪ ਲੱਖ ਜੂਨੀਆਂ ਵਿੱਚੋਂ ਮਨੁੱਖ ਜੂਨੀ ਐਸੀ ਹੈ ਇਹ ਚਾਹੇ ਮਨ ਦੇ ਨਾਲ ਕਰ ਲਵੇ, ਚਾਹੇ ਬੁੱਧੀ ਨਾਲ ਕਰ ਲਵੇ, ਚਾਹੇ ਸਰੀਰਕ ਤੌਰ 'ਤੇ ਕਰ ਲਵੇ, ਚਾਹੇ ਪੈਸੇ ਦੇ ਕੇ, ਦੁਆ ਕੇ ਕਰ ਲਵੇ; ਇਹਦਾ ਹਰ ਕਰਮ ਜਿਹੜਾ ਹੈ ਉਹ ਫਲ ਦਿੰਦਾ ਹੈ। ਚੰਗਾ ਵੀ ਦਿੰਦਾ ਹੈ, ਮਾੜਾ ਵੀ ਦਿੰਦਾ ਹੈ। ਮਹਾਰਾਜ ਕਹਿੰਦੇ ਇਹਨੂੰ ਸੋਚ ਕੇ ਕਰਨਾ ਚਾਹੀਦਾ ਹੈ। ਕਰਮ ਐਹੋ ਜਿਹਾ ਕਰੋ ਜਿਹੜਾ ਜਦੋਂ ਸਾਨੂੰ ਭੋਗਣਾ ਪਵੇ ਸਾਨੂੰ ਖੁਸ਼ੀ ਹੋਵੇ, ਐਹੋ ਜਿਹਾ ਨਾ ਕਰੋ ਜਿਹਨੂੰ ਕਰਕੇ ਫੇਰ ਪਛਤਾਉਣਾ ਪੈ ਜਾਵੇ। ਪਤਾ ਹੀ ਹੈ ਸਾਨੂੰ ਐਨੀ ਕੁ ਬੁੱਧੀ ਤਾਂ ਪ੍ਰਮੇਸ਼ਰ ਨੇ ਦਿੱਤੀ ਹੀ ਹੋਈ ਹੈ, ਜਿਸ ਤੋਂ ਸਾਨੂੰ ਇਹ ਪਤਾ ਲਗ ਜਾਵੇ ਕਿ ਮੈਂ ਇਹ ਕਰਮ ਮਾੜਾ ਕਰ ਰਿਹਾ ਹਾਂ। ਕਿਉਂਕਿ ਅੰਦਰ ਪ੍ਰਮੇਸ਼ਰ ਨੇ ਇਕ ਅਵਾਜ਼ ਪੈਦਾ ਕਰ ਦਿੱਤੀ, ਉਹ ਆਤਮਾ ਦੀ ਆਵਾਜ਼ ਹੁੰਦੀ ਹੈ, ਓਧਰੋਂ ਆਉਂਦੀ ਹੈ ਸ਼ੁੱਧ ਆਵਾਜ਼ ਕਿ ਨਾ ਇਹ ਕੰਮ ਨਾ ਕਰ। ਉਸ ਆਵਾਜ਼ ਨੂੰ ਇਹ ਅਣਸੁਣੀ ਕਰ ਦਿੰਦਾ ਹੈ, ਸੁਣਦਾ ਹੀ ਨਹੀਂ। ਜਿਹੜੇ ਪਾਪ ਕਰਦੇ ਨੇ ਉਹ ਮੱਧਮ ਪੈ ਜਾਂਦੇ ਨੇ।

ਮੈਂ ਬੇਨਤੀ ਕਰਦਾ ਸੀ ਕਿ ਜਿਹੜੇ ਲੋਕ ਇਹ ਕਹਿੰਦੇ ਨੇ ਕਿ ਜਾਨਵਰ ਮਾਰ ਕੇ ਖਾ ਲਓ, ਗੁਰਬਾਣੀ ਕਹਿੰਦੀ ਹੈ ਕਿ ਪਿਆਰਿਆ! ਇਹਦਾ ਲੇਖਾ ਦੇਣਾ ਪੈਣਾ ਹੈ ਤੈਨੂੰ। ਤੂੰ ਆਪੇ ਗਿਆਨੀ ਬਣ ਕੇ ਆਪੇ ਨਹੀਂ ਕਰ ਸਕਦਾ, ਜੇ ਤਾਂ ਤੇਰੇ 'ਚ ਤਾਕਤ ਹੈ ਕਿ ਜੀਉਂਦਾ ਮੁਰਦਾ ਕਰਦੇ, ਮੁਰਦੇ ਨੂੰ ਜੀਉਂਦਾ ਕਰ ਦੇ। ਫੇਰ ਤਾਂ ਗੱਲ ਹੋਰ ਤਰ੍ਹਾਂ ਸੋਚਣੀ ਪਵੇਗੀ। ਪਰ ਜਦ ਤੇਰੇ 'ਚ ਤਾਕਤ ਹੀ ਨਹੀਂ ਹੈ, ਤੂੰ ਆਪ ਹੀ ਮੁਕਤ ਨਹੀਂ ਹੈ, ਜੀਵਾਂ ਦੀ ਮੁਕਤੀ ਕਿਵੇਂ ਕਰ ਦੇਵੇਂਗਾ।

***ਕਬੀਰ ਖੂਬੁ ਖਾਨਾ ਖੀਚਰੀ***
***ਜਾ ਮਹਿ ਅੰਮ੍ਰਿਤੁ ਲੋਨੁ ॥***
***ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥***
***ਅੰਗ - ੧੩੭੪***

ਕਹਿੰਦੇ ਸ਼ਿਕਾਰ ਖੇਡਣ ਜਾਂਦੇ ਨੇ, ਓਥੇ ਗੋਲੀਆ ਨਾਲ ਜੀਵਾਂ ਨੂੰ ਮਾਰ ਦਿੰਦੇ ਨੇ, ਕਹਿੰਦੇ ਫੇਰ ਉਹ ਜੀਵ ਜਿਹੜਾ ਹੈ, ਜਿਹਨੇ ਖਾਧਾ ਹੈ ਉਸਨੂੰ ਲੇਖਾ ਦੇਣਾ ਪੈਣਾ ਹੈ। ਉਹਨੇ ਓਹਦਾ ਗਲਾ ਕੱਟਿਆ ਹੈ, ਅੱਗੇ ਓਹਨੇ ਓਹਦਾ ਕੱਟਣਾ ਹੈ। ਮਨੁੱਖ ਦਾ ਬੀਜਿਆ ਹੋਇਆ ਕਰਮ ਹਰਾ ਹੁੰਦਾ ਹੈ, ਹੋਰ ਕਿਸੇ ਦਾ ਨਹੀਂ ਹੁੰਦਾ। ਇੱਕ ਐਸੀ ਬਾਤ ਹੈਗੀ ਕਿ ਉਨ੍ਹਾਂ ਦਾ ਭਲਾ ਹੋ ਸਕਦਾ ਹੈ। ਗੁਰੂ ਦਸਵੇਂ ਪਾਤਸ਼ਾਹ ਦੇ ਘੋੜੇ ਸੀ, ਉਨ੍ਹਾਂ ਦਾ ਭਲਾ ਹੋਇਆ ਹੈ। ਸਵਾਰੀ ਦਿੱਤੀ ਹੈ ਉਨ੍ਹਾਂ ਨੇ ਤੇ ਸਪਰਸ਼ ਕੀਤਾ ਹੈ ਉਨ੍ਹਾਂ ਨਾਲ ਜਿਹੜੇ ਬੰਦਗੀ ਕਰਦੇ ਸੀ ਦਿਲ ਨਾਲ। ਉਨ੍ਹਾਂ ਦਾ ਭਲਾ ਹੋ ਜਾਇਆ ਕਰਦਾ ਹੈ। ਬੰਦਗੀ ਕਰਨ ਵਾਲੇ ਕੋਲੋਂ ਜੇ ਕੋਈ ਜੀਵ ਭੁੱਲ ਭੁਲੇਖੇ ਮਰ ਵੀ ਜਾਵੇ, ਉਸ ਜੀਵ ਦਾ ਭਲਾ ਹੋ ਜਾਂਦਾ ਹੈ, ਨਾਮ ਦਾ ਫਲ ਐਡਾ ਤਕੜਾ ਹੈ। ਇਹ ਤਾਂ ਗੱਲ ਉਨ੍ਹਾਂ ਦੀ ਛੱਡੋ ਤੁਸੀਂ। ਜਿਹੜੇ ਮਹਾਂਪੁਰਸ਼ ਨੇ ਉਹ ਸਮਰੱਥ ਹੋਇਆ ਕਰਦੇ ਨੇ। ਜਿਹੜੇ ਅਸੀਂ ਜੀਵ ਹਾਂ ਗੁਰੂ ਮਹਾਰਾਜ ਸਾਨੂੰ ਕਹਿੰਦੇ ਨੇ ਪਿਆਰਿਓ! ਪਹਿਲਾਂ ਵਿਚਾਰ ਲੈ, ਜਦ ਤੈਨੂੰ ਲੇਖਾ ਦੇਣਾ ਪੈ ਗਿਆ ਫੇਰ ਔਖਾ ਹੋ ਜਾਏਗਾ। ਫੇਰ ਨਾਲੇ ਰੋਵੇਂਗਾ, ਨਾਲੇ ਲੇਖਾ ਦੇਵੇਂਗਾ। ਕੋਈ ਵੀ ਤੇਰਾ ਕੀਤਾ ਹੋਇਆ ਕਰਮ ਜਿਹੜਾ ਹੈ ਨਾ ਉਹ ਨਿਹਫਲ ਨਹੀਂ ਜਾਣਾ ਉਹਨੇ ਫਲ ਲਿਆਉਣਾ ਹੀ ਲਿਆਉਣਾ ਹੈ। ਚਾਹੇ ਉਹ ਅੱਕ ਬੀਜਦਾ ਹੈ, ਚਾਹੇ ਧਤੂਰੇ ਬੀਜਦਾ ਹੈ, ਉਹਨੇ ਫਲ ਲਿਆਉਣਾ ਹੀ ਹੈ, ਪਰ ਤੈਨੂੰ ਭੋਗਣਾ ਹੀ ਪੈਣਾ ਹੈ ਇਸ ਕਰਕੇ ਮਹਾਰਾਜ ਜੀ ਸਾਨੂੰ ਇਸ ਤਰ੍ਹਾਂ ਦੇ ਨਾਲ ਉਪਦੇਸ਼ ਦਿੰਦੇ ਨੇ -

***ਧਾਰਨਾ - ਪਿਆਰੇ ਜੀ ਐਸਾ ਕੰਮ ਮੂਲ ਨਾ ਕਰੀਂ,***
***ਜਿਹੜਾ ਕਰਕੇ ਫੇਰ ਪਛਤਾਈਏ।***

***ਐਸਾ ਕੰਮੁ ਮੂਲੇ ਨ ਕੀਚੈ***
***ਜਿਤੁ ਅੰਤਿ ਪਛੋਤਾਈਐ ॥ ਅੰਗ - ੯੧੮***

ਮਹਾਰਾਜ ਫੁਰਮਾਨ ਕਰ ਰਹੇ ਨੇ ਹੁਣ ਸੋਚੋ ਕਿ ਮੰਨੀਏ ਗੁਰੂ ਸਾਹਿਬ ਦੀ ਕਿ ਨਾ ਮੰਨੀਏ। ਅਸੀਂ ਸਾਰੀਆ ਗੱਲਾਂ ਨਹੀਂ ਮੰਨਦੇ ਗੁਰੂ ਸਾਹਿਬ ਦੀਆਂ। ਜਿਹੜੇ ਉਨ੍ਹਾਂ ਦੇ ਬਚਨ ਨੇ ਨਾ -

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥ ਅੰਗ - ੨੬੬***
***ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥***
***ਅੰਗ - ੬੮੧***

***ਜੋ ਮਾਗਹਿ ਸੋਈ ਸੋਈ ਪਾਵਹਿ***
***ਸੇਵਿ ਹਰਿ ਕੇ ਚਰਣ ਰਸਾਇਣ ॥ ਅੰਗ - ੭੧੪***

ਇਹ ਤਾਂ ਸਾਡੇ ਹਿਤ ਨੇ, ਅਸੀਂ ਕਹਿੰਦੇ ਹਾਂ ਕਿ ਇਹ ਗੁਰੂ ਸਾਹਿਬ ਦੀ ਡਿਊਟੀ ਹੈ, ਸਾਡੀ ਡਿਊਟੀ ਨਹੀਂ ਹੈ। ਇਹ ਤਾਂ ਅਸੀਂ ਮੰਨ ਲੈਂਦੇ ਹਾਂ ਸੱਚ ਕਿ ਉਹ ਦੇ ਦਿੰਦਾ ਹੈ ਮੀਗਆ ਹੋਇਆ। ਜਿਹੜੇ ਉਨ੍ਹਾਂ ਦੇ ਉਪਦੇਸ਼ ਨੇ ਉਹਨਾਂ ਨੂੰ ਨਹੀਂ ਸੱਚ ਮੰਨਦਾ। ਬਾਣੀ ਵਿੱਚ ਰੋਜ਼ ਪੜ੍ਹਦੇ ਹਾਂ ਆਪਾਂ -

***ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥***
***ਅੰਗ - ੯੧੮***

ਤੂੰ ਵਾਹਿਗੁਰੂ ਦੀ ਸੰਭਾਲ ਕਰ। ਕਿੰਨੀ ਕੁ ਸੰਭਾਲ ਕਰਦੇ ਹਾਂ ਅਸੀਂ, ਹਰ ਵਕਤ ਭੁੱਲੇ ਰਹਿੰਦੇ ਹਾਂ। ਕੋਈ-ਕੋਈ ਭਾਗਾਂ ਵਾਲਾ ਹੈ ਜਿਹਦੇ ਯਾਦ ਰਹਿ ਜਾਏ। ਬਾਕੀ ਤਾਂ ਭੁੱਲ ਵਿੱਚ ਹੀ ਸਾਰਾ ਸਮਾਂ ਲੰਘ ਜਾਂਦਾ ਹੈ, ਭੁੱਲੇ ਹੀ ਰਹਿੰਦੇ ਨੇ। ਵਿਚਾਰ ਕੇ ਵੇਖ ਲਓ ਸਾਰੇ। ਜੇ ਕਹੋ ਕਿ ਅਸੀਂ ਪਾਠ ਕਰਦੇ ਹਾਂ ਜਦ ਯਾਦ ਕਰਦੇ ਹਾਂ, ਓਦੋਂ ਵੀ ਯਾਦ ਨਹੀਂ ਹੁੰਦਾ। ਮਨ ਕਿਤੇ ਦੀ ਕਿਤੇ ਛਲਾਂਗਾਂ ਮਾਰਦਾ ਹੈ। ਇਸ ਗੱਲ ਨੂੰ ਅਸੀਂ ਸਮਝਿਆ ਨਹੀਂ ਹੈ ਕਿ ਉਹਨੂੰ ਸੰਭਾਲੀਏ ਕਿਵੇਂ। ਮਹਾਰਾਜ ਜੀ ਨੇ ਸਦਾ ਕਹਿ ਦਿੱਤਾ, ਸਦਾ ਕਹਿੰਦੇ ਨੇ always, ੨੪ ਘੰਟੇ, ੨੪ ਵਿਚੋਂ ੨੩ ਘੰਟੇ ਸੰਭਾਲ ਲਿਆ, ੨੪ਵਾਂ ਨਾ ਸੰਭਾਲਿਆ ਫੇਰ ਸਦਾ ਨਹੀਂ ਬਣਦਾ, around the clock ਜਿਹੜੀ ਗੱਲ ਹੁੰਦੀ ਹੈ ਉਹਨੂੰ ਸਦਾ ਕਹਿੰਦੇ ਨੇ। ਹੁਣ ਅਗਲਾ ਬਚਨ ਫੇਰ ਕਹਿੰਦੇ ਨੇ ਕਿ -

***ਏਹੁ ਕੁਟੰਬੁ ਤੂ ਜਿ ਦੇਖਦਾ***
***ਚਲੈ ਨਾਹੀ ਤੇਰੈ ਨਾਲੇ ॥ ਅੰਗ - ੯੧੮***

ਇਹਨੇ ਨਾਲ ਤਾਂ ਜਾਣਾ ਨਹੀਂ ਤੇਰੇ। ਜੇ ਅਸੀਂ ਕਹੀਏ ਕਿ ਪਿੱਠ ਮੋੜ ਲੈਂਦੇ ਹਾਂ, ਉਹ ਕਹਿੰਦੇ ਕਿ ਪਿੱਠ ਵੀ ਨਾ ਮੋੜ, ਤੂੰ ਆਪਣੀਆਂ ਜ਼ਿੰਮੇਵਾਰੀਆਂ ਪੂਰੀਆਂ ਕਰ, ਨਿਭਾ ਉਨ੍ਹਾਂ ਨੂੰ। ਲੇਕਿਨ ਫਸ ਨਾ ਕਿਸੇ ਗੱਲ ਵਿੱਚ। ਕਿਉਂਕਿ ਕਿਸੇ ਨੇ ਤੇਰੇ ਨਾਲ ਨਹੀਂ ਜਾਣਾ, ਵਾਰੀ ਆਈ 'ਤੇ ਤੁਰ ਜਾਣਾ ਹੈ। ਜਿਹਦੀ-ਜਿਹਦੀ ਵਾਰੀ ਆਈ ਗਈ ਉਹਨੇ ਤੁਰਦੇ ਹੀ ਜਾਣਾ ਹੈ। ਪਹਿਲਾਂ ਜਿਨ੍ਹਾਂ ਨੂੰ ਦਿੱਸਣ ਲਗ ਜਾਂਦਾ ਹੈ ਕਾਉਂ ਵਰਗੇ ਉੱਡ ਜਾਂਦੇ ਨੇ, ਚਿੜੀਆਂ ਵਗੈਰਾ ਨੂੰ ਹੋਰ ਦਸ ਮਿੰਟ ਠਹਿਰ ਕੇ ਦਿੱਸਣ ਲਗਦਾ ਹੈ, ਉਹ ਬਾਅਦ ਵਿੱਚ ਜਾਂਦੀਆਂ ਹੈ। ਕੁਟੰਬ ਇਕੱਠਾ ਹੁੰਦਾ ਹੈ, ਵਾਰੀ ਨਾਲ ਤੁਰ ਜਾਂਦੇ ਨੇ। ਕੋਈ ਬਿਰਧ ਤੁਰ ਜਾਂਦਾ ਹੈ, ਕੋਈ ਜਵਾਨ ਤੁਰ ਜਂਦੇ ਨੇ, ਕਿਉਂਕਿ ਨੇਮ ਨਹੀਂ ਇਹਦੇ ਵਿੱਚ ਕੋਈ -

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥***
***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥***
***ਅੰਗ - ੨੫੪***

ਜਿਹੜਾ ਨਾਲ ਨਹੀਂ ਜਾਂਦਾ, ਫੇਰ ਉਹਦੇ ਨਾਲ ਚਿੱਤ ਕਿਉਂ ਲਾਉਂਦਾ ਹੈਂ? ਫੇਰ ਚਿੱਤ ਲਾਈਏ ਕੀਹਦੇ ਨਾਲ। ਮਹਾਰਾਜ ਕਹਿੰਦੇ ਜਿਹੜਾ ਤੇਰੇ ਨਾਲ ਨਿਭਾ ਦੇਵੇ, ਉਹਦੇ ਨਾਲ ਚਿੱਤ ਲਾ।

***ਨਾਨਕ ਕਚੜਿਆ ਸਿਉ ਤੋੜਿ***
***ਢੂਢਿ ਸਜਣ ਸੰਤ ਪਕਿਆ ॥***
***ਓਇ ਜੀਵੰਦੇ ਵਿਛੁੜਹਿ***
***ਓਇ ਮੁਇਆ ਨ ਜਾਹੀ ਛੋੜਿ ॥ ਅੰਗ - ੧੧੦੨***

ਪੁੱਕਿਆ ਨਾਲ ਜੋੜ ਲੈ, ਜਿਹੜੇ ਇੱਥੇ ਵੀ ਨਿਭਣ ਤੇ ਦਰਗਾਹ ਵਿੱਚ ਵੀ ਨਾਲ ਜਾ ਕੇ ਨਿਭਣ।

ਇਕ ਭਾਈ ਸੀਗਾ, ਸਰਦਾਰਾ ਸਿੰਘ ਸੀਗਾ ਉਹਦਾ ਨਾਉਂ। ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਜੱਥੇ ਵਿੱਚ ਸੀ। ਗੁਰਦਾਸਪੁਰ ਬੀਮਾਰ ਹੋ ਗਿਆ, ਮਹਾਂਪੁਰਸ਼ ਆਏ ਜਦ ਪਤਾ ਲੱਗਿਆ ਕਿ ਉਹ ਤਾਂ ਬਹੁਤ ਤੰਗ ਹੈ, ਤਿਆਰੀਆਂ ਵਿੱਚ ਹੈ। ਉਸ ਵੇਲੇ ਮਹਾਂਪੁਰਸ਼ਾਂ ਨੇ ਕਿਹਾ ਕਿ ਸਰਦਾਰਾ ਸਿੰਘਾਂ! ਕਿਉਂ ਬਈ ਕੀ ਹਾਲ ਚਾਲ ਹੈ? ਕਹਿੰਦਾ ਮਹਾਰਾਜ ਮੈਂ ਤੁਹਾਨੂੰ ਹੀ ਉਡੀਕਦਾ ਸੀ। ਕਹਿੰਦੇ ਕੀ ਗੱਲ? ਕਹਿਣ ਲੱਗੇ, ਸੰਤ ਮਹਾਰਾਜ! ਬਾਬਾ ਅਤਰ ਸਿੰਘ ਜੀ ਮਸਤੂਆਣੇ ਵਾਲੇ ਮੈਂ ਉਨ੍ਹਾਂ ਨਾਲ ਪ੍ਰੇਮ ਕਰਦਾ ਹਾਂ, ਸਾਰੀ ਜ਼ਿੰਦਗੀ ਲੰਘਾਈ। ਉਹ ਮੇਰੇ ਖਿਆਲ 'ਚ ਰਹਿੰਦੇ ਸੀ। ਕਹਿੰਦਾ ਹੁਣ ਉਹ ਮੇਰੇ ਸਾਮ੍ਹਣੇ ਨੇ, ਕਹਿੰਦੇ ਭਾਈ ਹੁਕਮ ਹੋ ਗਿਆ, ਹੁਣ ਆ ਆਪਾਂ ਚੱਲੀਏ। ਸੰਭਾਲ ਲਿਆ ਨਾ ਸੰਤਾਂ ਨੇ।

ਧਮੋਟ ਪਿੰਡ ਇਕ ਲਾਲਾ ਅਮਰਨਾਥ ਸੀ, ਉਹ ਬੀਮਾਰ ਹੋ ਗਿਆ, ਚੜ੍ਹਾਈ ਕਰ ਗਿਆ, ਥੱਲੇ ਲਾਹ ਲਿਆ, ਉਸ ਵੇਲੇ ਬਹੁਤ ਰੌਲਾ-ਗੌਲਾ ਮਚ ਗਿਆ, ਨੱਠ-ਭੱਜ ਹੋ ਗਈ ਤੇ ਜਮਦੂਤਾਂ ਨੇ ਫੜ ਲਿਆ। ਹਰ ਬੰਦਾ ਜਦ ਔਖ 'ਚ ਹੁੰਦਾ ਹੈ, ਜਿਹੜਾ ਵੀ ਉਹਦੇ ਯਾਦ ਆਉਂਦਾ ਹੈ, ਜਿਹਦੇ ਉੱਤੇ ਉਹਦਾ ਵਿਸ਼ਵਾਸ਼ ਹੁੰਦਾ ਹੈ, ਉਹਨੂੰ ਧਿਆਉਂਦਾ ਹੈ। ਮੈਨੂੰ ਦਸਦਾ ਸੀ ਕਿ ਮੈਂ ਜਿਹੜੇ ਲੰਘ ਚੁੱਕੇ ਨੇ ਮਹਾਂਪੁਰਸ਼ ਉਹਨਾਂ ਦਾ ਧਿਆਨ ਧਰਿਆਂ, ਸ੍ਰੀ ਰਾਮ ਚੰਦਰ ਜੀ ਦੇ ਕੋਲ ਵੀ ਬੇਨਤੀ ਕਰੀ, ਕ੍ਰਿਸ਼ਨ ਮਹਾਰਾਜ ਜੀ ਨੂੰ ਵੀ ਮਨਾਇਆ, ਹੋਰ ਵੀ ਮੇਰੇ ਜਿਹੜੇ ਯਾਦ ਸੀ ਸਾਰਿਆਂ ਨੂੰ ਕਿਹਾ। ਉਹਦੇ ਸਹੁਰੇ ਸੀ ਘਣਗਸੀ, ਕਹਿੰਦਾ ਜਦ ਮੈਂ ਜਾਂਦਾ ਹੁੰਦਾ, ਕੁਦਰਤੀ ਮਹਾਰਾਜ ਜੀ ਦੀ ਕੁਰਸੀ ਲੱਗੀ ਹੁੰਦੀ ਤੇ ਮੈਂ ਨਮਸ਼ਕਾਰ ਕਰਨੀ ਤੇ ਉਨ੍ਹਾਂ ਨੇ ਪੁੱਛਣਾ ਕਿ ਭਾਈ ਧਮੋਟ ਤੋਂ ਆਏ ਓਂ? ਘਣਗਸੀਂ ਜਾਣਾ ਹੈ, ਜਿਹੜੇ ਮੇਰੇ ਸਹੁਰੇ ਸੀ ਉਹ ਇਨ੍ਹਾਂ ਦੇ ਪ੍ਰੇਮੀ ਸੀ ਇਸ ਕਰਕੇ ਉਹ ਮੇਰੇ ਨਾਲ ਬਚਨ ਕਰ ਲੈਂਦੇ ਸੀ। ਕਹਿੰਦਾ, ਮੈਂ ਕਿਹਾ ਮਹਾਰਾਜ, ਹੋਰ ਤਾਂ ਕੋਈ ਨਹੀਂ ਰਿਹਾ, ਤੁਸੀਂ ਰਹਿ ਗਏ, ਹੁਣ ਮੇਰੀ ਮਦਦ ਕਰੋ। ਕਹਿੰਦਾ, ਮੈਂ ਹੈਰਾਨ ਰਹਿ ਗਿਆ, ਮਹਾਰਾਜ ਨੇ ਆ ਕੇ ਮੇਰੀ ਦੂਜੀ ਬਾਂਹ ਫੜ ਲਈ। ਕਹਿੰਦੇ ਇਹਦੇ ਤਾਂ ਅਜੇ ਛੇ-ਸੱਤ ਸਾਲ ਰਹਿੰਦੇ ਨੇ, ਤੁਸੀਂ ਗਲਤੀ ਨਾਲ ਲਈ ਜਾਂਦੇ ਓਂ, ਛੱਡੋ ਇਹਨੂੰ। ਕਹਿੰਦਾ ਮੈਨੂੰ ਜਮਦੂਤ ਤਾਂ ਛੱਡ ਕੇ ਉਸੇ ਵੇਲੇ ਪਾਸੇ ਹੋ ਗਏ, ਅਜੇ ਮੈਨੂੰ ਹੋਸ਼ ਨਹੀਂ ਸੀ ਆਈ, ਮੈਂ ਕਿਹਾ ਮਹਾਰਾਜ! ਜੇ ਮੈਂ ਜੀਉਂਦਾ ਹੋ ਗਿਆ, ਜਿਹੜਾ ਮੇਰਾ ਬਾਗ ਹੈ ੨੫ ਵਿੱਘੇ ਦਾ, ਉਹ ਮੈਂ ਤੁਹਾਡੇ ਚਰਨਾਂ 'ਚ ਭੇਟਾ ਕਰਾਂਗਾ। ਸਾਡੇ ਖੂਹ ਦੇ ਨਾਲ ਕਿਨਾਰਾ ਉਹਦਾ ਲਗਦਾ ਸੀ। ਜਦੋਂ ਉਹ ਹੋਸ਼ ਆ ਗਿਆ, ਸਾਰੇ ਟੱਬਰ ਨੇ ਖੁਸ਼ੀਆਂ ਮਨਾਈਆਂ। ਘਰਵਾਲੀ ਆਈ, ਉਹਨੇ ਕਿਹਾ ਮੈਂ ਤਾਂ ਮਹਾਰਾਜ ਜੀ ਨੂੰ ਬਾਗ ਭੇਟਾ ਕਰ ਦਿੱਤਾ, ਹੁਣ ਮੈਨੂੰ ਝੂਠਾ ਨਾ ਪਾਉਣਾ। ਉਹ ਕਹਿੰਦੀ, ਸਾਨੂੰ ਤੇਰੀ ਲੋੜ ਹੈ ਬਾਗਾਂ ਦੀ ਲੋੜ ਨਹੀਂ। ਸਵਾ ਮਹੀਨਾ ਹੋ ਗਿਆ, ਤੁਰਨ ਫਿਰਨ ਲਗ ਗਿਆ, ਮਹਾਰਾਜ ਜੀ ਦੇ ਕੋਲ ਗਿਆਂ, ਸਾਰੀ ਵਾਰਤਾ ਦੱਸੀ, ਕਹਿੰਦੇ ਛੋਟੇ ਸੰਤਾਂ ਕੋਲ ਚਲਿਆ ਜਾਹ। ਉਥੇ ਗਿਆ ਤਾਂ ਮਹਾਰਾਜ ਕਹਿਣ ਲੱਗੇ, ਭਾਈ ਅਸੀਂ ਖੇਤੀ ਕਰਨ ਤਾਂ ਨਹੀਂ ਜਾਣਾ ਤੇਰੇ ਬਾਗ ਦੀ। ਪਰ ਇਹ ਹੈ ਕਿ ਇਹਨੂੰ ਵੇਚ ਕੇ ਇੱਥੇ ਪੈਸਾ ਲਾ ਦੇਵਾਂਗੇ। ਪਰ ਮੁੱਲ ਅਸੀਂ ਪਾਵਾਂਗੇ। ਦਿਵਾਉਣਾ ਤੂੰ ਹੈ। ਛੋਟੇ ਮਹਾਰਾਜ ਕਹਿਣ ਲੱਗੇ ਕਿ ਲਾਲਾ ਅਮਰਨਾਥ! ੨੫ ਵਿੱਘੇ, ਸੌ ਰੁਪਿਆ ਵਿੱਘਾ। ੨੫੦੦ ਰੁਪਿਆ ਦੇ ਦਿੱਤਾ। ਉਹ ੨੫੦੦ ਰੁਪਿਆ ਜਮ੍ਹਾਂ ਕਰਾ ਗਿਆ। ਜਿਹੜਾ ਮਹਾਰਾਜ ਜੀ ਦਾ ਆਪਣਾ ਕਮਰਾ ਸੀ, ਉਹਦੇ ਮੂਹਰੇ ਛੋਟਾ ਜਿਹਾ ਪੱਥਰ ਲਾ ਦਿੱਤਾ, ਇਹਦੀ ਸੇਵਾ ਧਮੋਟ ਦੇ ਲਾਲਾ ਅਮਰਨਾਥ ਨੇ ਕਰਾਈ ਹੈ, ਹੋਰ ਕਿਸੇ ਦਾ ਉਥੇ ਪੱਥਰ ਹੀ ਨਹੀਂ ਸੀ ਲੱਗਾ। ਚਾਹੇ ਲੱਖਾਂ ਦੀ ਸੇਵਾ ਕਰਾਈ ਹੈ, ਚਾਹੇ ਕਿੰਨੀ ਹੀ ਕਰਾਈ ਹੈ, ਉਹਨੇ ਮੈਨੂੰ ਦੱਸੀਆਂ ਇਹ ਸਾਰੀਆਂ ਗੱਲਾਂ। ਕੁਦਰਤੀ ਮੇਰੀ ਬੱਸ ਲੰਘ ਗਈ ਸੀ, ਟਾਹਲੀ ਕੋਲ ਮੈਂ ਖੜ੍ਹਾ ਸੀ, ਉਥੇ ਉਹਦਾ ਮੰਜਾ ਸੀਗਾ, ਮੰਜੇ 'ਤੇ ਪਿਆ ਸੀ। ਰੋ-ਰੋ ਕੇ ਦੱਸੇ।

ਸੋ ਗੁਰੂ ਮਹਾਰਾਜ ਕਹਿੰਦੇ ਨੇ ਕਿ ਦੋ ਨੇ, ਇੱਕ ਤਾਂ ਤੇਰੇ ਨਾਲ ਨਹੀਂ ਜਾਣ ਵਾਲੇ, ਇੱਕ ਤੇਰੇ ਨਾਲ ਨਿਭਣ ਵਾਲੇ ਨੇ। ਜਿਹੜੇ ਤਾਂ ਕੁਟੰਬ ਦੇ ਮੈਂਬਰ ਨੇ, ਜਿਨ੍ਹਾਂ ਪਿਛੇ ਤੂੰ ਦਿਨ ਰਾਤ ਖਪਦਾ ਹੈਂ। ਲੋਕਾਂ ਨਾਲ ਲੜਦਾ ਹੈਂ, ਝਗੜੇ ਕਰਦਾ ਹੈਂ। ਮਾੜੇ ਕੰਮ ਕਰਦਾ ਹੈਂ, ਧੋਖੇ ਕਰਦਾ ਹੈ, ਬੇਈਮਾਨੀਆਂ ਕਰਦਾ ਹੈਂ, ਮੁਕੱਦਮੇਬਾਜ਼ੀਆਂ ਕਰਦਾ ਹੈਂ ਕਿ ਮੇਰੇ ਪੁੱਤ ਧੀ ਖਾਣਗੇ ਇਹਨੂੰ। ਮੇਰੇ ਬਾਲ-ਬੱਚੇ ਖਾਣਗੇ। ਮਹਾਰਾਜ ਕਹਿੰਦੇ, ਪਰ ਉਨ੍ਹਾਂ ਵਿਚੋਂ ਕਿਸੇ ਨੇ ਤੇਰੇ ਨਾਲ ਨਿਭਣਾ ਨਹੀਂ ਹੈ। ਉਹਨਾਂ ਨਾਲ ਤੂੰ ਚਿੱਤ ਲਾਈਂ ਫਿਰਦਾ ਹੈ, ਜਿਨ੍ਹਾਂ ਨੇ ਨਿਭਣਾ ਹੈ ਉਹ ਦੇਖ ਕੋਈ ਹੈ ਜਿਹੜਾ ਨਿਭ ਜਾਏਗਾ।

ਜਦੋਂ ਅੰਤ ਸਮਾਂ ਸਰਦਾਰਾ ਸਿੰਘ ਦਾ ਆਇਆ ਲੈਣ ਆਏ ਨਾ। ਸੰਤ ਆਏ ਜਿਨ੍ਹਾਂ ਨਾਲ ਪਿਆਰ ਕਰਦਾ ਸੀ, ਸੰਤ ਬਾਬਾ ਅਤਰ ਸਿੰਘ ਜੀ ਨਾਲ। ਇੱਕ ਹੋਰ ਸਿੰਘ ਸੀ ਉਨ੍ਹਾਂ ਦਾ, ਉਹਦੇ

ਬਾਰੇ ਵੀ ਲਿਖਿਆ ਹੈ ਉਨ੍ਹਾਂ ਦੀ ਪੁਸਤਕ ਵਿੱਚ, ਕਹਿੰਦੇ ਜਦ ਅਸੀਂ ਉਹਦਾ ਹਾਲ ਚਾਲ ਪੁੱਛਣ ਗਏ, ਜਦ ਪੁੱਛਿਆ ਕਿ ਕਿਵੇਂ ਹੈਂ? ਕਹਿੰਦਾ, ਪੰਜ ਪਿਆਰੇ ਆਏ ਹੋਏ ਨੇ, ਮੈਨੂੰ ਲੈ ਕੇ ਜਾ ਰਹੇ ਨੇ। ਜਿਨ੍ਹਾਂ ਨੇ ਜ਼ਿੰਦਗੀ ਜਿਹਦੇ ਨਵਿਰਤ ਗੁਜ਼ਾਰੀ ਹੈ ਉਨ੍ਹਾਂ ਦਾ ਫਰਜ਼ ਬਣ ਜਾਂਦਾ ਹੈ ਉਹਨੂੰ ਲੈਣਾ। ਇਹ ਨਹੀਂ ਹੈ ਕਿ ਸਾਨੂੰ ਛੱਡ ਜਾਣਗੇ ਕਿ ਜਮਦੂਤ ਲੈ ਜਾਣ। ਉਨ੍ਹਾ ਦਾ ਬਿਰਧ ਹੈ, ਲਾਜ ਰੱਖਣਾ ਉਨ੍ਹਾਂ ਦਾ ਬਿਰਧ ਹੈ ਕਿ ਇਹ ਸਾਡਾ ਬੰਦਾ ਹੋ ਗਿਆ। ਇਹਨੂੰ ਹੁਣ ਅਸੀਂ ਲੈਣਾ ਹੈ, ਇਹਨੇ ਸਾਨੂੰ ਪਿਆਰ ਕਰਿਆ ਹੈ ਬਾਕੀ ਸਾਰੇ ਸੰਸਾਰ ਨੂੰ ਪਿੱਠ ਦੇ ਕੇ। ਉਹ ਆਪਣਾ ਫਰਜ਼ ਨਹੀਂ ਭੁੱਲਦੇ ਕਦੇ ਵੀ। ਸੋ ਮਹਾਰਾਜ ਕਹਿੰਦੇ, ਦੇਖ ਪਿਆਰਿਆ! ਤੈਨੂੰ ਅਸੀਂ ਬਚਨ ਦਿੰਦੇ ਹਾਂ –

***ਏਹੁ ਕੁਟੰਬੁ ਤੂ ਜਿ ਦੇਖਦਾ***
***ਚਲੈ ਨਾਹੀ ਤੇਰੈ ਨਾਲੇ ॥ ਅੰਗ – ੯੧੮***

ਇੱਕ ਨੇ ਵੀ ਤੇਰੇ ਨਾਲ ਨਹੀਂ ਜਾਣਾ। ਵੱਧ ਤੋਂ ਵੱਧ ਜਿਹੜਾ ਉਨ੍ਹਾਂ ਨੇ ਜਾਣਾ ਹੈ, ਮੜ੍ਹੀਆਂ ਤੱਕ, ਸ਼ਮਸ਼ਾਨ ਭੂਮੀ ਤੱਕ, ਇੱਕ ਡੱਕਾ ਸੁੱਟ ਕੇ ਮੁੜ ਆਉਣਾ ਹੈ। ਫੇਰ ਜੇ ਤਾਂ ਤੂੰ ਹੈਗਾ ੬੦ ਕੁ ਸਾਲ ਤੋਂ ਉੱਤੇ ਫੇਰ ਉਹ ਸਭ ਗੱਲਾਂ ਭੁੱਲ ਜਾਣੀਆਂ ਨੇ। ਕਹਿੰਦੇ ਜਲੇਬੀਆਂ ਬਣਾ, ਬਰਫੀਆਂ ਬਣਾਂ, ਲੱਡੂ ਬਣਾ, ਬੂਰਾ ਚੱਲਿਆ ਹੈ, ਜਲੇਬੀਆਂ ਖਲਾਉਣ ਲਗ ਜਾਂਦੇ ਨੇ। ਫੇਰ ਸਾਂਝ ਤਾਂ ਹੋਈ ਨਾ ਕੋਈ ਵੀ। ਕਹਿੰਦੇ ਨੇ ਥਾਉਂ ਵਿਹਲਾ ਹੋਇਆ ਚੰਗਾ ਹੋਇਆ। ਕਹਿੰਦੇ ਆਹ ਤੇਰੇ ਕੁਟੰਬ ਦਾ ਹਾਲ ਹੈ। ਮੁੜ ਕੇ ਨਾ ਤੇਰਾ ਕੋਈ ਪਾਠ ਨਾ ਕੋਈ ਪੂਜਾ, ਉਹ ਤਾਂ ਥੋੜ੍ਹੇ ਲਾਇਕ ਬੱਚੇ ਨੇ ਜਿਹੜੇ ਮਾਂ-ਬਾਪ ਦੇ ਵਾਸਤੇ ਪੁੰਨ ਦਾਨ ਕਰਦੇ ਹੀ ਰਹਿੰਦੇ ਨੇ ਕਿ ਕਿਤੇ ਉਨ੍ਹਾਂ ਨੂੰ ਅਗਾਹਾਂ ਦੇ ਲੋਕ ਵਿੱਚ ਤਕਲੀਫ ਨਾ ਹੋਵੇ। ਉਨ੍ਹਾਂ ਦੇ ਨਵਿਰਤ ਪਾਠ ਕਰਾ ਦੇਈਏ। ਉਨ੍ਹਾਂ ਦੇ ਨਵਿਰਤ ਨਾਮ ਜਪ ਲਈਏ, ਉਨ੍ਹਾਂ ਦੇ ਨਵਿਰਤ ਅਰਦਾਸ ਕਰ ਦੇਈਏ। ਉਹ ਤਾਂ ਸਰਵਣ ਬੱਚੇ ਥੋੜ੍ਹੇ ਹੀ ਨੇ। ਬਾਕੀ ਤਾਂ ਕਦੇ ਕੋਈ ਨਾਉਂ ਹੀ ਨਹੀਂ ਲੈਂਦੇ। ਉਹ ਵਿਚਾਰਾ ਮਰ ਗਿਆ ਕਰਦਾ-ਕਰਦਾ, ਇਨ੍ਹਾਂ ਨੇ ਧਿਆਨ ਹੀ ਨਹੀਂ ਦਿੱਤਾ। ਪੋਤਾ ਅਜੇ ਪੈਦਾ ਨਹੀਂ ਸੀ ਹੋਇਆ, ਪੋਤੇ ਨੂੰ ਪੁੱਛੋ ਤੇਰੇ ਬਾਬੇ ਦਾ ਨਾਉਂ ਕੀ ਹੈ, ਕਹੇਗਾ ਮੇਰੇ ਤਾਂ ਯਾਦ ਨਹੀਂ। ਬਾਬਾ ਜ਼ਮੀਨਾਂ ਖਰੀਦਦਾ, ਬੇਈਮਾਨੀਆਂ ਕਰਦਾ ਮਰ ਗਿਆ ਕਿ ਇਹ ਪੋਤੇ ਖਾਣਗੇ। ਆਹ ਰਿਸ਼ਤਾ ਹੈ। ਮਹਾਰਾਜ ਕਹਿੰਦੇ, ਤੇਰੇ ਨਾਲ ਧੋਖਾ ਹੋ ਰਿਹਾ ਹੈ।

***ਸਾਥਿ ਤੇਰੈ ਚਲੈ ਨਾਹੀ***
***ਤਿਸੁ ਨਾਲਿ ਕਿਉ ਚਿਤੁ ਲਾਈਐ ॥ ਅੰਗ – ੯੧੮***

ਫੇਰ ਉਹਦੇ ਨਾਲ ਕਾਹਦਾ ਚਿੱਤ ਲਾਉਣਾ, ਉਹ ਜਿਹੜਾ ਕੰਮ ਤੂੰ ਕੀਤਾ ਹੈ ਨਾ ਉਹਦੇ ਲਈ ਤੈਨੂੰ ਪਛਤਾਉਣਾ ਪੈਣਾ ਹੈ-

***ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥***
***ਅੰਗ – ੯੧੮***

ਤਾਂ ਫੇਰ ਨਾਲ ਜਾਣ ਵਾਲੀ ਕਿਹੜੀ ਚੀਜ਼ ਹੈ? ਮਹਾਰਾਜ ਕਹਿੰਦੇ ਤੇਰੇ ਨਾਲ ਜਾਏਗਾ ਗੁਰੂ ਦਾ ਉਪਦੇਸ਼। ਗੁਰੂ ਦੀ ਬਾਣੀ ਨੇ ਤੇਰੇ ਨਾਲ ਜਾਣਾ ਹੈ, ਨਾਮ ਨੇ ਤੇਰੇ ਨਾਲ ਜਾਣਾ ਹੈ। ਜਿੱਥੇ ਹੱਦ ਤੋਂ ਜ਼ਿਆਦਾ ਤੂੰ ਔਖਾ ਹੋ ਜਾਏਂਗਾ ਨਾ, ਜਿੱਥੇ ਕਿਸੇ ਦਾ ਹੱਥ ਨਹੀਂ ਪਹੁੰਚਣਾ, ਜਿੱਥੇ ਕਿਸੇ ਨੇ ਆਉਣਾ ਨਹੀਂ, ਤੇਰੀ ਪੁਕਾਰ ਹੇਠਲਿਆਂ ਕੋਲ ਨਹੀਂ ਆਉਣੀ, ਇਨ੍ਹਾ ਦਾ ਵਸ ਤੈਨੂੰ ਸੁਖੀ ਕਰਨ 'ਚ ਨਹੀਂ ਚੱਲਣਾ। ਫੇਰ ਉਥੇ ਤੇਰੀ ਕੋਈ ਚੀਜ਼ ਜੇ ਮਦਦ ਕਰ ਸਕਦੀ ਹੈ ਤਾਂ ਪਿਆਰਿਆ! ਉਹ ਗੱਠ ਬੰਨ੍ਹ ਲੈ –

***ਧਾਰਨਾ – ਤੇਰੀ ਨਾਮ ਨੇ ਸਹਾਇਤਾ ਕਰਨੀ***
***ਔਖੀ ਵੇਲਾ- ਔਖੀ ਵੇਲਾ।***

ਗੁਰੂ ਦਾ ਉਪਦੇਸ਼ ਜਿਹੜਾ ਹੈ ਨਾਮ ਰੂਪੀ, ਇਹ ਸਹਾਇਤਾ ਕਰਦਾ ਹੈ। ਕਹਿੰਦੇ ਕਿੰਨੀ ਕੁ ਸਹਾਇਤਾ ਕਰਦਾ ਹੈ? ਅੰਤ ਦਾ ਸਮਾਂ ਆ ਜਾਵੇ, ਜ਼ਿੰਦਗੀ ਭਰ ਭੁੱਲਿਆ ਰਿਹਾ, ਪਰ ਅੰਤ ਦੇ ਸਮੇਂ ਉਹਦੇ ਯਾਦ ਆ ਜਾਵੇ ਵਾਹਿਗੁਰੂ। ਵਾਹਿਗੁਰੂ ਦੀ ਹੋਂਦ ਯਾਦ ਆ ਜਾਵੇ, ਗੁਰੂ ਨਾਨਕ ਯਾਦ ਆ ਜਾਵੇ। ਹੋਏਗਾ ਕੀ? ਜਮਦੂਤ ਦੀ ਤਾਕਤ ਨਹੀਂ ਕਿ ਨੇੜੇ ਆ ਜਾਵੇ।

***ਅਜਾਮਲ ਕਉ ਅੰਤ ਕਾਲ ਮਹਿ***
***ਨਾਰਾਇਨ ਸੁਧਿ ਆਈ ॥***
***ਜਾਂ ਗਤਿ ਕਉ ਜੋਗੀਸੁਰ ਬਾਛਤ***
***ਸੋ ਗਤਿ ਛਿਨ ਮਹਿ ਪਾਈ ॥ ਅੰਗ – ੯੦੨***

ਸਾਰੀ ਜ਼ਿੰਦਗੀ ਪਾਪਾਂ 'ਚ ਲੰਘ ਗਈ, ਅੰਤ ਵੇਲੇ ਪ੍ਰਮੇਸ਼ਰ ਦਾ ਧਿਆਨ ਆ ਗਿਆ। ਐਡੀ ਸਹਾਇਤਾ ਕਰਦਾ ਹੈ ਨਾਮ, ਨਾਮ ਸੁਣ ਕੇ ਜਮਦੂਤ ਨੱਠ ਜਾਂਦੇ ਨੇ, ਨੇੜੇ ਨਹੀਂ ਆਉਂਦੇ, ਜੀਵ ਨੂੰ ਹੀ ਛੱਡ ਜਾਂਦੇ ਨੇ, ਜਾ ਕੇ ਕਹਿ ਦਿੰਦੇ ਨੇ ਮਹਾਰਾਜ! ਮੈਂ ਤਾਂ ਗਿਆ ਨਹੀਂ। ਕਹਿੰਦੇ ਕਿਉਂ? ਕਹਿੰਦਾ ਹੈ ਕਿ ਉਥੇ ਤਾਂ ਸਾਧੂਆਂ ਦੀ ਸੰਗਤ ਹੋ ਰਹੀ ਸੀ ਤੇ ਤੁਹਾਡਾ ਸਾਨੂੰ ਹੁਕਮ ਹੈ –

***ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥***
***ਣਾ ਹਉ ਣਾ ਤੂੰ ਣਹ ਛੁਟਹਿ***
***ਨਿਕਟਿ ਨ ਜਾਈਅਹੁ ਦੂਤ ॥੧॥ ਅੰਗ – ੨੫੬***

ਤੁਹਾਡਾ ਸਖਤ ਹੁਕਮ ਹੈ ਜਿੱਥੇ ਸਾਧੂ ਕੀਰਤਨ ਕਰਦੇ ਹੋਣ, ਨਾਮ ਜਪਦੇ ਹੋਣ, ਉਥੇ ਅਸੀਂ ਨਹੀਂ ਜਾਣਾ ਕਿਉਂਕਿ ਤੁਸੀਂ ਵੀ ਸਾਡੇ ਜਾਣ ਨਾਲ ਫਸ ਜਾਓਂਗੇ। ਦੂਜਾ ਮਹਾਰਾਜ ਉਥੇ ਸੇਕ ਐਨਾ ਆਉਂਦਾ ਹੈ, ਅਸੀਂ ਸਹਿ ਨਹੀਂ ਸਕਦੇ, ਝੱਲ ਨਹੀਂ ਸਕਦੇ। ਉਸ ਮੰਡਲ 'ਚ ਅਸੀਂ ਜਾ ਨਹੀਂ ਸਕਦੇ।

ਇੱਕ ਮਹਾਤਮਾ ਸੀ ਅਨੰਦਮਈ ਮਾਂ, ਬੰਗਾਲ ਦੀ ਸੀ ਉਹ। ਕੁਦਰਤੀ ਸੀ ਐਸਾ, ਸੀ ਤਾਂ ਬੀਬੀ ਤਪ ਕੋਈ ਨਹੀਂ ਸੀ ਉਹਨੇ ਕਰਿਆ, ਲੋਕ ਤਾਂ ਇਹ ਕਹਿੰਦੇ ਨੇ ਕਿ ਉਹਦੇ ਅੰਦਰ ਬਹੁਤ ਵੱਡੀ ਰੂਹ ਪ੍ਰਵੇਸ਼ ਕਰ ਗਈ ਸੀ, ਸਾਰੀ ਜ਼ਿੰਦਗੀ ਉਸ ਦੇ ਸਰੀਰ 'ਚ ਰਹੀ। ਇਹ ਗੱਲ ਬਿਲਕੁਲ ਠੀਕ ਹੈ। ਸਰੀਰ ਕਿਸੇ ਹੋਰ ਦਾ ਹੁੰਦਾ ਹੈ, ਕੰਮ ਕਰਨ ਵਾਲਾ ਕੋਈ ਹੋਰ ਹੁੰਦਾ ਹੈ। ਵਿਰਲਿਆਂ-ਵਿਰਲਿਆਂ ਨੂੰ ਪਤਾ ਲਗ ਜਾਂਦਾ ਹੈ, ਜਿਹਦਾ ਸਰੀਰ ਹੁੰਦਾ ਹੈ ਉਹਨੂੰ ਵੀ ਪਤਾ ਲਗ ਜਾਂਦਾ ਹੈ ਕਿ ਇਹ ਤਾਂ ਹੋਰ ਕਰ ਰਿਹਾ ਹੈ ਕੰਮ, ਮੈਂ ਨਹੀਂ ਕਰ ਰਿਹਾ। ਉਹਦਾ ਵੀ ਐਸਾ ਹੀ ਹੋਇਆ ਸੀ। ਅਚਾਨਕ ਉਹਨੂੰ ਭਾਵ ਆਇਆ ਤੇ ਇੱਕ ਦਮ ਕਪਾਟ ਖੁੱਲ੍ਹ ਗਏ ਉਹਦੇ। ਐਸੇ ਬਚਨ ਹੋਏ ਕਿ ਸਾਰਾ ਭਾਰਤ ਵਰਸ਼ ਉਹਦੇ ਬਚਨਾਂ ਨੂੰ ਵੱਡੇ ਛੋਟੇ ਪ੍ਰੈਜ਼ੀਡੈਂਟ ਸਭ ਮੰਨਦੇ ਸੀ।

ਉਹ ਇੱਥੇ ਕਿਤੇ ਆਈ ਹੋਈ ਸੀ, ਇੱਕ ਸੇਠ ਨੇ ਉਸਦੀ ਬੜੀ ਸੇਵਾ ਕੀਤੀ। ਪੰਜ ਸਾਲ ਦਾ ਬੱਚਾ ਉਹਦਾ ਦੌੜਿਆ ਫਿਰਦਾ ਹੈ, ਕਈ ਵਾਰੀ ਮਾਤਾ ਜੀ ਦੇ ਪਲੰਘ ਨਾਲ ਆ ਕੇ, ਬਾਂਹੀ ਫੜ ਲੈਂਦਾ ਹੈ। ਕਦੇ ਕੁਛ ਕਰਦਾ ਹੈ ਕਦੇ ਕੁਛ। ਉਹ ਹਰ ਵਕਤ ਉਹਨੂੰ ਮੁਸਕਰਾਹਟ ਦੇ ਕੇ ਮੋੜ ਦਿੰਦੇ ਨੇ। ਕਹਿੰਦੇ, ਕੀਹਦਾ ਲੜਕਾ ਹੈ। ਸੇਠ ਕਹਿਣ ਲੱਗਿਆ, ਮਹਾਰਾਜ! ਆਪ ਦਾ ਦਿੱਤਾ ਹੋਇਆ

ਹੈ। ਕਹਿੰਦੇ ਤੁਹਾਡਾ ਹੈ ਕਿ ਮੇਰਾ? ਐਨਾ ਕਹਿ ਕੇ ਗੰਭੀਰ ਹੋ ਗਏ। ਸੇਠ ਸਿਆਣਾ ਸੀ ਕਹਿਣ ਲੱਗੇ ਮਾਤਾ ਜੀ! ਕੋਈ ਗੱਲ ਹੈ? ਪਹਿਲਾਂ ਤਾਂ ਉਹ ਦੱਸਣ ਹੀ ਨਾ। ਕਿਉਂਕਿ -

***ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥***
***ਅੰਗ - ੧੩੮੪***

ਰੱਬ ਦੇ ਨੇੜੇ ਹੁੰਦੇ ਨੇ ਅਣਜਾਣ ਬਣੇ ਰਹਿੰਦੇ ਨੇ। ਕਿਉਂਕਿ ਜੇ ਭੇਦ ਦੇਣ ਲਗ ਜਾਣ, ਦੁਨੀਆਂ ਹੀ ਨਹੀਂ ਛੱਡਦੀ। ਦੁਨੀਆਂ ਤਾਂ ਕਾਹਲੀ ਪੈ ਜਾਂਦੀ ਹੈ ਮਹਾਂਪੁਰਸ਼ਾਂ ਕੋਲ ਆ ਕੇ, ਕੋਈ ਕੁਛ ਮੰਗਦਾ ਹੈ, ਕੋਈ ਕੁਛ, ਕੋਈ ਕਿ ਸਾਡੇ ਹੁਣੇ ਪੁੱਤਰ ਹੋ ਜਾਵੇ, ਨਾ ਕੋਈ ਸੇਵਾ ਨਾ ਭਜਨ। ਇੱਕ ਦਮ ਚੀਜ਼ ਮਿਲ ਜਾਵੇ ਸਾਨੂੰ। ਮਹਾਤਮਾ ਭੇਤ ਦਿੰਦੇ ਨੇ ਕਿ ਕੋਈ ਬਹੁਤ ਹੀ deservation ਕੇਸ ਹੋਵੇ, ਫੇਰ ਜਾ ਕੇ ਪ੍ਰਮੇਸ਼ਰ ਨੂੰ ਵੀ ਕਹਿ ਦਿੰਦੇ ਨੇ। ਮਾਤਾ ਜੀ ਨੂੰ ਜਦੋਂ ਪੰਜ-ਸੱਤ ਵਾਰੀ ਪੁੱਛਿਆ। ਸੇਠ ਸੇਵਾ ਬਹੁਤ ਕਰਦਾ ਸੀ, ਮਾਤਾ ਜੀ ਕਹਿਣ ਲੱਗੇ, ਸੇਠ ਜੀ! ਕੀ ਦੱਸੀਏ, ਅੱਜ ਰਾਤ ਦੇ ਦੋ ਵਜੇ ਇਹਨੇ ਚੜ੍ਹਾਈ ਕਰ ਜਾਣਾ ਹੈ। ਬਹੁਤ ਚਿੰਤਾਤੁਰ ਹੋਇਆ, ਚਰਨ ਫੜ ਲਏ, ਕਹਿਣ ਲੱਗਿਆ ਮਹਾਰਾਜ! ਕ੍ਰਿਪਾ ਕਰੋ। ਸੇਵਾ ਸੀ ਕਰਦਾ।

ਉਸ ਵੇਲੇ ਮਾਤਾ ਜੀ ਨੇ ਸਾਰੇ ਸਾਧੂ ਬੁਲਾਏ, ਕਹਿਣ ਲੱਗੇ, ਅਖੰਡ ਜਾਪ ਸ਼ੁਰੂ ਕਰ ਦਿਓ ਸਾਰੇ। ਬੱਚੇ ਨੂੰ ਵਿਚਾਲੇ ਪਾ ਲਓ ਇੱਕ ਕਮਰੇ 'ਚ। ਉਥੇ ਜਿਹੜੇ ਅਖੰਡਪਾਠ ਸਾਹਿਬ ਦੀ ਡਿਊਟੀ 'ਤੇ ਨੇ, ਅਖੰਡ ਪਾਠ ਸਾਹਿਬ ਦੀ ਡਿਊਟੀ ਹੁੰਦੀ ਹੈ। ਉਹ ਰਾਮ ਦੇ ਨਾਮ ਦਾ ਉਚਾਰਨ ਹੌਲੀ-ਹੌਲੀ ਕਰੀ ਜਾਣ। ਕਹਿੰਦੇ ਦੋ ਵਜੇ ਆਉਣਾ ਹੈ ਧਰਮਰਾਜ ਦੇ ਦੂਤਾਂ ਨੇ, ਉਸ ਵੇਲੇ ਸਾਵਧਾਨ ਹੋ ਕੇ ਉੱਚੀ ਦੇ ਕੇ 'ਨਾਮ' ਉਚਾਰਨ ਕਰਿਓ। ਬਾਕੀਆਂ ਨੂੰ ਜਿਹੜੇ ਵਾਧੂ ਬੰਦੇ ਸੀ ਉਨ੍ਹਾਂ ਨੂੰ ਕਹਿ ਦਿੱਤਾ ਕਿ ਬਾਗ ਵਿੱਚ ਬਹਿ ਜਾਓ। ਜਦ ਅੰਦਰੋਂ ਆਵਾਜ਼ ਆਈ ਤਾਂ ਸਾਰਿਆਂ ਨੇ ਉੱਚੀ ਦੇ ਕੇ ਨਾਮ ਜਪਿਆ। ਇਸੇ ਤਰ੍ਹਾਂ ਹੋਇਆ ਜਿਹੜੇ ਮਹਾਤਮਾ ਦੀ ਡਿਊਟੀ ਸੀ, ਉਹਨੇ ਮੈਨੂੰ ਆਪ ਦੱਸੀ ਇਹ ਗੱਲ ਕਿ ਮੇਰੀ ਡਿਊਟੀ ਸੀ ਦੋ ਵਜੇ। ਦਰਵਾਜ਼ੇ ਵਲ ਸਾਡੀ ਨਿਗ੍ਹਾ ਸੀ। ਦੂਜੇ ਮਹਾਤਮਾ ਦੀ ਦੂਜੇ ਪਾਸੇ। ਚਾਰ ਬੈਠੇ ਸੀ। ਉਹ ਕਹਿੰਦੇ ਮੈਂ ਦੇਖ ਲਿਆ ਕਿ ਇਹਦੇ ਹੱਥ ਵਿੱਚ ਵਹੀ ਵੀ ਹੈ, ਨਾਲ ਦੇ ਨੂੰ ਇਸ਼ਾਰਾ ਕਰ ਰਹੇ ਨੇ ਕਿ ਔਹ ਹੈ ਜਿਹਨੂੰ ਆਪਾਂ ਲੈ ਕੇ ਜਾਣਾ ਹੈ। ਉਸੇ ਵੇਲੇ ਕਹਿੰਦੇ ਮੈਂ ਹਰੀ ਓਮ, ਹਰੀ ਓਮ ਪੂਰੇ ਜ਼ੋਰ ਨਾਲ ਕਹਿਣਾ ਸ਼ੁਰੂ ਕਰ ਦਿੱਤਾ। ਮੇਰੇ ਕਹਿਣ ਦੀ ਦੇਰ ਸੀ, ਸਭ ਨੇ ਉੱਚੀ ਨਾਮ ਜਪਣਾ ਸ਼ੁਰੂ ਕਰ ਦਿੱਤਾ। ਕਹਿੰਦਾ, ਨੱਠੇ ਹੀ ਜਾਂਦੇ ਨੇ ਜਮਦੂਤ, ਬਾਗ ਤੋਂ ਵੀ ਬਾਹਰ ਨਿਕਲ ਗਏ। ਫੇਰ ਕਹਿੰਦੇ ਅਸੀਂ ਦਿਨ ਚੜ੍ਹੇ ਤੱਕ ਨਾਮ ਦੀ ਧੁਨ ਲਾਈ ਰੱਖੀ, ਮਾਤਾ ਜੀ ਨੇ ਕਿਹਾ ਕਿ ਹੁਣ ਬੰਦ ਕਰ ਦਿਓ। ਚਲੇ ਗਏ ਉਹ। ਵੱਡਾ ਹੋ ਗਿਆ ਬੱਚਾ, ਸਾਰਿਆਂ ਨੇ ਦੇਖਿਆ ਜਿਨ੍ਹਾਂ ਨੇ ਸਾਰੇ ਉਸ ਦੀ ਗਵਾਹੀ ਕਰਦੇ ਨੇ ਕਿ ਆਹ ਸੀ ਬੱਚਾ ਉਹ।

ਸੋ ਮਹਾਰਾਜ ਕਹਿੰਦੇ -

***ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥***
***ਣਾ ਹਉ ਣਾ ਤੂੰ ਣਹ ਛੁਟਹਿ***
***ਨਿਕਟਿ ਨ ਜਾਈਅਹੁ ਦੂਤ ॥੧॥ ਅੰਗ - ੨੫੬***

ਜਿਹੜਾ ਨਾਮ ਹੈ ਉਹ ਸਹਾਇਤਾ ਕਰਦਾ ਹੈ ਜਿਥੇ ਨਾਮ ਜਪਦੇ ਨੇ ਜਮਦੂਤ ਨਾ ਉਥੇ ਆਏਗਾ, ਉਥੇ ਦੇਵਤੇ ਆਉਣਗੇ।

***ਹਰਿ ਕੀ ਕਥਾ ਹੋਤ ਹੈ ਜਹਾਂ***
***ਗੰਗਾ ਭੀ ਚਲ ਆਵਤ ਤਹਾਂ।***

ਗੰਗਾ ਵੀ ਆ ਕੇ ਸੰਗਤ 'ਚ ਬਹਿ ਜਾਂਦੀ ਹੈ। ੬੮ ਤੀਰਥਾਂ ਦੇ ਦੇਵਤੇ ਵੀ ਆ ਕੇ ਬਹਿ ਜਾਂਦੇ ਨੇ। ਮਹਾਰਾਜ ਜੀ ਦੇ (ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ) ਫਤਹਿਗੜ੍ਹ ਸਾਹਿਬ ਦੇ ਵਿੱਚ ਤਿੰਨੋ ਮੁੱਖ ਦੇਵਤੇ ਬੈਠੇ ਦੇਖੇ ਨੇ ਪ੍ਰੇਮੀਆਂ ਨੇ। ਮੈਨੂੰ ਓਦੋਂ ਹੀ ਦੀਵਾਨ ਦੀ ਸਮਾਪਤੀ ਤੋਂ ਬਾਅਦ ਪੁੱਛਣ ਲਗ ਗਏ ਕਿ ਤੁਸੀਂ ਉਥੇ ਬੈਠੇ ਸੀ, ਤੁਹਾਡੇ ਸਾਮ੍ਹਣੇ ਉਹ ਸਾਧੂ ਕੌਣ ਆਏ ਸੀਗੇ? ਮੈਂ ਕਿਹਾ ਮੈਨੂੰ ਤਾਂ ਦਿਸੇ ਨਹੀਂ। ਮਹਾਰਾਜ ਜੀ ਨੂੰ ਮੈਂ ਬੇਨਤੀ ਕਰਕੇ ਪੁੱਛਿਆ, ਕਹਿੰਦੇ ਬੱਸ ਖਾਮੋਸ਼ ਹੀ ਰਹੋ।

ਮਹਾਰਾਜ ਜੀ! ਕੁਛ ਤਾਂ ਪਤਾ ਚੱਲੇ?

ਕਹਿੰਦੇ, ਤਿੰਨੋ ਮੁਖੀ ਦੇਵਤੇ ਆਏ ਹੋਏ ਸੀਗੇ ਗੁਰੂ ਅਸਥਾਨ 'ਚ। ਹਰੀ ਦਾ ਜਸ ਉਨ੍ਹਾਂ ਦੇਵ ਲੋਕਾਂ 'ਚ ਹੈ ਨਹੀਂ ਤੇ ਉਹ ਧਰਤੀ 'ਤੇ ਆ ਕੇ ਮਹਾਂਪੁਰਸ਼ਾਂ ਦੀ ਤਲਾਸ਼ ਕਰਦੇ ਨੇ -

***ਧਾਰਨਾ - ਸ਼ਿਵ ਜੀ ਖੋਜਦੇ ਫਿਰਦੇ ਬ੍ਰਹਮਗਿਆਨੀ ਨੂੰ।***
***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥***
***ਅੰਗ - ੨੭੩***

ਬ੍ਰਹਮਗਿਆਨੀ ਤਾਂ ਬਹੁਤ ਵੱਡੀ ਗੱਲ ਹੈ ਜਿੱਥੇ ਬ੍ਰਹਮਗਿਆਨੀ ਨੇ ਬੈਠ ਕੇ ਪ੍ਰਭੂ ਦਾ ਨਾਮ ਜਪਿਆ ਹੋਵੇ, ਉਥੇ ਵੀ ਉਹ ਨਮਸ਼ਕਾਰਾਂ ਕਰਦੇ ਫਿਰਦੇ ਨੇ, ਮੁਖੀ ਦੇਵਤੇ।

ਇੱਕ ਵਾਰੀ ਪਾਰਬਤੀ ਤੇ ਸ਼ਿਵ ਜੀ ਮਹਾਰਾਜ ਐਸ ਭਾਰਤ ਭੂਮੀ ਦਾ ਮਾਰਗ ਚਲਦੇ-ਚਲਦੇ, ਅਧਿਐਨ ਕਰ ਰਹੇ ਨੇ। ਇੱਕ ਐਸੇ ਜੰਗਲ ਵਿੱਚ ਰਹੇ ਜਿੱਥੇ ਥੋੜ੍ਹਾ ਜਿਹਾ ਉੱਚਾ ਥਾਉਂ ਹੈ ਤੇ ਕਾਫੀ ਸੰਘਣੇ ਦਰਖਤ ਖੜ੍ਹੇ ਨੇ। ਕਹਿਣ ਲੱਗੇ, ਪਾਰਬਤੀ ਇੱਥੇ ਠਹਿਰ। ਆਪ ਉਸ ਉੱਚੀ ਢੇਰੀ ਦੇ ਦੁਆਲੇ ਪ੍ਰਕਰਮਾ ਕਰਨ ਲੱਗ ਗਏ, ਉਸ ਤੋਂ ਬਾਅਦ ਬਾਰ-ਬਾਰ ਮਸਤਕ ਲਗਾਉਂਦੇ ਨੇ। ਹੈਰਾਨ ਹੋ ਗਈ ਪਾਰਬਤੀ ਕਿ ਇਹ ਮੁੱਖੀ ਦੇਵ ਨੇ, ਸਾਰੀ ਦੁਨੀਆਂ ਇਨ੍ਹਾਂ ਦੀ ਪੂਜਾ ਕਰਦੀ ਹੈ, ਇਹ ਕਿਸਨੂੰ ਪੂਜਦੇ ਨੇ? ਜਦੋਂ ਆਪਣੀ ਕ੍ਰਿਆ ਸਮਾਪਤ ਕਰ ਹਟੇ ਕਹਿਣ ਲੱਗੀ, ਮਹਾਰਾਜ! ਤੁਹਾਨੂੰ ਤਾਂ ਸਾਰੇ ਸੰਸਾਰ 'ਚ ਮੰਨਦੇ ਨੇ ਤੇ ਤੁਸੀਂ ਕਿਸਨੂੰ ਨਮਸ਼ਕਾਰਾਂ ਕਰਦੇ ਸੀ? ਕਹਿਣ ਲੱਗੇ, ਪਾਰਬਤੀ! ਅਸੀਂ ਜੋ ਦੇਵ ਲੋਕ ਦੇ ਮੁੱਖ ਦੇਵਤੇ ਹਾਂ, ਉਹ ਨਾਮ ਜਪਣ ਵਾਲੇ ਦੀ ਬਰਾਬਰੀ ਨਹੀਂ ਸੀ ਕਰ ਸਕਦੇ। ਉਹ ਸਾਡੇ ਤੋਂ ਬਹੁਤ ਉੱਚੇ ਨੇ। ਉਨ੍ਹਾਂ ਨਾਲ ਪ੍ਰਮੇਸ਼ਰ ਜਿਹੜਾ ਹੈ ਉਹ ਸ਼ਾਖਸ਼ਾਤ ਨਾਲ ਰਹਿੰਦਾ ਹੈ। ਸਾਨੂੰ ਪ੍ਰਮੇਸ਼ਰ ਦਾ ਪਤਾ ਨਹੀਂ ਲਗਦਾ -

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥***
***ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ॥***
***ਓਹੁ ਵੇਖੈ ਓਨਾ ਨਦਰਿ ਨ ਆਵੈ***
***ਬਹੁਤਾ ਏਹੁ ਵਿਡਾਣੁ ॥ ਅੰਗ - ੭***

ਵਾਹਿਗੁਰੂ ਤਾਂ ਉਨ੍ਹਾਂ ਨੂੰ ਦੇਖਦਾ ਹੈ ਆਪਣੇ ਹੁਕਮ ਦੇ ਵਿੱਚ ਚਲਾ ਰਿਹਾ ਹੈ ਨਥ ਪਾ ਕੇ। ਲੇਕਿਨ ਉਨ੍ਹਾਂ ਨੂੰ ਵਾਹਿਗੁਰੂ ਨਹੀਂ ਨਜ਼ਰ ਆਉਂਦਾ। ਜਿਹੜੇ ਮਹਾਤਮਾ ਨੇ, ਸੰਤ ਨੇ ਮਿਲੇ ਹੋਏ ਅਭੇਦ ਅਵਸਥਾ ਦੇ। ਉਨ੍ਹਾਂ ਨੂੰ ਸੰਸਾਰ ਨਹੀਂ ਨਜ਼ਰ ਆਉਂਦਾ। ਜਿਹੜੇ

ਮਹਾਤਮਾ ਨੇ ਸੰਤ ਨੇ ਮਿਲੇ ਹੋਏ, ਅਭੇਦ ਅਵਸਥਾ ਦੇ, ਉਨ੍ਹਾਂ ਨੂੰ ਸੰਸਾਰ ਨਹੀਂ ਨਜ਼ਰ ਆਉਂਦਾ, ਉਲਟਾ ਕੰਮ ਹੈ, ਉਹ ਸੰਸਾਰ ਨੂੰ ਦੇਖਦੇ ਨੇ, ਅਸੀਂ ਵੀ ਸੰਸਾਰ ਨੂੰ ਦੇਖਦੇ ਹਾਂ, ਮਹਾਤਮਾ ਵੀ ਸੰਸਾਰ ਨਜ਼ਰ ਆਉਂਦਾ ਹੈ, ਸੰਸਾਰ ਕਿੱਥੇ ਹੈ। ਇੱਥੇ ਤਾਂ ਸੰਸਾਰ ਨਾਮ ਦੀ ਕੋਈ ਚੀਜ਼ ਨਹੀਂ, ਜੇ ਕੋਈ ਹੈ ਤਾਂ ਐਉਂ ਪੜ੍ਹ ਲਓ-

***ਧਾਰਨਾ - ਤੂੰ ਹੀ, ਤੂੰ ਹੀ ਮੋਹਿਨਾ।***
***ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭***

ਕਹਿਣ ਲੱਗਿਆ, ਸਾਨੂੰ ਨਹੀਂ ਪ੍ਰਮੇਸ਼ਰ ਨਜ਼ਰ ਆਉਂਦਾ।

***ਓਹੁ ਵੇਖੈ ਓਨਾ ਨਦਰਿ ਨ ਆਵੈ***
***ਬਹੁਤਾ ਏਹੁ ਵਿਡਾਣੁ ॥ ਅੰਗ - ੭***

ਪ੍ਰਮੇਸ਼ਰ ਤਾਂ ਸਾਨੂੰ ਦੇਖੀ ਜਾਂਦਾ ਹੈ, ਪਰ ਸਾਨੂੰ ਪ੍ਰਮੇਸ਼ਰ ਨਹੀਂ ਨਜ਼ਰ ਆਉਂਦਾ, ਕਿਉਂਕਿ ਅਸੀਂ ਤਿੰਨ ਗੁਣਾਂ ਦੇ ਵਿੱਚ ਹਾਂ। ਤਿੰਨ ਗੁਣ ਵਿੱਚ ਹੈ ਜਿਹੜਾ ਉਹ ਨੀਂਦ ਦੇ ਵਿੱਚ ਹੈ -

***ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ***
***ਸੁਤਿਆ ਰੈਣਿ ਵਿਹਾਣੀ ॥ ਅੰਗ - ੯੨੦***

ਸੋ ਇਸ ਕਰਕੇ ਇਸ ਥਾਂ ਦੇ ਉੱਤੇ ਪ੍ਰਮੇਸ਼ਰ ਦੇ ਪਿਆਰੇ ਨੇ, ਬੜੀ ਦੇਰ ਤੱਕ ਪਿਆਰ ਵਿੱਚ ਰਹਿ ਕੇ ਆਪਣਾ ਜੀਵਨ ਬਤੀਤ ਕੀਤਾ ਹੈ। ਉਹਦਾ ਫਲ ਇਹ ਹੈ ਕਿ ਇਸ ਧਰਤੀ ਦਾ ਕਣ-ਕਣ ਪਵਿੱਤਰ ਹੋਇਆ ਪਿਆ ਹੈ। ਸੋ ਪਾਰਬਤੀ ਮੈਂ ਤਾਂ ਆਪ ਬ੍ਰਹਮਗਿਆਨੀ ਮਹਾਂਪੁਰਸ਼ਾਂ ਨੂੰ ਟੋਲ੍ਹਦਾ ਫਿਰਦਾ ਹਾਂ। ਇਹ ਮਹਾਂਪੁਰਸ਼ਾਂ ਦਾ ਪਵਿੱਤਰ ਕੀਤਾ ਹੋਇਆ ਥਾਂ ਹੈ। ਸੋ ਇਸ ਕਰਕੇ ਮੈਂ ਬਾਰ-ਬਾਰ ਨਮਸ਼ਕਾਰਾਂ ਕਰਦਾ ਹਾਂ। ਸੋ ਨਾਮ ਦੀ ਮਹਿਮਾ ਬਹੁਤ ਉੱਚੀ ਹੈ। ਮਹਾਰਾਜ ਕਹਿੰਦੇ ਜਿੱਥੇ ਤੇਰੀ ਕਿਸੇ ਨੇ ਸਹਾਇਤਾ ਨਹੀਂ ਨਾ ਕਰਨੀ, ਉਥੇ ਨਾਮ ਨੇ ਸਹਾਇਤਾ ਕਰਨੀ ਹੈ -

***ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥***
***ਜਹ ਮਹਾ ਭਇਆਨ ਦੂਤ ਜਮ ਦਲੈ ॥***
***ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥***
***ਜਹ ਮੁਸਕਲ ਹੋਵੈ ਅਤਿ ਭਾਰੀ ॥***
***ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥***
***ਅੰਗ - ੨੬੪***

ਨਾਮ ਨੇ ਤੇਰਾ ਉਧਾਰ ਕਰ ਦੇਣਾ ਹੈ -

***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥***
***ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥***
***ਜਿਹ ਪੈਡੈ ਮਹਾ ਅੰਧ ਗੁਬਾਰਾ ॥ ਅੰਗ - ੨੬੪***

ਐਸਾ ਵਾਹ ਪੈਣਾ ਹੈ ਸਾਡਾ ਅੰਧ ਗੁਬਾਰ ਨਾਲ; ਜੇ ਨਾਮ ਜਪਿਆ ਹੋਏਗਾ ਫੇਰ ਤਾਂ ਪ੍ਰਕਾਸ਼ ਹੈ। ਜੇ ਨਾਮ ਹਰੀ ਨਹੀਂ ਜਪਿਆ ਫੇਰ ਹਨ੍ਹੇਰੇ 'ਚ ਹੀ ਫਿਰਨਾ ਹੈ ਠੋਕਰਾਂ ਮਾਰਦੇ ਨੇ। ਹਨ੍ਹੇਰਾ ਵੀ ਐਹੋ ਜਿਹਾ ਹੈ ਕੁਛ ਨਹੀਂ ਦਿਸਦਾ, ਘੜੀਸੀ ਜਾਂਦੇ ਨੇ ਸੰਗਲ ਪਾ ਕੇ -

***ਵਡਾ ਹੋਆ ਦੁਨੀਦਾਰੁ***
***ਗਲਿ ਸੰਗਲੁ ਘਤਿ ਚਲਾਇਆ ॥ ਅੰਗ - ੪੬੪***

ਬਾਣੀ ਨੂੰ ਸੋਚ ਕੇ ਪੜਿਆ ਕਰੋ, ਕਿ ਉਹ ਤਾਂ ਗਲ ਵਿੱਚ ਸੰਗਲ ਪਾ ਕੇ ਜਿਵੇਂ ਪਸ਼ੂਆਂ ਨੂੰ ਲਿਜਾਂਦੇ ਨੇ, ਐਉਂ ਰਾਜੇ ਰਾਣੇ ਸਭ ਖਿਚੀਂ ਤੁਰੇ ਜਾਣੇ ਨੇ। ਜਿਹੜਾ ਜ਼ੋਰ ਦਿਖਾਉਣਾ ਹੈ ਗਰੀਬਾਂ ਉਪਰ ਇੱਥੇ ਹੀ ਦਿਖਾ ਲੈ, ਖਿਚਾ-ਤਾਣੀ, ਫੇਰ ਤਾਂ ਸੰਗਲ ਪੈ ਜਾਣੇ ਨੇ ਤੈਨੂੰ। ਛਡਾਉਂਦਾ ਨਹੀਂ ਕੋਈ, ਐਉਂ ਪੜ੍ਹ ਲਓ -

***ਧਾਰਨਾ - ਦਰਗਾਹ ਵਿੱਚ ਓ, ਸੰਗਲ ਪੈਣਗੇ***
***ਓਥੇ ਕੌਣ ਛਡਾਊ ਤੇਰਾ ਦਰਦੀ।***
***ਆਪੀਨੈ ਭੋਗ ਭੋਗਿ ਕੈ***
***ਹੋਇ ਭਸਮੜਿ ਭਉਰੁ ਸਿਧਾਇਆ ॥***
***ਵਡਾ ਹੋਆ ਦੁਨੀਦਾਰੁ***
***ਗਲਿ ਸੰਗਲੁ ਘਤਿ ਚਲਾਇਆ ॥ ਅੰਗ - ੪੬੪***

ਮਹਾਰਾਜ ਕਹਿੰਦੇ, ਐਉਂ ਤਾਂ ਨਹੀਂ ਜਾਂਦਾ ਇਹ ਸੁਖਾਲਾ, ਉਹ ਸੰਗਲ ਪਾ ਲੈਂਦੇ ਨੇ ਜਿਵੇਂ ਕੁੱਤੇ ਦੇ ਸੰਗਲੀ ਪਾਈ ਹੁੰਦੀ ਹੈ। ਉਹ ਕਹਿੰਦਾ ਮੈਂ ਤਾਂ ਬਹੁਤ ਵੱਡਾ ਆਦਮੀ ਹਾਂ, ਕਰੋੜਾਂਪਤੀ ਹਾਂ, ਅਰਬਾਂ ਪਤੀ ਹਾਂ ਕਹਿੰਦੇ ਇੱਥੇ ਨਹੀਂ ਕੋਈ ਕਰੋੜਾਂ ਪਤੀ, ਅਰਬਾਂ ਪਤੀ, ਤੇਰੇ ਨਾਲ ਜਾਂਦੀ ਹੈ ਤਾਂ ਲੈ ਆ। ਜਾਂਦਾ ਹੈ ਕੋਈ ਨਾਲ? ਘੜੀਸ ਕੇ ਕੱਢ ਲੈਂਦੇ ਨੇ। ਫੇਰ ਧਾਹਾਂ ਮਾਰਦਾ ਹੈ, ਸਾਨੂੰ ਸੁਣਦੀਆਂ ਨਹੀਂ ਉਹ ਰੋਂਦਾ ਹੈ ਉੱਚੀ-ਉੱਚੀ ਕਿ ਮੈਂ ਸਾਰੀ ਜ਼ਿੰਦਗੀ ਤੁਹਾਡੇ ਵਾਸਤੇ ਗੁਆ ਦਿੱਤੀ। ਮੇਰੀ ਕੋਈ ਮਦਦ ਕਰੋ। ਉਥੇ ਮਦਦ ਕੌਣ ਕਰਦਾ ਹੈ, ਉਥੇ ਮਦਦ ਕੌਣ ਕਰਦਾ ਹੈ -

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥***
***ਅੰਗ - ੧੨੮੧***

ਕੂਕ ਪੁਕਾਰ ਸਾਨੂੰ ਨਹੀਂ ਉਹਦੀ ਸੁਣਦੀ, ਹੱਥ ਸਾਡਾ ਨਹੀਂ ਉਥੇ ਪਹੁੰਚਦਾ, ਹੁਣ ਉਥੇ ਕੰਮ ਕੌਣ ਆਉਂਦਾ ਹੈ, ਕਹਿੰਦੇ -

***ਓਥੈ ਸਤਿਗੁਰੁ ਬੇਲੀ ਹੋਵੈ***
***ਕਢਿ ਲਏ ਅੰਤੀ ਵਾਰ॥ ਅੰਗ - ੧੨੮੧***

ਉਥੇ ਸਤਿਗੁਰੂ ਬੇਲੀ ਬਣਦਾ ਹੈ, ਹੋਰ ਕੋਈ ਨਹੀਂ ਬੇਲੀ ਬਣਦਾ -

***ਧਾਰਨਾ - ਸਤਿਗੁਰ ਲੈਣਗੇ ਛੁਡਾ ਵੇਲੇ ਅੰਤ ਦੇ।***

***ਹਰਿ ਜੁਗੁ ਜੁਗੁ ਭਗਤ ਉਪਾਇਆ***
***ਪੈਜ ਰਖਦਾ ਆਇਆ ਰਾਮ ਰਾਜੇ ॥***
***ਹਰਣਾਖਸੁ ਦੁਸਟੁ ਹਰਿ ਮਾਰਿਆ***
***ਪ੍ਰਹਲਾਦੁ ਤਰਾਇਆ ॥***
***ਅਹੰਕਾਰੀਆ ਨਿੰਦਕਾ ਪਿਠਿ ਦੇਇ***
***ਨਾਮਦੇਉ ਮੁਖਿ ਲਾਇਆ ॥***
***ਜਨ ਨਾਨਕ ਐਸਾ ਹਰਿ ਸੇਵਿਆ***
***ਅੰਤਿ ਲਏ ਛਡਾਇਆ ॥ ਅੰਗ-੪੫੧***

ਅੰਤ ਦਾ ਫਿਕਰ ਹੈ ਕੋਈ ਬੇਲੀ ਹੋਏਗਾ ਆਖਰੀ ਸਵਾਸ ਦੇ ਉੱਤੇ। ਮਹਾਰਾਜ ਕਹਿੰਦੇ ਕਿ ਜਿਨ੍ਹਾਂ ਨਾਲ ਤੂੰ ਪ੍ਰੀਤ ਪਾਈ ਹੈ -

***ਏਹੁ ਕੁਟੰਬੁ ਤੂ ਜਿ ਦੇਖਦਾ***
***ਚਲੈ ਨਾਹੀ ਤੇਰੈ ਨਾਲੇ ॥ ਅੰਗ - ੯੧੮***

ਇਨ੍ਹਾਂ ਨੇ ਤਾਂ ਨਹੀਂ ਤੇਰੇ ਨਾਲ ਜਾਣਾ। ਇਹ ਬੇਵਸ ਨੇ ਇਨ੍ਹਾਂ ਦੇ ਹੱਥ ਵਿੱਚ ਕੁਛ ਨਹੀਂ ਹੈ ਤੇ ਤੇਰਾ ਚਿੱਤ ਲਾਉਣਾ ਇਨ੍ਹਾਂ ਨਾਲ ਬੜੀ ਭਾਰੀ ਗਲਤੀ ਹੈ। ਕਹਿੰਦੇ ਫੇਰ ਨਾਲ ਕੌਣ ਨਿਭਦਾ

ਹੈ? ਕਹਿੰਦੇ ਨਾਲ ਨਿਭਦਾ ਹੈ ਗੁਰੂ। ਗੁਰੂ ਦੇ ਪਿਆਰੇ ਮਹਾਤਮਾ। ਮਹਾਤਮਾ ਦੀ ਪਹੁੰਚ ਹੁੰਦੀ ਹੈ –

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥***
***ਅੰਗ – ੧੮੬***

ਜਿਹਦੇ ਲਈ ਧਰਮਰਾਜਾ ਵੀ ਖੜ੍ਹਾ ਹੋ ਕੇ ਆਦਰ ਤੇ ਸਤਿਕਾਰ ਨਾਲ ਐਸੇ ਬਚਨ ਕਹਿੰਦਾ ਹੈ –

***ਧਾਰਨਾ – ਸੁੱਤੇ ਭਾਗ ਜਾਗ ਪਏ ਮੇਰੇ***
***ਮੇਲਾ ਹੋ ਗਿਆ ਸਾਧੂਆਂ ਦਾ।***
***ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ***
***ਪੁਰਖੁ ਰਸਿਕ ਬੈਰਾਗੀ ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥ ਅੰਗ – ੨੦੪***

ਸੋ ਸਾਧੂ ਦਾ ਮਿਲਾਪ, ਵਾਹਿਗੁਰੂ ਦੀ ਅਤਿ ਕ੍ਰਿਪਾ ਹੋਵੇ ਤਾਂ ਹੋਇਆ ਕਰਦਾ ਹੈ। ਜੁਗ ਬੀਤ ਜਾਂਦੇ ਨੇ ਦਰਸ਼ਨ ਕਰਨ ਵਾਸਤੇ ਜੇ ਸਾਧੂ ਚਲਿਆ ਜਾਵੇ ਫੇਰ ਕਿੰਨੇ ਖੁਸ਼ ਹੁੰਦੇ ਨੇ ਬਾਣੀ 'ਚ ਐਸਾ ਫੁਰਮਾਨ ਹੈ –

***ਧਾਰਨਾ – ਮੇਰਾ ਕਰ ਤਾ ਭਵਨ ਪੁਨੀਤ***
***ਹਰੀ ਦੇਆਂ ਸੰਤਾਂ ਨੇ।***
***ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥***
***ਅੰਗ – ੧੪੨੫***

ਸਹਾਇਤਾ ਤਾਂ ਓਹੀ ਕਰ ਸਕਦਾ ਹੈ ਨਾ ਜਿਹਦਾ ਆਦਰ ਮਾਣ ਦਰਗਾਹ ਵਿੱਚ ਵੀ ਹੁੰਦਾ ਹੋਵੇ। ਇਹ ਹੁੰਦਾ ਕਿਹੋ ਜਿਹਾ ਹੈ? ਕਹਿੰਦੇ –

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥***
***ਅੰਗ – ੧੮੬***

ਜੋ ਕੁਛ ਵੀ ਉਹ ਕਹਿ ਦੇਵੇ ਉਹ ਪ੍ਰਮੇਸ਼ਰ ਮੰਨਦਾ ਹੈ, ਧਰਮਰਾਜ ਤਾਂ ਉਹਦੇ ਮੂਹਰੇ ਕੁਛ ਵੀ ਨਹੀਂ ਹੈ।

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ ॥***
***ਤਿਨ੍ ਕੀ ਸੋਭਾ ਸਭਨੀ ਥਾਈ***
***ਜਿਨ੍ ਪ੍ਰਭ ਕੇ ਚਰਣ ਪਰਾਤੇ ॥ ਅੰਗ – ੭੪੮***

ਰੰਗ 'ਚ ਰੱਤੇ ਹੋਏ ਪੁਰਸ਼ ਨੇ ਉਹ, ਉਹ ਸਹਾਇਤਾ ਕਰਦੇ ਨੇ। ਮਹਾਰਾਜ ਜੀ ਸੁਣਾਇਆ ਕਰਦੇ ਸੀ। ਕਈ ਪ੍ਰੇਮੀ ਕਹਿ ਦਿੰਦੇ ਨੇ ਕਿ ਤੁਸੀਂ ਮਹਾਰਾਜ ਜੀ ਦੀ ਗੱਲ ਕਰਦੇ ਓਂ। ਮੈਂ ਆਪਣੀ ਨਹੀਂ ਬਣਾਉਂਦਾ। ਬਹੁਤ ਸਾਰੇ ਪ੍ਰੇਮੀ ਆਪਣਾ ਬਣਾ ਕੇ ਕਹਿ ਦਿੰਦੇ ਨੇ। ਉਹ ਗਲਤ ਹੁੰਦਾ ਹੈ, ਚੋਰ ਹੁੰਦਾ ਹੈ ਉਹ। ਮਹਾਂਪੁਰਸ਼ਾਂ ਤੋਂ ਸੁਣਿਆਂ ਹੈ ਮਹਾਂਪੁਰਸ਼ਾਂ ਦੀ ਗੱਲ ਕਹਿਣੀ ਹੈ। ਮੈਂ ਆਪਣਾ ਨਾਉਂ ਕਿਉਂ ਲਵਾਂ। ਸੋ ਆਪ ਸੁਣਾਇਆਂ ਕਰਦੇ ਸੀ ਇੱਕ ਮਹਾਤਮਾ ਸੀ ਜਲ੍ਹਣ, ਗੁਰੂ ਛੇਵੇਂ ਪਾਤਸ਼ਾਹ ਵੇਲੇ। ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਉਨ੍ਹਾਂ ਦਾ ਚੰਗਾ ਸਤਿਕਾਰ ਕਰਦੇ ਸੀ। ਸਾਧੂ ਸੀ ਲਾਹੌਰ ਦੇ ਰਹਿਣ ਵਾਲਾ। ਜੱਟ ਜਾਤ ਸੀ, ਖੁੱਲ੍ਹਾ ਸੁਭਾਅ ਸੀ। ਮਹਾਰਾਜ ਜੀ ਕਹਿਣ ਲੱਗੇ, ਜਲ੍ਹਣ ਜੀ! ਤੁਸੀਂ ਬੜੇ ਅਨੰਦ ਨਾਲ ਰਹਿੰਦੇ ਓਂ, ਆਹ ਮੁਗਲ ਸਾਡਾ ਪਿੱਛਾ ਹੀ ਨਹੀਂ ਛੱਡਦੇ। ਹੱਸ ਪਿਆ, ਕਹਿੰਦਾ ਮਹਾਰਾਜ! ਤੁਸੀਂ ਕੁੱਤੀ ਬੰਨ੍ਹੀ ਹੋਈ ਹੈ ਮੰਜੇ ਨਾਲ, ਇਹਨੂੰ ਖੋਲ੍ਹ ਦਿਓ, ਆਪੇ ਹਟ ਜਾਣਗੇ ਕੁੱਤੇ। ਮਹਾਰਾਜ ਕਹਿੰਦੇ, ਹੁਣ ਤਾਂ ਕੁੱਤਿਆਂ ਦਾ ਸਿਰ ਭੰਨਣਾ ਹੈ ਤਾਂ ਹੀ ਅਸੀਂ ਕੁੱਤੀ ਬੰਨ੍ਹੀ ਹੈ। ਉਹਦਾ ਮਤਲਬ ਸੀ ਮਾਇਆ ਰੂਪ ਕੁੱਤੀ ਤੁਸੀਂ ਬੰਨ੍ਹ ਲਈ। ਮਾਇਆ ਜਿੱਥੇ ਹੋਏਗੀ ਉਥੇ ਝਗੜੇ ਝਾਟੇ ਹੋਣੇ ਕੁਦਰਤੀ ਨੇ, ਕਿਉਂਕਿ ਸਾਰੇ ਆਦਮੀ ਮਾਇਆ ਤੋਂ ਨਿਰਲੇਪ ਤਾਂ ਹੁੰਦੇ ਨਹੀਂ। ਮਾਇਆ ਦੇ ਪੁਜਾਰੀ ਬੇਅੰਤ ਹੁੰਦੇ ਨੇ, ਮਾਇਆ ਹਾਸਲ ਕਰਨ ਵਾਸਤੇ ਵੱਡੇ-ਵੱਡੇ ਲੰਬੇ ਪਾਖੰਡ ਰਚ ਸਕਦੇ ਨੇ। ਇਹਨੇ ਰੌਲਾ ਪਾਉਣਾ ਹੀ ਪਾਉਣਾ ਹੈ। ਚਾਹੇ ਆਪਸ ਵਿੱਚ ਪੈ ਜਾਵੇ, ਚਾਹੇ ਸਰਕਾਰ ਨਾਲ ਪੈ ਜਾਏ, ਚਾਹੇ ਲੋਕਾਂ ਨਾਲ ਪੈ ਜਾਏ, ਚਾਹੇ ਕਿਸੇ ਨਾਲ ਪੈ ਜਾਏ। ਜਿਥੇ ਮਾਇਆ ਹੈ ਉਥੇ ਝਗੜਾ ਹੈਗਾ ਹੀ। ਸੋ ਇਸ ਤਰ੍ਹਾਂ ਕਹਿਣ ਲੱਗੇ ਕਿ ਤੁਸੀਂ ਨਿਰਲੇਪ ਹੋ ਜਾਓ। ਜਿਵੇਂ ਪਹਿਲੇ ਗੁਰੂ ਰਹਿੰਦੇ ਸੀ ਗੁਰੂ ਨਾਨਕ ਸਾਹਿਬ ਐਉਂ ਰਹਿਣ ਲਗ ਜਾਓ, ਆਪੇ ਹਟ ਜਾਣਗੇ। ਮਹਾਰਾਜ ਜੀ ਕਹਿੰਦੇ ਨਹੀਂ ਹੁਣ ਤਾਂ ਇਨ੍ਹਾਂ ਨੂੰ ਸਜ਼ਾ ਦੇਣੀ ਹੈ। ਉਨ੍ਹਾਂ ਦੇ ਮਨ 'ਚ ਆਇਆ ਕਿ ਮੇਰੇ ਜ਼ਿਆਦਾ ਸੇਵਾਦਾਰ ਜਿਹੇ ਬਣਦੇ ਜਾਂਦੇ ਨੇ, ਅੰਦਰੋਂ ਤਾਂ ਕੋਈ ਹੈ ਨਹੀਂ, ਬਾਹਰੋਂ-ਬਾਹਰੋਂ ਨੇ, ਮੈਨੂੰ ਤੰਗ ਕਰ ਛੱਡਿਆ ਇਨ੍ਹਾਂ ਨੇ। ਮਹਾਤਮਾ ਦੀ ਮਰਜ਼ੀ ਹੈ ਹਰਿਆ ਭਰਿਆ ਆਸ਼ਰਮ ਛੱਡ ਕੇ ਪਾਸੇ ਹੋ ਜਾਂਦੇ ਨੇ ਜੇ ਉਨ੍ਹਾਂ ਦੇ ਮਨ ਵਿੱਚ ਆ ਜਾਵੇ। ਉਹ ਬੰਨ੍ਹੇ ਨਹੀਂ ਰਹਿੰਦੇ ਆਸ਼ਰਮਾਂ ਨਾਲ। ਲੋਕਾਂ ਨੂੰ ਐਵੇਂ ਭਰਮ ਹੋ ਜਾਂਦਾ ਹੈ ਕਿ ਉਹਦਾ ਆਸ਼ਰਮ ਹੈ ਜੀ। ਜੇ ਸੰਤ ਹੀ ਬੰਨ੍ਹਿਆ ਗਿਆ ਫੇਰ ਉਹਦੀ ਸੰਤਗੀਰੀ ਕਾਹਦੀ ਹੈ।

***ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ***
***ਨਾਹੀ ਤ ਕਰੁ ਬੈਰਾਗੁ ॥***
***ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥***
***ਅੰਗ – ੧੩੭੭***

ਜੇ ਸਭ ਕੁਛ ਛੱਡ ਕੇ ਡੇਰਿਆਂ ਦਾ ਹੀ ਕਰਨ ਲੱਗ ਗਿਆ, ਫੇਰ ਤਾਂ ਧੋਖਾ ਦੇ ਰਿਹਾ ਹੈ ਸੰਸਾਰ ਨੂੰ। ਆਪੇ ਫਸ ਗਿਆ ਫੇਰ ਤਾਂ, ਭੂਤ ਬਣਿਆ ਫਿਰੇਂਗਾ। ਜੇ ਸਾਕਾਰ 'ਚ ਭੂਤ ਬਣ ਗਿਆ ਫੇਰ ਕਹੇਗਾ ਕਿ ਮੈਨੂੰ ਸੰਤਾਂ ਦਰਸ਼ਨ ਹੁੰਦੇ ਨੇ, ਮੈਨੂੰ ਉਹ ਸੰਤ ਦਿਸੇ, ਔਹ ਦਿਸੇ। ਸੰਤ ਕਿਸੇ ਦੇ ਬੰਨ੍ਹੇ ਹੁੰਦੇ ਨੇ? ਐਸੀ ਗੱਲ ਨਹੀਂ ਹੁੰਦੀ। ਸੰਤ ਆਜ਼ਾਦ ਹੁੰਦੇ ਨੇ, ਉਨ੍ਹਾਂ ਦਾ ਜੀਉਂਦੇ-ਜੀਉਂਦੇ ਦਾ ਕਿਸੇ ਨਾਲ ਨਹੀਂ ਹੁੰਦਾ। ਚੜ੍ਹਾਈ ਕਰਨ ਤੋਂ ਬਾਅਦ ਤਾਂ ਹੋਣਾ ਹੀ ਕੀ ਹੈ। ਉਹ ਆਪਣੇ ਨਿੱਜ ਰੂਪ ਵਿੱਚ ਰਹਿੰਦਾ ਹੈ ਜਾ ਕੇ, ਇੱਥੇ ਧਰਤੀ ਤੇ ਜ਼ਰੂਰ ਤੁਰੇ ਫਿਰਨਾ ਹੈ। ਕਈ ਪ੍ਰੇਮੀ ਕਹਿ ਦਿੰਦੇ ਨੇ ਕਿ ਮੇਰੇ ਵਿੱਚ ਬਾਬਾ ਦੀਪ ਸਿੰਘ ਜੀ ਆਉਂਦੇ ਨੇ। ਉਹ ਬ੍ਰਹਮਗਿਆਨੀ ਮਹਾਂਪੁਰਸ਼ ਹੋਏ ਨੇ, ਤੂੰ ਹੀ ਰਹਿ ਗਿਆ ਉਨ੍ਹਾਂ ਨੂੰ। ਉਹ ਤਾਂ ਐਨੇ ਸਮਰੱਥ ਨੇ ਕਿ ਸਾਮ੍ਹਣੇ ਖੜ੍ਹੇ ਹੋ ਸਕਦੇ ਨੇ। ਖਾਸ ਕਰਕੇ ਬੀਬੀਆਂ ਕਰਦੀਆਂ ਨੇ ਐਸੇ ਪਾਖੰਡ, ਕਹਿੰਦੀਆਂ ਨੇ ਮੇਰੇ ਵਿੱਚ ਬਾਬਾ ਦੀਪ ਸਿੰਘ ਆ ਗਏ।

ਇੱਕ ਥਾਂ ਮੈਂ ਗਿਆ। ਇੱਕ ਮਹਾਤਮਾ ਨੇ ਹੱਥ ਧੁਆਏ ਉਥੇ ਕਿਸੀ ਕੁੜੀ ਦੇ, ਬੜੇ ਹੀ ਮੈਲੇ; ਇੱਕ ਬੀਬੀ ਕਹਿੰਦੀ ਉਨ੍ਹਾਂ ਨੂੰ ਕਿ ਮੇਰੇ ਪੁੱਤਰ ਨਹੀਂ ਹੁੰਦਾ, ਕਹਿੰਦੇ ਆਹ ਪਾਣੀ ਪੀ ਲੈ, ਗੁਰੂ ਸਾਹਿਬ ਦੇ ਹੱਥਾਂ ਦਾ ਪਾਣੀ ਹੈ ਇਹ। ਜਦ ਉਹ ਜਦ ਪਾਸੇ ਹੋ ਗਈ ਤਾਂ ਮੈਂ ਮਹਾਤਮਾ ਨੂੰ ਪੁੱਛ ਲਿਆ ਕਿ ਮਹਾਰਾਜ! ਤੁਹਾਡੀ ਕਿੱਡੀ ਵੱਡੀ ਮਹਾਨਤਾ ਹੈ, ਕਿੰਨੇ ਲੋਕ ਤੁਹਾਡਾ ਬਚਨ

ਮੰਨਦੇ ਨੇ, ਤੁਸੀਂ ਆਹ ਭੂਤਾਂ-ਪ੍ਰੇਤਾਂ ਦਾ ਕੰਮ ਕਿੱਥੋਂ ਸਿੱਖ ਲਿਆ। ਫੇਰ ਗੁਰੂ ਸਾਹਿਬ ਦਾ ਵੀ ਤੁਸੀਂ ਨਿਰਾਦਰ ਕਰਿਆ-ਗੁਰੂ ਦਸਵੇਂ ਪਾਤਸ਼ਾਹ ਦਾ। ਉਹ ਤਾਂ ਜਿੱਥੇ ਦਰਸ਼ਨ ਦੇਣ ਝਲਕਾਰੇ ਵੱਜ ਜਾਂਦੇ ਨੇ ਮੀਲਾਂ ਤੱਕ। ਧਰਤੀ ਦੇ ਵਿੱਚ ਅਨਹਦ ਨਾਦ ਵੱਜਣੇ ਸ਼ੁਰੂ ਹੋ ਜਾਂਦੇ ਨੇ। ਆਹ ਸੜੀ ਜਿਹੀ ਕੁੜੀ ਦੇ ਵਿੱਚ, ਕਿੰਨੇ ਮੈਲੇ ਹੱਥ ਨੇ, ਗੁਰੂ ਸਾਹਿਬ ਆਉਣਗੇ? ਓਹ ਪਾਣੀ ਤੁਸੀਂ ਉਹਨੂੰ ਪਿਲਾ ਦਿੱਤਾ ਕਿ ਤੇਰੇ ਪੁੱਤਰ ਹੋ ਜਾਏਗਾ। ਜ਼ਰਾ ਵੀ ਸਫਾਈ ਤਾਂ ਹੈ ਨਹੀਂ ਗੁਰੂ ਸਾਹਿਬ ਐਹੋ ਜਿਹੇ ਗੰਦੇ ਥਾਂ ਤੁਸੀਂ ਲਿਆ ਦਿੱਤੇ। ਕੋਈ ਜਵਾਬ ਨਾ ਅਹੁੜਿਆ ਉਨ੍ਹਾਂ ਨੂੰ। ਇਹ ਲੋਕੀ ਆਮ ਤੌਰ 'ਤੇ ਕਹੀ ਜਾਣਗੇ ਕਿ ਮੇਰੇ 'ਚ ਬਾਬਾ ਦੀਪ ਸਿੰਘ ਜੀ ਆਏ ਹੋਏ ਨੇ। ਮੈਨੂੰ ਕਹਿਣ ਲੱਗੇ ਕਿ ਗੁਰੂ ਸਾਹਿਬ ਦੇ ਦਰਸ਼ਨ ਕਰਾਉਣੇ ਨੇ, ਮੇਰੇ ਨਾਲ ਦੇ ਹੀ ਸਿੰਘ ਕਹਿਣ। ਐਨਾ ਮੈਂ ਬੋਲੀ ਜਾਂਦਾ ਹਾਂ ਫੇਰ ਵੀ ਇਨ੍ਹਾਂ ਦੇ ਭਰਮ ਨਹੀਂ ਲਹਿੰਦੇ। ਨਾਲ ਲੈ ਗਏ ਮੈਨੂੰ, ਦੱਸਿਆ ਮੈਨੂੰ ਹੈ ਨਹੀਂ, ਮੈਨੂੰ ਕਹਿੰਦੇ ਐਧਰ ਨੂੰ ਜਾਣਾ ਹੈ, ਉਥੇ ਚਲੇ ਗਏ, ਜਾ ਕੇ ਬੈਠ ਗਏ ਸਾਰੇ। ਐਨੇ ਨੂੰ ਉਹ ਬੀਬੀ ਆ ਗਈ, ਹੱਥ ਮੂੰਹ ਧੋ ਕੇ, ਉਹ ਸਾਡੇ ਹੀ ਸਤਿਸੰਗ 'ਚੋਂ ਗਈ ਸੀ, ਉਹ ਸਾਰੇ ਹੀ ਖੜ੍ਹੇ ਹੋ ਗਏ। ਕਹਿੰਦੇ ਜੀ ਖੜ੍ਹੇ ਹੋ ਜਾਓ, ਮੈਂ ਕਿਹਾ ਕਿਉਂ ਖੜ੍ਹੇ ਹੋਈਏ। ਉਹ ਆ ਕੇ ਗੱਦੀ 'ਤੇ ਬੈਠ ਗਈ। ਸਾਰੇ ਮੱਥਾ ਟੇਕੀ ਜਾਣ, ਸਾਰੇ ਬਹਿ ਗਏ। ਮੈਨੂੰ ਕਹਿੰਦੇ, ਤੁਸੀਂ ਵੀ ਨਮਸ਼ਕਾਰ ਕਰ ਲਓ। ਮੈਂ ਕਿਹਾ, ਕਾਹਦੇ ਲਈ ਕਰ ਲਵਾਂ। ਮੈਨੂੰ ਤਾਂ ਪਤਾ ਨਹੀਂ ਕੀ ਗੱਲ ਹੈ, ਆਹ ਕੁੜੀ ਬੈਠੀ ਹੈ। ਕਹਿੰਦੇ, ਗੁਰੂ ਦਸਵੇਂ ਪਾਤਸ਼ਾਹ ਨੇ ਜੀ ਇਹ। ਮੈਂ ਕਿਹਾ, ਅੱਛਾ। ਅਜੇ ਮੈਂ ਪੁੱਛਣ ਹੀ ਲੱਗਿਆ ਸੀ, ਕਹਿੰਦੀ ਅਸੀਂ ਤੁਹਾਡੇ 'ਤੇ ਬੜੇ ਹੀ ਖੁਸ਼ ਹਾਂ, ਤੁਸੀਂ ਸਾਡੀ ਸਿੱਖੀ ਫੈਲਾ ਰਹੇ ਓਂ। ਬਹੁਤ ਪ੍ਰਸੰਨ ਹਾਂ ਤੁਹਾਡੇ 'ਤੇ। ਮੈਂ ਕਿਹਾ, ਤੂੰ ਕੌਣ ਹੈਂ ਪ੍ਰਸੰਨ ਹੋਣ ਵਾਲੀ? ਕਹਿੰਦੀ, ਦੱਸੋ ਸੰਗਤ ਜੀ ਅਸੀਂ ਕੌਣ ਹਾਂ। ਕੋਈ ਵਿਚੋਂ ਹੀ ਬੋਲ ਪਿਆ, ਕਹਿੰਦਾ ਜੀ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਆਏ ਹੋਏ ਨੇ। ਮੈਂ ਕਿਹਾ, ਫੇਰ ਕੋਈ ਗੱਲ ਤਾਂ ਕਰਨ ਦੀ ਲੋੜ ਨਹੀਂ। ਮੈਂ ਕਿਹਾ, ਗੁਰੂ ਦਸਵੇਂ ਪਾਤਸ਼ਾਹ! ਇੱਕ ਗੱਲ ਤਾਂ ਦੱਸ ਤੇਰੇ 'ਜਾਪੁ ਸਾਹਿਬ' ਯਾਦ ਹੈ ਕਿ ਭੁੱਲ ਗਿਆ? ਚੁੱਪ ਹੋ ਗਈ। ਮੈਂ ਕਿਹਾ, ਚਲੋ ਇਸ ਗੱਲ ਨੂੰ ਤਾਂ ੩੦੦ ਸਾਲ ਹੋ ਗਏ, ਉਹ ਭੁੱਲਣਾ ਹੀ ਸੀ। ਸਾਡੇ ਵੀ ਭੁੱਲ ਜਾਂਦਾ ਹੈ ਜੇ ਅਸੀਂ ਦਸ ਕੁ ਸਾਲ ਨਾ ਪੜ੍ਹੀਏ। ਪਰ ਇੱਕ ਅਰਥ ਤਾਂ ਦੱਸ ਦੇ -

***ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ॥***

***ਜਾਪੁ ਸਾਹਿਬ***

ਇਹਦਾ ਕੀ ਅਨੁਭਵ ਹੈ। ਚੁੱਪ ਕਰ ਗਈ, ਕੋਈ ਜਵਾਬ ਨਾ ਆਵੇ ਉਹਨੂੰ। ਮੈਂ ਕਿਹਾ, ਅੱਖਾਂ ਖੋਲ੍ਹ, ਅਗਾਹਾਂ ਨੂੰ ਪਾਖੰਡ ਕਰਿਆ ਤਾਂ ਦੇਖ ਲਈਂ ਫੇਰ।

ਆਹ ਦੁਨੀਆਂ ਦਾ ਹਾਲ ਚੱਲ ਰਿਹਾ ਹੈ। ਫਲਾਣੇ ਦੇ ਵਿੱਚ ਆ ਗਏ ਬਾਬਾ ਦੀਪ ਸਿੰਘ ਜੀ। ਫਲਾਣੇ ਦੀਆਂ ਮੱਝਾਂ ਘੇਰ ਲਈਆਂ। ਕੀ ਇਹੀ ਕੰਮ ਰਹਿ ਗਿਆ ਉਨ੍ਹਾਂ ਨੂੰ, ਐਡੇ ਵੱਡੇ ਬ੍ਰਹਮਗਿਆਨੀ ਮਹਾਂਪੁਰਸ਼ ਹੋਏ ਨੇ ਉਹ।

ਇੱਕ ਵਾਰੀ ਮੈਨੂੰ ਮਿਲ ਗਿਆ, ਕਹਿੰਦੇ ਜੀ ਇਥੇ ਪੱਕਾ ਹੈ, ਇਥੇ ਜ਼ਰੂਰ ਗੱਲ ਕਰਿਓ। ਮੈਂ ਕਿਹਾ, ਬਾਬਾ ਜੀ! ਪਹਿਲਾਂ ਤਾਂ ਨਮਸ਼ਕਾਰ, ਫੇਰ ਮੈਂ ਕਿਹਾ ਕਿ ਤੈਨੂੰ ਕਿਤੇ ਟੇਕ ਨਹੀਂ ਮਿਲੀ, ਕੋਈ ਜਗ੍ਹਾ ਹੀ ਨਹੀਂ ਮਿਲੀ ਕਿਸੇ ਦਰਗਾਹ 'ਚ? ਇੱਥੇ ਬੂੜ੍ਹੀਆਂ 'ਚ ਤੁਰਿਆ ਫਿਰਦਾ ਹੈਂ, ਇਨ੍ਹਾਂ ਦੀਆਂ ਮੱਝਾਂ ਮਾਰ ਦਿੱਤੀਆਂ ਤੂੰ? ਕਹਿੰਦਾ, ਸਾਡੇ ਬਾਰੇ ਦੱਸੋ ਕਿ ਅਸੀਂ ਕੌਣ ਹਾਂ? ਮੈਂ ਕਿਹਾ ਮੈਂ ਜਾਣਦਾ ਹਾਂ ਕਿ ਤੂੰ ਕੌਣ ਹੈਂ।

ਇੱਕ ਬੀਬੀ ਹੋਰ ਸੀ ਇਸੇ ਤਰ੍ਹਾਂ ਹੀ। ਕੀਰਤਨ ਕਰਕੇ ਅਸੀਂ ਹਟੇ, ਮੰਜਿਆਂ 'ਤੇ ਬੈਠੇ ਸੀ। ਉਹ ਪੈਂਤਰਾ ਕੱਢਦੀ ਚਲੀ ਆਵੇ, ਜਿਵੇਂ ਤਲਵਾਰ ਚਲਾਈ ਦੀ ਹੈ। ਅਸੀਂ ਕਿਸੇ ਤੋਂ ਨਹੀਂ ਡਰਦੇ-ਅਸੀਂ ਕਿਸੇ ਤੋਂ ਨਹੀਂ ਡਰਦੇ। ਸਾਰੇ ਉਠ ਕੇ ਨਮਸ਼ਕਾਰਾਂ ਕਰਨ ਲੱਗ ਗਏ। ਅਸੀਂ ਦੋ ਜਣੇ ਰਹਿ ਗਏ, ਤੁਹਾਡੇ ਬੀਜੀ ਇਕ ਮੰਜੇ ਤੇ ਬੈਠੇ ਮੈਂ ਦੂਜੇ 'ਤੇ, ਵਿਚਾਲੇ ਥਾਉਂ ਖਾਲੀ ਸੀ, ਉਥੇ ਐਉਂ ਸੀ ਕਿ ਜੇ ਡੰਡਾ ਜਿਹਾ ਇਹਨੇ ਘੁਮਾਇਆ, ਅਸੀਂ ਫੜ ਲੈਣਾ ਹੈ। ਮੈਂ ਕਿਹਾ, ਤੂੰ ਕੌਣ ਹੈਂ? ਐਵੇਂ ਪਾਖੰਡ ਕਰਦੀ ਫਿਰਦੀ ਹੈ। ਖਬਰਦਾਰ ਜੇ ਮੁੜ ਪਾਖੰਡ ਕਰਿਆ। ਚੁੱਪ ਕਰਕੇ ਅੱਖਾਂ ਖੋਲ੍ਹ ਲਈਆਂ। ਸੋ ਐਸ ਤਰ੍ਹਾਂ ਦੇ ਨਾਲ ਦੁਨੀਆਂ ਗੁਮਰਾਹ ਕਰ ਰਹੀ ਹੈ। ਅਸੀਂ ਆਪ ਹੀ ਗੁਮਰਾਹ ਹੋ ਰਹੇ ਹਾਂ। ਸੰਤ ਤਾਂ ਬਹੁਤ ਉੱਚੀ ਚੀਜ਼ ਹੈ, ਉਹ ਤਾਂ ਵਾਹਿਗੁਰੂ ਦੇ ਵਿੱਚ ਸਮਾ ਜਾਇਆ ਕਰਦਾ ਹੈ। ਕਿਉਂਕਿ ਉਹ ਸਰੀਰ ਵਿੱਚ ਹੁੰਦਾ ਹੋਇਆ ਵੀ, ਉਹਦੀ ਜੀਉਂਦੇ ਦੀ ਹੀ ਇਹ ਅਵਸਥਾ ਹੁੰਦੀ ਹੈ -

***ਧਾਰਨਾ - ਸਾਈਂ ਹੀ ਵਰਗੇ ਨੇ***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ।***

***ਜਿਨਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥***

***ਅੰਗ - ੩੯੭***

ਇਹ ਜਿਹੜੇ ਸਾਂਈ ਵਰਗੇ ਹੁੰਦੇ ਨੇ ਨਾ ਇਨ੍ਹਾਂ ਦਾ ਹੱਥ ਦਰਗਾਹ 'ਚ ਪੈਂਦਾ ਹੈ। ਉਥੇ ਹੱਥ ਪਹੁੰਚ ਜਾਂਦਾ ਹੈ ਇਨ੍ਹਾਂ ਦਾ। ਇਨ੍ਹਾਂ ਦੀ ਮਰਜ਼ੀ ਹੈ ਭਾਣੇ ਦੇ ਮਾਲਕ ਹੁੰਦੇ ਨੇ।

ਸੋ ਜੱਲ੍ਹਣ ਜੀ ਦੇ ਮਨ 'ਚ ਖਿਆਲ ਆਇਆ ਕਿ ਇਹ ਦੁਨੀਆਂ ਮੇਰੇ ਪਿੱਛੇ ਐਵੇਂ ਹੀ ਤੁਰੀ ਪਈ ਹੋਈ ਹੈ, ਮੱਖੀਆਂ ਨੇ। ਕੋਈ ਰੱਬ ਦੀ ਗੱਲ ਤਾਂ ਕਰਦਾ ਨਹੀਂ ਹੈ। ਊਟ-ਪਟਾਂਗ ਗੱਲਾਂ ਸਾਰਾ ਦਿਨ ਕਰੀ ਜਾਂਦੇ ਨੇ, ਜਿਵੇਂ ਸੰਤ ਹੀ ਡਾਕਟਰ ਹੁੰਦੇ ਨੇ, ਸੰਤ ਹੀ ਜੋਤਸ਼ੀ ਹੁੰਦੇ ਨੇ, ਸੰਤ ਹੀ ਰਿਸ਼ਤੇ ਕਰਾਉਣ ਵਾਲੇ ਹੁੰਦੇ ਨੇ, ਸੰਤ ਹੀ ਵਿਦੇਸ਼ਾਂ 'ਚ ਭੇਜਣ ਵਾਲੇ ਏਜੰਟ। ਸੰਤਾਂ ਨੂੰ ਹੀ ਬਣਾ ਲੈਂਦੇ ਨੇ ਸਭ ਕੁਛ। ਜੇ ਤਾਂ ਕੋਈ ਸੰਤ ਅਧੂਰਾ ਹੀ, ਉਹ ਤਾਂ ਕਹਿੰਦਾ ਹੈ ਕਿ ਖਾਵਾਂਗੇ-ਪੀਵਾਂਗੇ, ਮੌਜਾਂ ਮਾਣਾਂਗੇ। ਪੰਜ ਲੱਖ ਰੁਪਿਆ ਲੈ ਕੇ, ਜੱਥੇ ਵਿੱਚ ਲੈ ਜਾਵਾਂਗੇ ਤੇ ਉਥੇ ਛੱਡ ਆਵਾਂਗੇ। ਜਿਹੜੇ ਪੂਰੇ ਮਹਾਤਮਾ ਨੇ ਉਹ ਨਹੀਂ ਕਿਸੇ ਨੂੰ ਧੋਖਾ ਦਿੰਦੇ। ਉਹ ਸਤਿ ਦੇ ਮਾਰਗ 'ਤੇ ਚਲਾਉਂਦੇ ਨੇ। ਨਾ ਉਹ ਬਹੁਤੀਆਂ ਭੀੜਾਂ ਪਸੰਦ ਕਰਦੇ ਨੇ। ਉਹ ਲਾਹੌਰ ਤੋਂ ਤੁਰ ਕੇ ਗੁਪਤ ਰੂਪ ਵਿਚ ਚਲੇ ਗਏ, ਜਾ ਕੇ ਦੋ ਤਿੰਨ ਮੰਜ਼ਲਾਂ ਰੁਕ ਕੇ ਰਾਤ ਕੱਟ ਕੇ ਤੁਰਦੇ ਗਏ-ਤੁਰਦੇ ਗਏ, ਜਿੱਥੇ ਕੋਈ ਵੀ ਨਹੀਂ ਸੀ ਜਾਣਦਾ ਉਥੇ ਚਲੇ ਗਏ। ਉਥੇ ਇੱਕ ਸੇਠ ਦਾ ਬੜਾ ਭਾਰਾ ਮਕਾਨ ਬਣ ਰਿਹਾ ਸੀ, ਉਥੇ ਜਾ ਕੇ ਉਨ੍ਹਾਂ ਨੇ ਕਿਹਾ ਮੁਨਸ਼ੀ ਜੀ! ਮੈਂ ਵੀ ਨੌਕਰੀ ਕਰਨੀ ਹੈ। ਕਹਿੰਦੇ ਬਾਬਾ! ਨੌਕਰੀ ਤਾਂ ਬੜੀ ਸਖਤ ਹੈ। ਇੱਟਾਂ ਵੱਟੇ ਕੁੱਟਣੇ, ਚੂਨਾ ਵਗੈਰਾ ਕੁੱਟਣਾ। ਕਹਿੰਦੇ ਮੈਂ ਸਭ ਕੁਛ ਕਰ ਲਵਾਂਗਾ। ਮੇਰਾ ਸਰੀਰ ਅਜੇ ਤਕੜਾ ਹੈ। ਉਹ ਬਾਬੂ ਜਿਹੜਾ ਸੀ ਐਸਾ ਸੀ, ਹਰੇਕ ਮਜਦੂਰ ਦੀ ਮਜੂਰੀ ਖਾ ਲੈਣੀ, ਪੂਰੀ ਦਿੰਦਾ ਹੀ ਨਹੀਂ ਸੀ, ਝਗੜਾਲੂ ਸੀ ਬਹੁਤਾ।

ਸਾਧੂ ਨੇ ਜਿੱਥੇ ਬੈਠਣਾ ਹੈ ਉਥੇ ਪਰਉਪਕਾਰ ਕਰਨਾ ਹੈ, ਮਾੜਾ ਨਹੀਂ ਕਿਸੇ ਦਾ ਵੀ ਕਰਨਾ। ਕਿੰਨਾ ਹੀ ਮਾੜਾ ਕਿਉਂ ਨਾ ਹੋਵੇ ਕੋਈ। ਸੋ ਉਥੇ ਉਨ੍ਹਾਂ ਦੇ ਮਨ 'ਚ ਆਇਆ ਕਿ ਇਹਦਾ ਭਲਾ ਹੋਣਾ ਚਾਹੀਦਾ ਹੈ। ਬਾਣੀ ਦੀ ਵਾਕਫੀ ਸੀ ਉਨ੍ਹਾਂ ਨੂੰ। ਕਹਿੰਦੇ, ਬਾਬੂ ਤੋਂ ਰੋਜ਼ 'ਜੀ' ਕਹਾਵਾਂ। ਵੈਸੇ ਤਾਂ ਇਹਨੇ ਕਹਿਣਾ ਨਹੀਂ ਹੈ ਅਗਿਆਨੀ ਹੈ, ਚਲੋ ਇਹਦੇ ਮੂੰਹ ਤੋਂ ਕਹਾਈਏ। ਕਹਿੰਦਾ, ਬਾਬਾ! ਤੇਰਾ ਨਾਉਂ ਕੀ ਹੈ? ਕਹਿੰਦੇ, ਜੱਲ੍ਹਣ ਜੀ ਹੈ। ਉਹਨੇ ਲਿਖ ਲਿਆ। ਹੁਣ ਜਦ ਇਨ੍ਹਾਂ ਦੀ ਹਾਜ਼ਰੀ ਲਗਦੀ ਸੀ ਤਾਂ ਵੀ ਉਹ ਕਹੇ ਜੱਲ੍ਹਣ ਜੀ। ਹਾਜ਼ਰ ਜਨਾਬ। ਜਦੋਂ ਤਨਖਾਹ ਦਿੰਦਾ ਸੀ, ਬਾਬਾ ਜੀ ਪਰ੍ਹੇ ਬੈਠੇ ਹੁੰਦੇ ਬੰਦਗੀ 'ਚ ਮਸਤ, ਉਹ ਝਗੜਾ ਕਰੀ ਜਾਂਦਾ ਸੀ ਮਜ਼ਦੂਰਾਂ ਨਾਲ ਕਿ ਤੇਰੇ ਐਨੇ ਪੈਸੇ ਕੱਟਾਂਗਾ, ਤੇਰੇ ਐਨੇ। ਇਹਨੇ ਕਹਿਣਾ ਅਖੀਰ ਵਿੱਚ ਕਿ ਜੱਲ੍ਹਣ ਜੀ! ਤੁਸੀਂ ਵੀ ਆ ਜਾਓ ਮਹਾਰਾਜ। ਪੈਸੇ ਇਨ੍ਹਾਂ ਦੇ ਵੀ ਕੱਟ ਲੈਣੇ, ਇਨ੍ਹਾਂ ਨੇ ਦੇਖਣਾ ਹੀ ਨਾ, ਪੈਸੇ ਅੱਗੇ ਹੱਥ ਕਰ ਦੇਣਾ, ਚੁੱਪ ਕਰਕੇ ਮੁੱਠੀ 'ਚ ਪਾ ਕੇ ਲੈ ਲੈਣਾ, ਆਪਣਾ ਰਾਸ਼ਨ ਲੈ ਆਉਣਾ। ਇੱਕ ਟਾਈਮ ਪ੍ਰਸ਼ਾਦਾ ਛਕਦੇ ਸੀ, ਕਿਸੇ ਨੂੰ ਭੇਤ ਨਾ ਦਿੱਤਾ। ਦੋ ਢਾਈ ਮਹੀਨੇ ਲੰਘ ਗਏ। ਉਸ ਤੋਂ ਬਾਅਦ ਬਾਬੂ ਚੜ੍ਹਾਈ ਕਰ ਗਿਆ। ਹੁਕਮ ਆ ਗਿਆ, ਤਕੜੇ ਮਾੜੇ ਨੂੰ ਤਾਂ ਦੇਖਦਾ ਹੀ ਨਹੀਂ ਹੈ ਸਮਾਂ, ਚਾਹੇ ਕਿੰਨਾ ਹੀ ਤਕੜਾ ਹੋਵੇ, ਚਾਹੇ ਕਿੰਨਾ ਹੀ ਮਾੜਾ ਹੋਵੇ, ਚਾਹੇ ਪੀ.ਜੀ.ਆਈ ਪਿਆ ਹੈ, ਚਾਹੇ ਕਿਤੇ ਖੇਲ੍ਹਦਾ ਹੈ। ਚਾਹੇ ਕਿਤੇ ਸਫਰ ਕਰ ਰਿਹਾ ਹੈ, ਉਹਨੇ ਲਿਹਾਜ਼ ਨਹੀਂ ਕਰਨੀ, ਉਹਨੇ ਤਾਂ ਲੈ ਹੀ ਜਾਣਾ ਹੈ ਆਪਣਾ ਆਪ, ਹੱਥ ਉਹਦਾ ਡਾਢਾ ਹੈ।

***ਇਕ ਰਤੀ ਬਿਲਮ ਨ ਦੇਵਨੀ***
***ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ ॥***
***ਅੰਗ - ੭੮***

ਉਹ ਗੱਲ ਕਰਨ ਦਾ ਸਮਾਂ ਵੀ ਨਹੀਂ ਦਿੰਦਾ। ਐਹੋ ਜਿਹਾ ਤਕੜਾ ਹੱਥ ਹੈ ਉਹਦਾ। ਸੋ ਬਾਬਾ ਜੀ ਜਦ ਅੰਮ੍ਰਿਤ ਵੇਲੇ ਬੈਠੇ ਨੇ, ਬਾਬੂ ਚੜ੍ਹਾਈ ਕਰ ਗਿਆ। ਅਵਾਜ਼ ਆਈ ਉਨ੍ਹਾਂ ਨੂੰ, ਝੀਣੀ ਬਾਣ, ਅਵਾਜ਼ ਵਲ ਨੂੰ ਵਧੇ, ਧਰਮ ਖੰਡ ਦੇ ਰਸਤੇ ਪੈ ਗਏ। ਜਮ ਮਾਰਗ ਦੇ ਰਸਤੇ ਪੈ ਗਏ। ਕੀ ਦੇਖਦੇ ਨੇ ਕਿ ਇੱਕ ਰੂਹ ਨੂੰ ਬਹੁਤ ਕੁੱਟਦੇ ਮਾਰਦੇ ਲਿਜਾ ਰਹੇ ਨੇ। ਆਪ ਨੂੰ ਤਰਸ ਆ ਗਿਆ, ਕੋਲ ਚਲੇ ਗਏ, ਜਾ ਕੇ ਪਛਾਣ ਲਿਆ ਕਿ ਆਹ ਤਾਂ ਸਾਡਾ ਮੁਨੀਮ ਹੀ ਹੈ। ਕਹਿੰਦੇ, ਇਹਨੂੰ ਮਾਰੋ ਨਾ। ਜਮ ਕਹਿੰਦੇ ਕਿਉਂ ਨਾ ਮਾਰੀਏ? ਇਹਨੇ ਸਾਰੀ ਜ਼ਿੰਦਗੀ ਪਾਪ ਕਰੇ ਨੇ। ਕਹਿੰਦੇ, ਭਗਤ ਜੀ! ਤੁਹਾਡੇ ਵੀ ਪੈਸੇ ਕੱਟਦਾ ਰਿਹਾ ਹੈ। ਕਹਿੰਦੇ ਉਹ ਤਾਂ ਛੱਡੋ ਤੁਸੀਂ। ਤੁਸੀਂ ਉਹ ਗੱਲ ਨਹੀਂ ਜਾਣੀ, ਜਿਹਦਾ ਇਹਨੂੰ ਮਹਾਨ ਫਲ ਮਿਲਣਾ ਹੈ, ਇਹ ਤੁਹਾਡੇ ਹੱਥ 'ਚ ਨਹੀਂ ਆਉਣ ਵਾਲਾ। ਕਹਿੰਦੇ, ਉਹ ਕੀ ਹੈ? ਇਸ ਤਰ੍ਹਾਂ ਦੱਸਿਆ ਉਨ੍ਹਾਂ ਨੇ-

***ਧਾਰਨਾ - ਜਮ ਕੀ ਤਲਬ ਨਾ ਹੋਵੇ ਜੀ,***
***ਜੇ ਕੋ ਜੀ ਕਹੇ ਸੰਤਾਂ ਨੂੰ।***
***ਜੇ ਕੋ ਜੀਉ ਕਹੈ ਓਨਾ ਕਉ***
***ਜਮ ਕੀ ਤਲਬ ਨ ਹੋਈ ॥ ਅੰਗ - ੧੩੨੮***

ਜੇ ਸੰਤ ਨੂੰ ਦੇਖਦੇ ਸਾਰ ਮਾੜਾ ਫੁਰਨਾ ਆਉਂਦਾ ਹੈ, ਤਰਕ ਮਨ ਵਿੱਚ ਆ ਗਈ, ਆਪਣਾ ਹੀ ਸਰਵ ਨਾਸ਼ ਹੋ ਜਾਂਦਾ ਹੈ, ਸੰਤ ਦਾ ਕੁਛ ਨਹੀਂ ਵਿਗੜਦਾ। ਆਪਣਾ ਹੀ ਗਿਆਨ, ਆਪਣੀ ਹੀ ਪੂਜਾ, ਆਪਣਾ ਹੀ ਪਾਠ, ਛੇ ਕਲਾ ਵੈਰਾਗ ਦੀਆਂ ਨਸ਼ਟ ਹੋ ਜਾਂਦੀਆਂ ਨੇ, ਖਾਲੀ ਜਾਂਦਾ ਹੈ ਦੁਨੀਆਂ ਤੋਂ ਜਾਣ ਵੇਲੇ, ਕਿਉਂਕਿ ਮਹਾਤਮਾ ਦੇ ਉੱਤੇ ਤਰਕ ਕਰ ਦਿੱਤੀ। ਜਿਹੜੇ ਸਿਆਣੇ ਬੰਦੇ ਨੇ ਉਹ ਨਹੀਂ ਖੋਜ ਕਰਦੇ ਕਿਸੇ ਦੀ। ਆਪਾਂ ਨੇ ਕੀ ਲੈਣਾ ਹੈ, ਮੇਰੇ ਨਾਲੋਂ ਸਭ ਚੰਗੇ ਨੇ।

***ਕਬੀਰ ਸਭ ਤੇ ਹਮ ਬੁਰੇ***
***ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***
***ਅੰਗ - ੧੩੬੪***

ਮਹਾਰਾਜ ਕਹਿੰਦੇ ਮਿੱਤਰ ਬਣਨਾ ਹੈ ਸਾਡਾ ਤਾਂ ਸਾਰਿਆਂ ਨੂੰ ਕਹਿ ਚੰਗੇ, ਆਪਣੇ ਆਪ ਨੂੰ ਕਹਿ ਮਾੜਾ। ਮੰਨ ਲਵਾਂਗੇ ਆਪਾਂ ਇਹ ਗੱਲਾਂ ਗੁਰੂ ਸਾਹਿਬ ਦੀਆਂ? ਪਰ ਉਲਟੇ ਤੁਰੇ ਫਿਰਦੇ ਹਾਂ, ਰੁਲੇ ਫਿਰਦੇ ਹਾਂ, ਕੰਡਿਆਂ ਵਾਲੀ ਧਰਤੀ ਦੇ ਵਿੱਚ ਰੁਲਿਆ ਫਿਰਦਾ ਹੈ। ਰਸਤਾ ਕਿਧਰੇ ਨੂੰ ਜਾਂਦਾ ਹੈ, ਮੱਥੇ ਟੇਕੀ ਜਾਂਦਾ ਹੈ, ਮੰਨਦਾ ਨਹੀਂ। ਮੈਂ ਪੰਜ ਪਾਠ ਸੁਖਮਨੀ ਸਾਹਿਬ ਦੇ ਕਰਦਾ ਹਾਂ, ਮੈਂ ੨੫ ਕਰਦਾ ਹਾਂ ਪਰ ਤੈਨੂੰ ਲੱਭਿਆ ਤਾਂ ਕੁਛ ਨਹੀਂ। ਤੇਰੇ ਜੀਵਨ 'ਚ ਕੋਈ ਪਰਿਵਰਤਨ ਨਹੀਂ ਆਇਆ। ਤੇਰੇ ਪਾਠਾਂ ਨੇ ਲਿਆਂਦਾ ਹੀ ਨਹੀਂ, ਟੇਪ ਰਿਕਾਰਡ ਲਾਇਆ ਹੋਇਆ ਹੈ ਤੇਰਾ ਮਨ ਦੇ ਅੰਦਰ, ਤੇਰੇ ਅੰਦਰ ਭਾਵ ਨਹੀਂ ਪੈਦਾ ਹੁੰਦਾ। ਕੰਬਣੀ ਨਹੀਂ ਪੈਦਾ ਹੁੰਦੀ, ਪਿਆਰ ਨਹੀਂ ਪੈਦਾ ਹੁੰਦਾ। ਜੇ ਹੁੰਦਾ ਹੈ ਤਾਂ ਬਾਣੀ ਨੂੰ ਵਿਚਾਰ, ਬਾਣੀ ਕੀ ਕਹਿੰਦੀ ਹੈ। ਕੋਈ ਵਿਚਾਰਦਾ ਹੈ ਬਾਣੀ ਨੂੰ? ਮਹਾਰਾਜ ਕਹਿੰਦੇ -

***ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥***
***ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ ॥***
***ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥***
***ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ ॥***
***ਅੰਗ - ੪੭੩***

ਕਹਿੰਦੇ ਦਰਗਾਹ ਦੇ ਵਿੱਚੋਂ ਧੱਕਾ ਮਿਲਦਾ ਹੈ ਫਿੱਕਾ ਜਿਹੜਾ ਬੋਲਦਾ ਹੈ। ਆਪੇ ਹੀ ਪਾਪ ਕਰ ਲੈਂਦਾ ਹੈ। ਗੁਰਬਾਣੀ ਕਹਿੰਦੀ ਹੈ ਫਿੱਕਾ ਨਾ ਬੋਲ -

***ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥***
***ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥***
***ਅੰਗ - ੧੩੮੪***

ਨਾ ਬੋਲ ਫਿੱਕਾ, ਵਾਹਿਗੁਰੂ ਬੈਠਾ ਹੈ ਇਹਦੇ ਅੰਦਰ। ਇਹ ਆਪ ਤਾਂ ਹੈ ਹੀ ਨਹੀਂ ਗਲਤੀ ਨਾਲ ਨਜ਼ਰ ਆਉਂਦਾ ਹੈ। ਜੇ ਤੈਨੂੰ ਅੱਖਾਂ ਰੱਬ ਨੇ ਦਿੱਤੀਆਂ ਨੇ -

***ਵਵਾ ਵੈਰੁ ਨ ਕਰੀਐ ਕਾਹੂ ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਅੰਗ - ੨੫੯***

ਬਾਣੀ ਨੂੰ ਮੰਨਦੇ ਨਹੀਂ, ਪੜ੍ਹਦੇ ਜ਼ਰੂਰ ਹਾਂ। ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਪੜ੍ਹਨ ਨਾਲ ਕੁਛ ਵੀ ਨਹੀਂ ਹੁੰਦਾ।

***ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥***
***ਅੰਗ - ੧੪੮***

ਜੇ ਪੜ੍ਹਨਾ ਹੀ ਹੈ, ਮਹਾਰਾਜ ਕਹਿੰਦੇ ਪੜ੍ਹੀ ਜਾਹ, ਜਿੰਨਾਂ ਤੇਰਾ ਜੀਅ ਕਰਦਾ ਹੈ।

*ਪੜਿ ਪੜਿ ਗਡੀ ਲਦੀਅਹਿ*
*ਪੜਿ ਪੜਿ ਭਰੀਅਹਿ ਸਾਥ ॥*
*ਪੜਿ ਪੜਿ ਬੇੜੀ ਪਾਈਐ*
*ਪੜਿ ਪੜਿ ਗਡੀਅਹਿ ਖਾਤ ॥*
*ਪੜੀਅਹਿ ਜੇਤੇ ਬਰਸ ਬਰਸ*
*ਪੜੀਅਹਿ ਜੇਤੇ ਮਾਸ ॥*
*ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥*
*ਨਾਨਕ ਲੇਖੈ ਇਕ ਗਲ*
*ਹੋਰੁ ਹਉਮੈ ਝਖਣਾ ਝਾਖ ॥ ਅੰਗ - ੪੬੭*

ਰੌਲਾ-ਰੱਪਾ ਪਿਆ ਹੋਇਆ ਹੈ, ਬਾਣੀ ਨੂੰ ਵਿਚਾਰ ਕੇ ਨਹੀਂ ਪੜ੍ਹਦਾ। ਵਿਚਾਰ ਕੇ ਤੂੰ ਚਾਰ ਲਾਈਨਾਂ ਹੀ ਪੜ੍ਹ ਲੈ ਓਹੀ ਤੇਰੇ ਵਾਸਤੇ ਬਹੁਤ ਨੇ। ਸੋ ਇਸ ਤਰ੍ਹਾਂ ਉਹ ਜੱਲ੍ਹਣ ਜੀ ਕਹਿਣ ਲੱਗੇ ਕਿ ਪ੍ਰੇਮੀਓ! ਤੁਹਾਨੂੰ ਪਤਾ ਹੈ ਇਹਨੇ ਨੇਕ ਕਰਮ ਕੀ ਕਰਿਆ ਹੈ? ਕਹਿੰਦੇ, ਇਹ ਤਾਂ ਚਿੱਤਰਗੁਪਤਾ ਨੂੰ ਪਤਾ ਹੋਣਾ। ਕਹਿੰਦੇ ਚੰਗਾ, ਸਾਡੇ ਕਹਿਣ 'ਤੇ ਹੁਣ ਮਾਰਿਓ ਨਾ ਇਹਨੂੰ।

ਸੰਤ ਦਾ ਐਨਾ ਤੇਜ਼ ਪ੍ਰਤਾਪ ਹੈ ਜਮਦੂਤ ਤਾਂ ਨੇੜੇ ਆ ਹੀ ਨਹੀਂ ਸਕਦਾ। ਸਭ ਨੂੰ ਡਰਾਉਂਦਾ ਹੈ ਜਮਦੂਤ, ਲੇਕਿਨ ਸੰਤ ਨੂੰ ਬਾਰ-ਬਾਰ ਨਮਸ਼ਕਾਰਾਂ ਕਰਦਾ ਹੈ। ਉਹਨੂੰ ਡਰਾ ਨਹੀਂ ਸਕਦਾ, ਕਿਉਂਕਿ ਉਹਦੇ ਕੋਲ 'ਨਾਮ' ਹੁੰਦਾ ਹੈ, ਨਾਮ ਦੇ ਵਿੱਚ ਐਨੀ ਸ਼ਕਤੀ ਹੈ। ਉਹ ਨੱਠ ਜਾਂਦਾ ਹੈ ਕਿ ਉਹਦੇ ਕੋਲ ਤਾਂ ਨਾਮ ਹੈ। ਸੋ ਮਾਰਨਾ ਬੰਦ ਕਰਾ ਦਿੱਤਾ। ਆਪ ਧਰਮਰਾਜ ਦੇ ਪਾਸ ਗਏ ਤੇ ਕਿਹਾ ਕਿ ਤੇਰੇ ਦੂਤ ਇਹਨੂੰ ਮਾਰਦੇ ਨੇ, ਤੈਨੂੰ ਪਤਾ ਹੈ ਇਹਨੇ ਕੀ ਪੁੰਨ ਕਰਮ ਕਰਿਆ ਹੈ। ਚਿਤਰਗੁਪਤਾਂ ਨੂੰ ਬੁਲਾ ਲਿਆ। ਕਹਿੰਦੇ ਦੇਖੋ, ਇਹਨੇ ਪੁੰਨ ਕਰਮ ਕੋਈ ਕਰਿਆ ਹੈ? ਕਹਿੰਦੇ, ਮਹਾਰਾਜ! ਇਹਦੀ ਸਾਰੀ ਜ਼ਿੰਦਗੀ ਪਾਪਾਂ ਦੀ ਹੈ। ਪਰ ਆਹ ਦੋ ਮਹੀਨੇ ਮਹਾਂਪੁਰਸ਼ ਇੱਥੇ ਰਹੇ ਨੇ, ਇਨ੍ਹਾਂ ਨੂੰ 'ਜੱਲ੍ਹਣ ਜੀ' ਕਹਿ ਕੇ ਬੁਲਾਉਂਦਾ ਸੀ। ਗੁਰੂ ਨਾਨਕ ਸਾਹਿਬ ਦਾ ਫੁਰਮਾਨ ਹੈ-

*ਜੇ ਕੋ ਜੀਉ ਕਹੈ ਓਨਾ ਕਉ*
*ਜਮ ਕੀ ਤਲਬ ਨ ਹੋਈ ॥ ਅੰਗ - ੧੩੨੮*

ਸਾਨੂੰ ਜੀ ਕਹਿਣਾ ਵੀ ਔਖਾ ਹੈ ਫਤਹਿ ਬੁਲਾਉਣੀ ਵੀ ਔਖੀ ਹੈ, ਸਗੋਂ ਪੁੰਨ ਬਣਦਾ ਹੈ ਜੇ ਪਹਿਲਾਂ ਅਸੀਂ ਫਤਹਿ ਬੁਲਾ ਦਿੰਦੇ ਹਾਂ। ਮਹਾਰਾਜ ਕਹਿੰਦੇ, ਜਿਹੜਾ ਪਹਿਲਾਂ ਫਤਹਿ ਬੁਲਾਉਂਦਾ ਹੈ, ਮੇਰਾ ਮੁੱਖ ਹੈ ਉਹਦੇ ਵਲ। ਜਿਹੜਾ ਪਿੱਛੋਂ ਜਵਾਬ ਦਿੰਦਾ ਹੈ ਉਹਦੇ ਵਲ ਮੇਰਾ ਮੋਢਾ ਹੁੰਦਾ ਹੈ। ਜਿਹੜਾ ਫਤਹਿ ਸੁਣ ਕੇ ਜਵਾਬ ਹੀ ਨਾ ਦੇਵੇ ਉਹਦੇ ਵਲ ਮੇਰੀ ਪਿੱਠ ਹੁੰਦੀ ਹੈ। ਸੋ ਇਸ ਤਰ੍ਹਾਂ ਦੇ ਨਾਲ ਉੱਥੇ ਸਹਾਇਤਾ ਨਾਮ ਕਰਦਾ ਹੈ।

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਅੰਗ - ੨੬੪*

ਜਿੱਥੇ ਕੋਹ ਨਹੀਂ ਗਿਣੇ ਜਾਂਦੇ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥*
*ਜਿਹ ਪੈਡੈ ਮਹਾ ਅੰਧ ਗੁਬਾਰਾ ॥ ਅੰਗ - ੨੬੪*

ਅੰਧ ਗੁਬਾਰ ਦੀ ਮੈਂ ਗੱਲ ਕਰਦਾ ਸੀ, ਐਨਾ ਗੁਬਾਰ ਹੈ ਕਿ ਨਜ਼ਰ ਹੀ ਨਹੀਂ ਆਉਂਦਾ ਕੁਛ। ਜ਼ਰੂਰ ਐਹੋ ਜਿਹੇ ਰਸਤੇ ਜਾਣਾ ਹੈ।

*ਹਰਿ ਕਾ ਨਾਮੁ ਸੰਗਿ ਉਜੀਆਰਾ ॥ ਅੰਗ - ੨੬੪*

ਹਰੀ ਦਾ ਨਾਮ ਪ੍ਰਕਾਸ਼ ਦਿੰਦਾ ਜਾਂਦਾ ਹੈ। ਪਹਿਲਾਂ ਤਾਂ ਗੱਲ ਇਹ ਹੈ ਕਿ ਉਹ ਰਸਤੇ 'ਤੇ ਜਾਂਦੇ ਨਹੀਂ ਸਾਰੇ। ਨਾਮ ਜਪਣ ਵਾਲਾ ਤਾਂ ਕੋਈ ਨਹੀਂ ਜਾਂਦਾ। ਉਹ ਤਾਂ ਰਸਤਾ ਹੀ ਹੋਰ ਹੈ। ਬੰਦਗੀ ਕਰਨ ਵਾਲਿਆਂ ਦਾ, ਸਤਿਸੰਗ ਕਰਨ ਵਾਲਿਆਂ ਦਾ ਨਹੀਂ ਹੈ ਇਹ ਰਸਤਾ ਜਮਦੂਤਾਂ ਵਾਲਾ। ਜਮਦੂਤ ਧਰਮਰਾਜ ਕੋਲ ਉਹਨੂੰ ਹੀ ਲਿਜਾਂਦੇ ਨੇ ਜਿਹਨੇ ਮਨਮੁਖਤਾਈ ਇੱਥੇ ਕਰੀ ਹੁੰਦੀ ਹੈ।

*ਧਰਮ ਰਾਇ ਨੋ ਹੁਕਮੁ ਹੈ*
*ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*
*ਅੰਗ- ੩੮*

ਜਿਹੜੇ ਦਵੈਤ ਭਾਵ 'ਚ ਰਹਿੰਦੇ ਨੇ ਉਹ ਤੇਰੇ ਕੋਲ ਆਉਂਦੇ ਨੇ। ਜਿਹੜਿਆਂ ਨੇ ਗੁਰੂ ਧਾਰਨ ਕਰ ਲਿਆ, ਗੁਰੂ ਵਾਲੇ ਬਣ ਗਏ, ਗੁਰੂ ਦੀ ਬਾਣੀ ਉਤੇ ਅਮਲ ਕਰ ਲਿਆ, ਇਹ ਵੀ ਮੈਂ ਫਰਕ ਦਸਦਾ ਹਾਂ। ਐਵੇਂ ਗੁਰੂ ਵਾਲੇ ਬਣ ਗਏ ਉਹਨੂੰ ਤਾਂ ਮਹਾਰਾਜ ਗਿਣਦੇ ਨਹੀਂ, ਕਹਿੰਦੇ ਇਹ ਤਾਂ ਦੇਖਾ-ਦੇਖੀ ਦੀ, ਭੇਖ ਦੀ, ਹਿਰਸ ਦੀ, ਨੀਵੇਂ ਪੱਧਰ ਦੀ ਸਿੱਖੀ ਹੈ। ਜਿਹੜੇ ਗੁਰੂ ਦਾ ਬਚਨ ਮੰਨਦੇ ਨੇ ਉਨ੍ਹਾਂ ਦਾ ਲੇਖੇ ਵਿੱਚ ਪੈਂਦਾ ਹੈ -

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ*
*ਸਤਿ ਸਤਿ ਕਰਿ ਮਾਨੀ ॥ ਅੰਗ - ੬੬੯*

ਸੋ ਇਸ ਕਰਕੇ ਜੋ ਗੁਰੂ ਮਹਾਰਾਜ ਕਹਿੰਦੇ ਨੇ ਪਿਆਰਿਆ! ਤੂੰ ਸਾਡਾ ਬਚਨ ਮੰਨ ਲੈ ਸੰਗਰਾਂਦ ਮਨਾ ਰਿਹਾ ਹੈਂ ਕੱਤਕ ਦੀ, ਕੱਤਕ ਦੇ ਮਹੀਨੇ ਵਿੱਚ ਕਰਮਾਂ ਦੀ ਗੱਲ ਹੈ ਸਾਰੀ।

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥ ਅੰਗ - ੧੩੫*

ਹੁਣ ਤੂੰ ਕਰਮ ਕਮਾਉਣਾ ਹੈ, ਫੇਰ ਦੋਸ਼ ਨਾ ਦੇਵੀਂ ਕਿਸੇ ਨੂੰ, ਚੁਣ ਲੈ ਕਿ ਕਿਹੜਾ ਮੈਂ ਕਰਮ ਕਰਨਾ ਹੈ। ਉਹਦੇ ਵਿੱਚ ਪਹਿਲਾਂ ਇਹ ਚੁਣ ਲੈ ਕਿ -

*ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥*
*ਅੰਗ - ੯੧੮*

ਜਿਹੜਾ ਕੰਮ ਕਰਨਾ ਹੈ, ਮਹਾਰਾਜ ਕਹਿੰਦੇ ਉਹ -

*ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥*
*ਅੰਗ - ੯੧੮*

ਇਸ ਉਪਦੇਸ਼ ਨੇ ਤੇਰੇ ਨਾਲ ਜਾਣਾ ਹੈ। ਉਪਦੇਸ਼ ਪਹਿਲਾਂ ਸੁਣ ਲੈ, ਫੇਰ ਮੰਨ ਲੈ, ਫੇਰ ਕਮਾ ਲੈ, ਤੈਨੂੰ ਵਾਹਿਗੁਰੂ ਦੀ ਪ੍ਰਾਪਤੀ ਉਸੇ ਜਨਮ ਵਿੱਚ ਹੋ ਜਾਵੇਗੀ। ਬਹੁਤੇ ਜਨਮ ਨਹੀਂ ਧਾਰਨੇ ਪੈਣਗੇ। ਨੁਕਸ ਉਥੇ ਪੈਂਦਾ ਹੈ ਜਿਥੇ ਅਸੀਂ ਉਪਦੇਸ਼ ਨੂੰ ਕਮਾਉਂਦੇ ਨਹੀਂ ਹਾਂ, ਟੁੱਟ ਜਾਂਦੇ ਹਾਂ ਮਨ ਦੀ ਮੱਤ ਕਰਕੇ।

*ਕਹੈ ਨਾਨਕੁ ਮਨ ਪਿਆਰੇ*
*ਤੂ ਸਦਾ ਸਚੁ ਸਮਾਲੇ॥ ਅੰਗ - ੯੧੮*

ਬੜੇ ਪਿਆਰ ਨਾਲ ਕਹਿੰਦੇ ਨੇ, ਖੁੱਟਰ ਨਹੀਂ ਕਹਿੰਦੇ, ਕਪਟੀ ਨਹੀਂ ਕਹਿੰਦੇ, ਪਿਆਰ ਨਾਲ ਕਹਿੰਦੇ ਨੇ। ਪਿਆਰਿਆ.....। ਕਿਉਂਕਿ ਸਾਡਾ ਵਾਹ ਮਨ ਨਾਲ ਹੈ -

***ਮਮਾ ਮਨ ਸਿਉ ਕਾਜੁ ਹੈ***
***ਮਨ ਸਾਧੇ ਸਿਧਿ ਹੋਇ ॥***
***ਮਨ ਹੀ ਮਨ ਸਿਉ ਕਹੈ ਕਬੀਰਾ***
***ਮਨ ਸਾ ਮਿਲਿਆ ਨ ਕੋਇ ॥ ਅੰਗ - ੩੪੨***

ਮਹਾਰਾਜ ਇਹਨੂੰ ਬੜੇ ਹੀ ਪਿਆਰ ਨਾਲ ਕਹਿੰਦੇ ਨੇ - ***'ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ ॥ ਅੰਗ - ੯੧੮'*** ਤੂੰ ਵਾਹਿਗੁਰੂ ਨੂੰ ਸੰਮਾਲ ਹਰ ਵਕਤ। ਉਹਦਾ ਨਾਮ ਜਪ। ਰਸਨਾ ਨਾਲ ਜਪ, ਮਾਲਾ ਦੀ ਮਦਦ ਨਾਲ ਜਪ, ਸਵਾਸ ਨਾਲ ਜਪ, ਵਿਚਾਰ ਨਾਲ ਜਪ, ਕਿਸੇ ਤਰੀਕੇ ਨਾਲ ਜਪ, ਸੰਤਾਂ ਨੂੰ ਸਭ ਪਤਾ ਹੁੰਦਾ ਹੈ, ਪਰ ਕੋਈ-ਕੋਈ ਹੁੰਦਾ ਹੈ।

***ਇਹੁ ਵਾਪਾਰੁ ਵਿਰਲਾ ਵਾਪਾਰੈ ॥***
***ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩***

ਸੋ ਆਪਾਂ ਕੱਤਕ ਦੀ ਸੰਗਰਾਂਦ ਮਨਾਉਣ ਵਾਸਤੇ ਆਏ ਹਾਂ, ਜਿਹੋ ਜਿਹੇ ਬੀਜੋਂਗੇ, ਉਹੋ ਜਿਹੇ ਵੱਢੋਂਗੇ, ਜੇ ਤਾਂ ਬੇਮੁਖ ਹੋ ਗਏ ਫੇਰ ਤਾਂ ਜਨਮਾਂ-ਜਨਮਾਤਰਾਂ 'ਚ ਭੁੱਲੇ ਫਿਰੋਂਗੇ ਤੇ ਜਿਹੜੇ ਭੋਗ ਨੇ ਇਹ ਕੁਛ ਵੀ ਨਹੀਂ ਰਹਿਣੇ, ਜਦੋਂ ਜਮਦੂਤਾਂ ਨੇ ਆ ਕੇ ਹੱਥ ਪਾ ਲਿਆ। ਵਿਚੋਲਗੀ ਕਿਸੇ ਨੇ ਕਰਨੀ ਨਹੀਂ, ਜਿਨ੍ਹਾਂ ਦੇ ਉੱਤੇ ਤੁਸੀਂ ਭਰੋਸਾ ਰੱਖੀਂ ਬੈਠੇ ਓਂ। ਕਹਿੰਦੇ ਫੇਰ ਕਹੀਏ ਕੀਹਨੂੰ, ਕੋਈ ਰੌਲਾ ਸੁਣਨ ਵਾਲਾ ਹੈ?-

***ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥***
***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥***
***ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥***
***ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥***
***ਵਿਚ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥***
***ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥***
***ਵਡਭਾਗੀ ਮੇਰਾ ਪ੍ਰਭੁ ਮਿਲੈ***
***ਤਾਂ ਉਤਰਹਿ ਸਭਿ ਬਿਓਗ ॥***
***ਨਾਨਕ ਕਉ ਪ੍ਰਭ ਰਾਖਿ ਲੇਹਿ***
***ਮੇਰੇ ਸਾਹਿਬ ਬੰਦੀ ਮੋਚ ॥***
***ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥***
***ਅੰਗ - ੧੩੫***

ਸੋ ਕਹਿੰਦੇ, ਕੱਤਕ ਦੇ ਮਹੀਨੇ ਤੁਸੀਂ ਸੋਚ ਕੇ ਲੇਖ, ਫਸਲ ਬੀਜਦੇ ਹਾਂ ਨਾ ਆਪਾਂ ਕਣਕ ਵਗੈਰਾ, ਸੋਚ ਕੇ ਬੀਜਦਾ ਹੈ ਜ਼ਿੰਮੀਦਾਰ, ਬੀਜ ਸੋਧ-ਸੋਧ ਪਾਉਂਦਾ ਹੈ, ਖਾਦ ਪਾਉਂਦਾ ਹੈ, ਇਵੇਂ ਜਿਵੇਂ ਪਿਆਰਿਓ! ਹੁਣ ਜਿਹੜੇ ਕਰਮ ਬੀਜਣੇ ਨੇ, ਉਹ ਸੋਚ ਕੇ ਬੀਜੋ, ਉਹ ਕਰਮ ਕਿਹੜਾ ਹੈ ਸਭ ਤੋਂ ਵੱਡਾ -

***ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥***
***ਅੰਗ- ੧੩੫***

ਸਾਰੀਆਂ ਸੋਚਾਂ, ਸਾਰੇ ਦੁਖ, ਪੁੱਠੇ ਲੇਖ ਵੀ ਸਿੱਧੇ ਹੋ ਜਾਂਦੇ ਨੇ, ਐਉਂ ਪੜ੍ਹ ਲਓ -

***ਧਾਰਨਾ - ਪੁੱਠੇ ਲੇਖ ਸਿੱਧੇ ਹੋ ਜਾਂਦੇ,***
***ਸੰਗਤ ਕਰਕੇ ਸਾਧੂਆਂ ਦੀ।***

ਸੋ ਇਸ ਮਹੀਨੇ 'ਚ ਦੋ ਗੱਲਾਂ ਯਾਦ ਰੱਖਿਓ, ਇੱਕ ਤਾਂ -

***ਐਸਾ ਕੰਮੁ ਮੂਲੇ ਨ ਕੀਚੈ***
***ਜਿਤੁ ਅੰਤਿ ਪਛੋਤਾਈਐ ॥ ਅੰਗ - ੯੧੮***

ਦੂਸਰੀ ਸਾਡੀ ਭਲੇ ਦੀ ਗੱਲ ਇਹ ਹੈ ਕਿ -

***ਸਤਿਗੁਰੂ ਕਾ ਉਪਦੇਸੁ ਸੁਣਿ ਤੂ ਹੋਵੈ ਤੇਰੈ ਨਾਲੇ ॥***
***ਅੰਗ - ੯੧੮***

ਦੋ ਬਚਨ ਬੜੇ ਹੀ ਡਾਹਢੇ ਮਹਾਰਾਜ ਦੇ ਇਸ ਮਹੀਨੇ ਵਿੱਚ ਨੇ ਕਿ ਐਸਾ ਲੇਖ ਨਾ ਬੀਜੀਂ ਜਿਹਦਾ ਫਲ ਦੇਣਾ ਤੈਨੂੰ ਔਖਾ ਹੋ ਜਾਏ। ਫੇਰ ਪਛਤਾਵੇਂਗਾ।

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ ॥ ਅਗੰ - ੪੩੩***

ਦੂਸਰਾ ਕਦੇ ਅਸੂਲ ਨਹੀਂ ਬਦਲਣਾ -

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥***
***ਅੰਗ - ੧੩੪***

ਕਰਮਾਂ ਦੇ ਖੇਤ 'ਚ ਆਏ ਹੋਏ ਹਾਂ ਆਪਾਂ। ਨਿੰਦਿਆਂ ਬੀਜਾਂਗੇ, ਨਿੰਦਿਆ ਦਾ ਫਲ ਕੀ ਹੋਏਗਾ? ਪੂਰਨ ਜਪ ਤਪ ਨਸ਼ਟ ਹੋ ਜਾਣਗੇ। ਇੱਕ ਵੀ ਨਹੀਂ ਨਾਲ ਜਾਂਦਾ -

***ਨਿੰਦਾ ਭਲੀ ਕਿਸੈ ਕੀ ਨਾਹੀ***
***ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥***
***ਅੰਗ - ੭੫੫***

ਸੋ ਇਸ ਤਰ੍ਹਾਂ ਜੋ ਉਪਦੇਸ਼ ਨੇ, ਫਿੱਕਾ ਬੋਲਣਾ, ਨਿੰਦਿਆਂ ਕਰਨੀ, ਈਰਖਾ ਕਰਨੀ, ਦੂਸਰੇ ਨਾਲ ਵੈਰ ਭਾਵ ਰੱਖਣਾ, ਚੰਗਾ ਨਾ ਕਿਸੇ ਨੂੰ ਵੀ ਸਮਝਣਾ। ਸੋ ਇਹ ਜਿਹੜੇ ਦੋਸ਼ ਨੇ ਸਾਧਸੰਗਤ ਜੀ! ਬੰਦੇ ਨੂੰ ਆਪਣੇ ਵਿੱਚੋਂ ਕੱਢ ਦੇਣੇ ਚਾਹੀਦੇ ਨੇ। ਫੇਰ ਜਦੋਂ ਇਹ ਨਿਕਲ ਜਾਂਦੀਆਂ ਨੇ ਮਾੜੀਆਂ ਚੀਜ਼ਾਂ, ਕੂੜ ਕਬਾੜ ਫੇਰ 'ਨਾਮ' ਆਉਣਾ ਸ਼ੁਰੂ ਹੋ ਜਾਂਦਾ ਹੈ।

***ਮਿਲਿ ਸੰਤ ਸਭਾ ਮਨੁ ਮਾਂਜੀਐ***
***ਭਾਈ ਹਰਿ ਕੈ ਨਾਮਿ ਨਿਵਾਸੁ ॥ ਅੰਗ - ੬੩੯***

ਜਦੋਂ ਸੰਤਾਂ ਦੀ ਸਭਾ 'ਚ ਬੈਠ ਕੇ ਮਨ ਨੂੰ ਮਾਂਜਾਂਗੇ, ਮਨ ਲਿਸ਼ਕੇਗਾ, ਉਹ ਲਿਸ਼ਕੇ ਹੋਏ ਮਨ ਦੇ ਵਿੱਚ ਜਿਹੜੀ ਸਭ ਤੋਂ ਕੀਮਤੀ ਚੀਜ਼ ਹੈ, ਉਹ ਪ੍ਰਗਟ ਹੋ ਜਾਏਗੀ, ਨਾਮ ਦਾ ਨਿਵਾਸ ਹੋ ਜਾਏਗਾ, ਜਦੋਂ ਨਾਮ ਦਾ ਨਿਵਾਸ ਹੋ ਗਿਆ ਫੇਰ ਅਸੀਂ ਪ੍ਰਮੇਸ਼ਰ ਦੇ ਨਾਲ ਮਿਲ ਜਾਵਾਂਗੇ, ਸਾਡਾ ਆਉਣਾ ਜਾਣਾ ਖਤਮ ਹੋ ਜਾਏਗਾ। ਸੋ ਹੁਣ ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ।

ਗੁਰਸਤੋਤਰ

ਅਰਦਾਸ

ਹੁਕਮਨਾਮਾ

# ਸੁਰਤਿ ਸਬਦਿ ਮਾਰਗ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ.ਗੁ. ਰੂਹਾਨੀ. ਮਿਸ਼ਨ।***

ਸ਼ਾਨ – ..................................................

***ਸਤਿਨਾਮੁ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!***
***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥ ਅੰਗ – ੨੫੬***
***ਫਿਰਤ ਫਿਰਤ ਪ੍ਰਭ ਆਇਆ***
***ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ – ੨੮੯***
***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ ਅੰਗ – ੧੨***
***ਧਾਰਨਾ – ਹਰਿ ਕੇ ਸੰਤ ਬਤਾਵਹੁ ਮਾਰਗ,***
***ਪ੍ਰਭ ਕੇ ਮਿਲਣੇ ਕਾ – ੨, ੨.***
***ਪ੍ਰਭ ਕੇ ਮਿਲਣੇ ਕਾ,***
***ਪ੍ਰਭ ਕੇ ਮਿਲਣੇ ਕਾ – ੨, ੨.***
***ਹਰਿ ਕੇ ਸੰਤ ਬਤਾਵਹੁ ਮਾਰਗ...–੨***
***ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ ॥***
***ਹਰਿ ਕੇ ਸੰਤ ਬਤਾਵਹੁ ਮਾਰਗੁ***
***ਹਮ ਪੀਛੈ ਲਾਗਿ ਚਲੀ ॥ ੧ ॥ ਰਹਾਉ ॥***
***ਪ੍ਰਿਅ ਕੇ ਬਚਨ ਸੁਖਾਨੇ ਹੀਅਰੈ***
***ਇਹ ਚਾਲ ਬਨੀ ਹੈ ਭਲੀ ॥***
***ਲਟੁਰੀ ਮਧੁਰੀ ਠਾਕੁਰ ਭਾਈ***
***ਓਹ ਸੁੰਦਰਿ ਹਰਿ ਢੁਲਿ ਮਿਲੀ ॥ ੧ ॥***
***ਏਕੋ ਪ੍ਰਿਉ ਸਖੀਆ ਸਭ ਪ੍ਰਿਅ ਕੀ***
***ਜੋ ਭਾਵੈ ਪਿਰ ਸਾ ਭਲੀ ॥***
***ਨਾਨਕੁ ਗਰੀਬੁ ਕਿਆ ਕਰੈ ਬਿਚਾਰਾ***
***ਹਰਿ ਭਾਵੈ ਤਿਤੁ ਰਾਹਿ ਚਲੀ ॥ ਅੰਗ – ੫੨੭***

'ਹਰਿ ਕੇ ਸੰਤ ਬਤਾਵਹੁ ਮਾਰਗੁ' – ਸਵਾਲ ਆਇਆ ਕਿ ਪਿਆਰਿਓ! ਕੋਈ ਹੈ ਸੰਸਾਰ ਦੇ ਅੰਦਰ, ਜਿਹੜਾ ਇਹ ਦੱਸ ਦੇਵੇ ਕਿ ਪ੍ਰਭੂ ਦਾ ਮਿਲਾਪ ਕਿਵੇਂ ਹੁੰਦੇ; ਕਿਉਂਕਿ ਮਹਾਰਾਜ ਦਾ ਫੁਰਮਾਨ ਹੈ ਕਿ 'ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥' ਵਾਰੀ ਆਈ ਹੋਈ ਹੈ, ਫਿਕਰ ਹੈ ਕਿਤੇ ਵਾਰੀ ਨ ਲੰਘ ਜਾਵੇ। ਕੋਈ ਹੈ ਸੰਸਾਰ ਦੇ ਅੰਦਰ, ਜਿਹੜਾ ਰਸਤਾ ਦੱਸ ਦੇਵੇ?

ਸੋ ਇਹ, ਉਸ ਜਗਿਆਸੂ ਦੇ ਮਨ ਦੀ ਅਵਸਥਾ ਹੈ ਜਿਸ ਦੇ ਮਨ ਦੇ ਅੰਦਰ ਚਾਉ ਹੋਇਆ ਕਰਦਾ ਹੈ ਕਿ ਮਾਣਸ ਜਨਮ ਕਿਤੇ ਲੰਘ ਨਾ ਜਾਵੇ। ਸਾਡੇ ਮਨ ਦੇ ਅੰਦਰ ਇਹ ਦ੍ਰਿੜ੍ਹਤਾ ਨਹੀਂ ਆਉਂਦੀ। ਸਾਡੇ ਮਨ ਦੇ ਅੰਦਰ ਹੋਰ ਹੀ ਸੋਚ ਚਲਦੀ ਹੈ – ਫਜ਼ੂਲ ਸੋਚ ਚਲਦੀ ਹੈ ਕਿ ਮੈਂ ਧਨ ਕਮਾ ਲਵਾਂ, ਕੋਠੀਆਂ ਬਣਾ ਲਵਾਂ, ਬਹੁਤ ਵੱਡਾ ਆਦਮੀ ਬਣ ਜਾਵਾਂ। ਫਿਰ ਕੀ ਹੋਵੇਗਾ?

ਸਭ ਕੁਝ ਏਥੇ ਹੀ ਪਿਆ ਰਹਿ ਜਾਂਦਾ ਹੈ, ਕੋਈ ਚੀਜ਼ ਨਹੀਂ ਨਾਲ ਜਾਂਦੀ। ਪ੍ਰਭੂ ਦੇ ਦਰ ਦੇ ਉਤੇ ਜੇ ਕੋਈ ਚੀਜ਼ ਜਾ ਕੇ ਸੁਖ ਦਿੰਦੀ ਹੈ, ਮਹਾਰਾਜ ਫੁਰਮਾਨ ਕਰਦੇ ਨੇ ਕਿ ਉਸ ਗੱਲ ਨੂੰ ਸਮਝਣ ਦਾ ਯਤਨ ਕਰ। ਸਿਆਣਾ ਬੰਦਾ ਇਹ ਸੋਚਦਾ ਹੈ, ਜਿਹਦਾ ਭੋਰਾ ਕੁ ਵੀ ਦਿਮਾਗ ਹੈ ਤੇ ਜੇ ਕੋਈ ਸੋਝੀ ਹੈ ਕਿ ਜੋ ਕੁਛ ਮੈਂ ਕੰਮ ਕਰ ਰਿਹਾ ਹਾਂ, ਇਹ ਕਿਥੋਂ ਕੁ ਤੱਕ ਮੈਨੂੰ ਕਰਨਾ ਚਾਹੀਦਾ ਹੈ ਤੇ ਜਿਹੜਾ ਕੰਮ ਮੈਂ ਕਰ ਨਹੀਂ ਰਿਹਾ, ਉਹਦੇ ਬਾਰੇ ਵੀ ਮੈਨੂੰ ਸੋਚਣਾ ਚਾਹੀਦਾ ਹੈ।

ਸੋ ਅਸੀਂ ਸਾਰੇ ਕੰਮ ਜੋ ਕਰ ਰਹੇ ਹਾਂ, ਦੁਨੀਆਂਦਾਰੀ ਦੇ ਕੰਮ ਕਰ ਰਹੇ ਹਾਂ ਜਿਸਨੂੰ ਮਹਾਰਾਜ ਨੇ 'ਸੁਆਹ' ਆਖਿਐ 'ਸੁਆਹ', ਕਿ ਬੰਦਾ ਸੁਆਹ ਦੇ ਪਿੱਛੇ ਲੱਗਿਆ ਹੋਇਆ ਹੈ, ਬਿਹੁ ਇਕੱਠੀ ਕਰ ਰਿਹਾ ਹੈ। ਮਹਾਰਾਜ ਦਾ ਫੁਰਮਾਨ ਹੈ –

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ ॥***
***ਜਿਉ ਕਸਤੂਰੀ ਮਿਰਗੁ ਨ ਜਾਣੈ***
***ਭ੍ਰਮਦਾ ਭਰਮਿ ਭੁਲਾਇਆ ॥***
***ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ***
***ਕਰਤੈ ਆਪਿ ਖੁਆਇਆ ॥ ਅੰਗ – ੬੪੪***

ਅੰਮ੍ਰਿਤ ਤਾਂ ਛੱਡ ਦਿਤਾ, ਬਿਹੁ ਇਕੱਠੀ ਕਰਨ ਲਗ ਪਿਆ। ਫੇਰ ਅਸੀਂ ਕਹਿੰਦੇ ਹਾਂ ਕਿ ਸਾਰੇ ਹੀ ਕਰਦੇ ਬਨੇ। ਸਿਆਣੇ–ਸਿਆਣੇ ਬੰਦੇ, ਜਿਹੜੇ ਬਹੁਤ ਪੜ੍ਹੇ ਲਿਖੇ ਨੇ, ਜਿਨ੍ਹਾਂ ਨੂੰ ਸੰਸਾਰ ਕਹਿੰਦਾ ਹੈ ਕਿ ਇਹ ਸਾਨੂੰ ਰਾਹ ਦਿਖਾਉਣ ਵਾਲੇ ਨੇ, ਉਹ ਵੀ ਗਲਤ ਰਸਤੇ ਪੈ ਗਏ।

ਕਹਿੰਦੇ, ਦੋ ਤਰ੍ਹਾਂ ਦੀ ਪੜ੍ਹਾਈ ਹੈ – ਇਕ ਅਧਿਆਤਮਕ, ਇਕ ਸੰਸਾਰਕ। ਸੰਸਾਰ ਵਾਲਾ ਜੋ ਪੜ੍ਹਦੇ, ਉਹ ਰੋਟੀ ਵਾਸਤੇ ਪੜ੍ਹਿਆ ਕਰਦਾ ਹੈ। ਮਹਾਰਾਜ ਕਹਿੰਦੇ ਨੇ ਜੋ ਰੋਟੀ ਵਾਸਤੇ ਪੜ੍ਹਦਾ ਹੈ ਉਹ ਮੂਰਖ ਬੰਦਾ ਹੈ ਕਿਉਂਕਿ ਰੋਟੀ ਤਾਂ ਪ੍ਰਮੇਸ਼ਰ ਨੇ ਦੇਣੀ ਹੈ। ਗੁਰੂ ਨਾਨਕ ਪਾਤਸ਼ਾਹ ਨੇ ਪਾਧੇ ਨੂੰ ਇਹੀ ਕਿਹਾ ਸੀ ਕਿ ਬਾਬਾ! ਮੈਨੂੰ ਕੋਈ ਐਸੀ ਪੜ੍ਹਾਈ ਕਰਾ ਜਿਹੜੀ ਦਰਗਾਹ ਵਿੱਚ ਨਾਲ ਜਾ ਕੇ ਸਹਾਇਤਾ ਕਰੇ। ਕੀ ਇਹ ਤੇਰੇ – ਟੋਟਲ ਗਿਣਨਾ,

ਹਿਸਾਬ-ਕਿਤਾਬ ਕੱਢਣਾ, ਜ਼ਰ੍ਹਬਾਂ ਦੇਣੀਆਂ, ਤਕਸਮਿਾਂ ਕਰਨੀਆਂ, ਜਮ੍ਹਾਂ ਕਰਨਾ, ਨਫੀ ਕਰਨੀ, ਸਵਾਏ, ਡੇਢੇ, ਊਂਰੇ, ਢੌਂਚਿਆਂ ਦੇ ਜਿਹੜੇ ਪਹਾੜੇ ਮੈਨੂੰ ਯਾਦ ਕਰਾਉਂਦਾ ਹੈਂ, ਇਹ ਦਰਗਾਹ ਵਿੱਚ ਵੀ ਕੰਮ ਆਉਣਗੇ? ਸੱਤ ਸਾਲ ਦੇ ਬੱਚੇ ਤੋਂ ਇਹ ਸਵਾਲ ਸੁਣ ਕੇ ਹੱਕਾ-ਬੱਕਾ ਰਹਿ ਗਿਆ। ਅਖੀਰ ਕਹਿਣ ਲੱਗਾ, "ਨਾਨਕ! ਐਸੀ ਪੜ੍ਹਾਈ ਤਾਂ ਹੈ ਪਰ ਉਹਦਾ ਟੀਚਰ ਵੀ ਹੋਰ ਐ, ਸਕੂਲ ਵੀ ਹੋਰ ਐ, ਕਾਗਜ਼ ਵੀ ਹੋਰ, ਕਲਮ ਵੀ ਹੋਰ, ਫੱਟੀ ਵੀ ਹੋਰ ਐ।" ਸੋ ਉਥੇ ਸਮਝਾਇਆ -

***ਜਾਲਿ ਮੋਹੁ ਘਸਿ ਮਸੁ ਕਰਿ***
***ਮਤਿ ਕਾਗਦੁ ਕਰਿ ਸਾਰੁ॥ ਅੰਗ - ੧੬***

ਤੇ ਸਾਰੇ ਸ਼ਬਦ ਦੇ ਅੰਦਰ ਦੱਸਿਆ ਕਿ ਐਸੀ ਪੜ੍ਹਾਈ ਕਰ ਜਿਹੜੀ ਨਾਲ ਜਾਵੇ, ਬਿਹੁ ਨ ਇਕੱਠੀ ਕਰ। ਸੰਸਾਰ ਬਿਹੁ ਇਕੱਠੀ ਕਰਦਾ ਹੈ। ਕਾਲ ਦਾ ਕੋਈ ਪਤਾ ਨਹੀਂ ਕਿ ਕਿਹੜੇ ਵੇਲੇ ਆ ਕੇ ਗੁਲੇਲਾ ਵੱਜ ਜਾਵੇ। ਫੇਰ ਪਛਤਾਉਂਦਾ ਹੈ ਕਿ ਮੈਂ ਤਾਂ ਕੁਛ ਵੀ ਨਹੀਂ ਕਿ ਕਿਹੜੇ ਵੇਲੇ ਆ ਕੇ ਗੁਲੇਲਾ ਵੱਜ ਜਾਵੇ। ਫੇਰ ਪਛਤਾਉਂਦਾ ਹੈ ਕਿ ਮੈਂ ਤਾਂ ਕੁਛ ਵੀ ਨਹੀਂ ਕਰਿਆ।

ਬਹੁਤ ਸਾਰੇ ਐਸੇ ਪ੍ਰੇਮੀ ਹੁੰਦੇ ਨੇ, ਐਨਾ ਉਨ੍ਹਾਂ ਨੂੰ ਮਾਇਆ ਨਾਲ ਪਿਅਰ ਹੁੰਦਾ ਹੈ ਕਿ ਮਰਦੇ ਦਮ ਤਾਂਈਂ ਇਹ ਕਹਿੰਦੇ ਨੇ ਕਿ ਨ ਬੈਂਕ ਦੇ ਬਾਰੇ ਮੈਂ ਆਪਣੇ ਬੱਚਿਆਂ ਨੂੰ ਖਬਰ ਦੇਵਾਂ, ਨਾ ਜਾਇਦਾਦ ਦਾ, ਨਾ ਕੋਠੀਆਂ ਦਾ, ਨਾ ਇੰਡਸਟਰੀਆਂ ਦਾ ਕੋਈ ਹੱਕ ਬੱਚਿਆਂ ਨੂੰ ਦੇਵਾਂ। ਮੈਂ ਨਾਲ ਲੈ ਕੇ ਜਾਊਂਗਾ। ਮਰ ਜਾਂਦੇ ਨੇ, ਸਾਰਾ ਕੁਛ ਉਥੇ ਹੀ ਰਹਿ ਜਾਂਦਾ ਹੈ। Complications (ਉਲਝਣਾਂ) ਸ਼ੁਰੂ ਹੋ ਜਾਂਦੀਆ ਨੇ ਬੱਚਿਆਂ ਵਾਸਤੇ, ਕਿਉਂਕਿ ਮੋਹ ਪੈ ਗਿਆ ਚੀਜ਼ਾਂ ਵਿੱਚ - ਛੱਡਣ ਨੂੰ ਤਿਆਰ ਨਹੀਂ ਹੁੰਦਾ।

ਸੋ ਮਹਾਰਾਜ ਕਹਿੰਦੇ ਨੇ ਕਿ ਬੰਦੇ ਨੇ ਬਿਹੁ ਨਾਲ ਮੋਹ ਪਾ ਲਿਆ - posion ਦੇ ਨਾਲ, ਬਿਖਿਆ ਦੇ ਨਾਲ। ਹੁਣ ਇਹਨੂੰ ਸਮਝਾਵੇ ਕਿਹੜਾ ਕਿ ਤੂੰ ਤਾਂ ਬਿਹੁ ਹੀ ਇਕੱਠੀ ਕਰੀ ਜਾਨੈ। ਨਾਮ ਦੀ ਇਹਨੂੰ ਸੋਝੀ ਕੋਈ ਨਹੀਂ ਹੈ, ਕੋਈ ਪਤਾ ਨਹੀਂ ਕਿ ਨਾਮ ਦਾ ਧਨ ਕੀ ਹੁੰਦਾ ਹੈ। ਹੈਰਾਨੀ ਹੁੰਦੀ ਹੈ ਕਿ ਬਾਵਜੂਦ ਇਸ ਦੇ ਕਿ ਸੰਸਾਰ ਦੇ ਅੰਦਰ ਮਹਾਂਪੁਰਸ਼ ਇੱਕੋ ਹੋਕਾ ਦਿੰਦੇ ਨੇ ਕਿ ਪਿਆਰਿਆ! ਜਿਥੇ ਕਿਸੇ ਨੇ ਵੀ ਤੇਰੀ ਸਹਾਇਤਾ ਕਰਨ ਨੂੰ ਨਹੀਂ ਬਹੁੜਨਾ, ਉਥੇ ਜੇ ਬਹੁੜਨਾ ਹੈ ਤਾਂ ਕੇਵਲ ਨਾਮ ਨੇ ਬਹੁੜਨਾ ਹੈ, ਹੋਰ ਨਹੀਂ ਕਿਸੇ ਨੇ ਬਹੁੜਨਾ। ਇਸ ਗੱਲ ਨੂੰ ਮੰਨਣ ਨੂੰ ਤਿਆਰ ਨਹੀਂ ਹੁੰਦਾ। ਮਹਾਰਾਜ ਐਸਾ ਫੁਰਮਾਨ ਕਰਦੇ ਨੇ -

***ਧਾਰਨਾ - ਤੇਰੀ ਨਾਮ ਨੇ ਸਹਾਇਤਾ ਕਰਨੀ,***
***ਔਖੀ ਵੇਲਾ, ਔਖੀ ਵੇਲਾ - ੨, ੩.***

***ਜਾ ਕਉ ਮੁਸਕਲੁ ਅਤਿ ਬਣੈ***
***ਢੋਈ ਕੋਇ ਨ ਦੇਇ ॥***
***ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥***
***ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥***
***ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥***
***ਅੰਗ - ੭੦***

ਜੇ ਉਹਦੇ ਨਾਮ ਚਿੱਤ ਆ ਜਾਵੇ, ਤੱਤੀ ਵਾ ਨਹੀਂ ਲਗ ਸਕਦੀ। ਅੱਗ ਜਾਲ ਨਹੀਂ ਸਕਦੀ, ਪਾਣੀ ਡੋਬ ਨਹੀਂ ਸਕਦਾ, ਤਲਵਾਰ ਕੱਟ ਨਹੀਂ ਸਕਦੀ। ਬਹੁਤ ਸਾਰੇ ਪ੍ਰੇਮੀ ਕਹਿਣਗੇ, ਇਹ ਤਾਂ_ਨਸਚਇਨਟਡਿਚਿ (ਸਾਇੰਸ ਦੇ ਉਲਟ) ਬਾਤ ਹੈ, ਇਹ ਗੱਲ ਹੋ ਨਹੀਂ ਸਕਦੀ। ਪਰ ਜੋ ਅਧਿਆਤਮਵਾਦ ਦਾ ਇਤਿਹਾਸ ਹੈ, ਉਹ ਇਹ ਦਸਦਾ ਹੈ ਕਿ ਇਕ ਸੱਤ ਸਾਲ ਦੇ ਬੱਚੇ ਨੇ ਨਾਮ ਦੀ ਸ਼ਰਨ ਲੈ ਲਈ, ਜਿਹੜਾ ਨਾਮ ਪ੍ਰਹਿਲਾਦ ਸੀ। ਸਾਰੀ ਸਟੇਟ ਦਾ ਕਾਨੂੰਨ, ਸਾਰੀਆਂ ਫੌਜਾਂ ਦੀ ਸ਼ਕਤੀ, ਰਾਜੇ ਦਾ ਹੁਕਮ ਇੱਕ ਪਾਸੇ ਹੈ ਤੇ ਉਹ ਬੱਚਾ ਆਪਣੇ ਇਰਾਦੇ ਦੇ ਉਤੇ ਦ੍ਰਿੜ੍ਹ ਹੈ। ਕਿੰਨੀਆਂ ਤਕਲੀਫਾਂ ਦਿੱਤੀਆਂ - ਸੱਪਾਂ ਦੇ ਵਿੱਚ ਬਿਠਾਲ ਦਿੱਤਾ, ਜ਼ਹਿਰੀਲੇ ਨਾਗ - ਜ਼ਹਿਰ ਨਾਲ ਭਰੇ ਹੋਏ ਫਰਾਟੇ ਮਾਰਦੇ, ਜਲੇ ਹੋਏ ਦਿਮਾਗ ਕਿ ਜ਼ਹਿਰ ਕੱਢੀਏ - ਬੱਚੇ ਕੋਲ ਜਾਂਦੇ ਹੀ ਠੰਢੇ ਹੋ ਗਏ ਕਿਉਂਕਿ ਨਾਮ ਦਾ ਅਸਰ, ਨਾਮ ਦੀ ਫੁਹਾਰ ਉਨ੍ਹਾਂ ਤੇ ਪੈਣੀ ਸ਼ੁਰੂ ਹੋ ਗਈ। ਨਾਮ ਠੰਢਾ-ਠਾਰ ਘੜਾ ਹੈ। ਤਨ ਮਨ ਸੀਤਲ ਹੋ ਜਾਂਦਾ ਹੈ ਤੇ ਜਦੋਂ ਫੁਹਾਰ ਉਨ੍ਹਾਂ ਤੇ ਪਈ - ਜਲਦੇ ਹੋਏ ਸੱਪਾਂ ਤੇ - ਜ਼ਹਿਰ ਉਨ੍ਹਾਂ ਨੂੰ ਭੁੱਲ ਗਈ, ਖੇਲ੍ਹਣ ਲੱਗ ਗਏ ਪ੍ਰਹਿਲਾਦ ਦੇ ਨਾਲ। ਅਖੀਰ ਸੋਚਿਆ ਕਿ ਜਾ ਕੇ ਉਹਦੀ ਲਾਸ਼ ਕੱਢ ਲਿਆਉ। ਅੱਗੇ ਗਏ ਤਾਂ ਸੱਪ ਖੇਲ੍ਹਦੇ ਨੇ, ਕੋਈ ਕਿਸੇ ਤਰੀਕੇ ਨਾਲ, ਕੋਈ ਕਿਸੇ ਤਰੀਕੇ ਨਾਲ। ਹੈਰਾਨ ਹੋ ਗਏ ਕਿ ਸੱਪ ਕਿਉਂ ਨਹੀਂ ਕੱਟ ਰਹੇ, ਆਪਣਾ ਸੁਭਾਉ ਕਿਉਂ ਬਦਲ ਗਏ। ਇਸ ਬਾਤ ਨੂੰ ਸਮਝ ਨਾ ਸਕੇ ਕਿ ਇਹਦੇ ਅੰਦਰ ਕੋਈ ਸ਼ਕਤੀ ਹੈ ਨਾਮ ਦੀ। ਕੋਈ ਵੀ ਨਹੀਂ ਸੰਸਾਰ ਵਿੱਚ ਸਮਝ ਸਕਦਾ।

ਦੂਸਰਾ, ਮਹਾਰਾਜ ਕਹਿੰਦੇ, ਇੱਕ ਬੀਬੀ ਇੱਕ ਸਟੇਟ ਦੀ ਕੋਰਟ ਦੇ ਵਿੱਚ ਘਿਰ ਗਈ, ਜ਼ੁਲਮ ਦੇ ਅੰਦਰ ਘਿਰ ਗਈ ਜਿਸ ਦਾ ਨਾਮ ਦ੍ਰੋਪਤੀ ਹੈ। ਉਹਦੇ ਪਤੀ, ਬਚਨ ਦੇ ਬੱਧੇ ਹੋਏ ਦੇਖ ਰਹੇ ਨੇ ਤੇ ਉਸ ਰਾਜੇ ਨੇ, ਜਿਸ ਦਾ ਨਾਮ 'ਦੁਰਯੋਧਨ' ਹੈ - ਹੁਕਮ ਕਰ ਦਿੱਤਾ ਕਿ ਇਹਨੂੰ ਸਾਰੀ ਸਭਾ ਦੇ ਸਾਮ੍ਹਣੇ ਨਗਨ ਕਰ ਦਿਓ। ਇਹ ਪਹਿਲਾ ਐਸਾ ਕਰਮ ਸੀ ਜੋ ਸੰਸਾਰ ਨੇ ਸੁਣਿਆ ਤੇ ਹੈਰਾਨ ਹੋ ਗਏ ਕਿ ਇਹ ਵੀ ਗੱਲ ਹੋ ਸਕਦੀ ਹੈ? ਐਥੋਂ ਤੱਕ ਮਾੜੇ ਇਰਾਦੇ ਤੇ ਤੁਲਿਆ ਹੋਇਆ ਹੈ? ਉਸ ਵੇਲੇ ਉਸ ਨੇ ਪਤੀਆਂ ਵੱਲ ਦੇਖਿਆ। ਨੀਵੀਆਂ ਪਾਈ ਬੈਠੇ ਨੇ, ਕੁਛ ਨਹੀਂ ਕਰ ਸਕਦੇ। ਫੇਰ ਉਹਨੇ ਆਪਣੇ ਬਲ ਵਲ ਤੱਕਿਆ ਕਿ ਨਹੀਂ, ਮੇਰਾ ਬਲ ਤਾਂ ਇਨ੍ਹਾ ਸਾਮ੍ਹਣੇ ਕੁਛ ਵੀ ਨਹੀਂ ਹੈ। ਉਸ ਵੇਲੇ ਉਹਨੇ ਕੀ ਕਰਿਆ? ਤੁਹਾਡੇ ਅੰਦਰ, ਸਭ ਦੇ ਅੰਦਰ, ਪੰਛੀਆਂ ਦੇ ਅੰਦਰ, ਸਾਰੇ ਸੰਸਾਰ ਦੇ ਅੰਦਰ, ਦਰਖਤਾਂ ਦੇ ਅੰਦਰ, ਪਹਾੜਾਂ ਦੇ ਅੰਦਰ, ਦਰਿਆਵਾਂ ਦੇ ਅੰਦਰ, ਪਲੈਨੇਟਸ ਦੇ ਅੰਦਰ ਉਹ ਜਿਹੜੀ ਸ਼ਕਤੀ ਹੈ, ਉਹ ਨਾਮ ਦੀ ਸ਼ਕਤੀ ਹੈ -

***ਨਾਮ ਕੇ ਧਾਰੇ ਸਗਲੇ ਜੰਤ ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਅੰਗ - ੨੮੪***

ਸਾਰੀਆਂ ਚੀਜ਼ਾਂ ਦੇ ਅੰਦਰ ਨਾਮ ਦੀ ਸ਼ਕਤੀ ਇੱਕ ਰਸ ਪਰੀਪੂਰਨ ਹੈ, ਉਸ ਵੱਲ ਉਹਦਾ ਧਿਆਨ ਚਲਿਆ ਗਿਆ, ਉਹਨੇ ਸ਼ਰਨ ਲੈ ਲਈ ਨਾਮ ਦੀ। ਉਸ ਵੇਲੇ ਕੀ ਹੋਇਆ -

*ਪੰਚਾਲੀ ਕਉ ਰਾਜ ਸਭਾ ਮਹਿ*
*ਰਾਮ ਨਾਮ ਸੁਧਿ ਆਈ ॥*
*ਤਾ ਕੋ ਦੂਖੁ ਹਰਿਓ ਕਰੁਣਾ ਮੈ*
*ਅਪਨੀ ਪੈਜ ਬਢਾਈ ॥ ਅੰਗ - ੧੦੦੮*

ਪੂਰੇ ਹਿਰਦੇ ਦੇ ਨਾਲ, ਪੂਰੇ faith (ਵਿਸ਼ਵਾਸ਼) ਨਾਲ ਨਾਮ ਦੀ ਸ਼ਰਨ ਲੈ ਲਈ -

*ਤਾ ਕੋ ਦੂਖੁ ਹਰਿਓ ਕਰੁਣਾ ਮੈ*
*ਅਪਨੀ ਪੈਜ ਬਢਾਈ ॥ ਅੰਗ - ੧੦੦੮*

ਉਸ ਵੇਲੇ ਉਹਦਾ ਦੁਖ ਹਰ ਦਿੱਤਾ -

*ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰ ਵਸਾਂਦੀ॥*
*ਭਾਈ ਗੁਰਦਾਸ ਜੀ, ਵਾਰ ੧੦/੮*

ਕੱਪੜਿਆਂ ਦਾ ਕਿਲ੍ਹਾ ਉਸਰ ਗਿਆ, ਦੂਤ ਲਾਹੁੰਦੇ ਲਾਹੁੰਦੇ ਥੱਕ ਗਏ -

*ਹਥ ਮਰੋੜਨਿ ਸਿਰੁ ਧੁਣਨਿ...............॥*
*ਭਾਈ ਗੁਰਦਾਸ ਜੀ, ਵਾਰ, ੧੦/੮*

ਲਾਹੁੰਣ ਵਾਲੇ, ਹੱਥ ਮਰੋੜਦੇ ਨੇ ਆਪਣੇ, ਤੇ ਸਿਰ ਹਿਲਾਉਂਦੇ ਨੇ -

*....................ਪਛੋਤਾਨਿ ਕਰਨਿ ਜਾਹਿ ਜਾਂਦੀ॥*
*ਭਾਈ ਗੁਰਦਾਸ ਜੀ, ਵਾਰ ੧੦/੮*

ਪਛਤਾਵਾ ਕਰਨਾ ਸ਼ੁਰੂ ਕਰ ਦਿਤਾ ਕਿ ਅਸੀਂ ਐਡੀ ਸ਼ਕਤੀ ਦੇ ਨਾਲ ਮੱਥਾ ਲਾਇਆ ਜਿਹਨੂੰ 'ਨਾਮ' ਕਹਿੰਦੇ ਨੇ - ਪ੍ਰਮੇਸ਼ਰ ਦਾ। ਉਹਨੂੰ ਹਾਰ ਨਾ ਦੇ ਸਕੇ। ਸੋ ਉਹ 'ਨਾਮ' ਸਾਧ ਸੰਗਤਿ ਜੀ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ॥ ਅੰਗ - ੨੯੩*

ਐਸ ਦੇਹੀ ਵਿੱਚ ਵਸਦਾ ਹੈ। ਪਿਛਲੀ ਵਾਰ ਮੈਂ ਬੇਨਤੀ ਕੀਤੀ ਸੀ ਕਿ ਮਰਦਾਨੇ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਪ੍ਰੈਕਟੀਕਲੀ ਇਹ ਗੱਲ ਸਮਝਾਈ ਸੀ - ਇੱਕ ਲਾਲ ਦੇ ਕੇ। ਇਕ ਸਾਲਸਰਾਏ ਜੌਹਰੀ ਸੀਗਾ ਜਿਹਨੇ ਉਸ ਲਾਲ ਦੀ ਕੀਮਤ ਦੇਖ ਕੇ ਕਿਹਾ ਕਿ ਇਸ ਲਾਲ ਦੀ ਕੀਮਤ ਕੋਈ ਨਹੀਂ। ਬਾਕੀ ਤਾਂ ਕੋਈ ਦੋ ਮੂਲੀਆਂ ਮੁੱਲ ਪਾਉਂਦਾ ਸੀ, ਕੋਈ ਦੋ ਗਜ਼ ਕੱਪੜਾ, ਕੋਈ ਅੱਧ ਸੇਰ ਮਠਿਆਈ ਮੁੱਲ ਪਾਉਂਦਾ ਸੀ। ਸੰਸਾਰ ਦਾ ਨਾਪ-ਤੋਲ ਉਨ੍ਹਾਂ ਦੇ ਆਪਣੇ ਹਿਸਾਬ-ਕਿਤਾਬ ਨਾਲ ਹੋਇਆ ਕਰਦਾ ਹੈ। ਹਿਤ ਹੋਵੇ, ਜ਼ਮੀਨ ਖੇਤ ਦੇ ਨਾਲ ਲਗਦੀ ਹੋਵੇ, ਫੇਰ ਤਾਂ ਦਸ ਹਜ਼ਾਰ ਰੁਪਿਆ ਏਕੜ ਦਾ ਵੱਧ ਦੇ ਦਊ, ੨੦ ਹਜ਼ਾਰ ਦੇ ਦਊ ਕਿਉਂਕਿ ਹਿਤ ਆ ਗਿਆ ਉਥੇ। ਜਿਸ ਚੀਜ਼ 'ਚ ਹਿਤ ਨਾ ਹੋਵੇ, ਕੌਡੀਆਂ ਦੇ ਭਾਅ ਵਿਕਦੀ ਵੀ ਨਹੀਂ ਲੈਂਦਾ। ਇਸੇ ਤਰ੍ਹਾਂ ਨਾਮ ਦੇ ਵਿੱਚ ਹਿਤ ਨਹੀਂ ਕਿਉਂਕਿ ਇਹ ਸਮਝਦਾ ਨਹੀਂ, ਨਾਮ ਕੀ ਹੈ। ਗੁਰੂ ਮਹਾਰਾਜ ਸਮਝਾਉਂਦੇ ਨੇ ਕਿ ਨਾਮ ਹੀ ਸਭ ਤੋਂ ਵੱਡੀ ਚੀਜ਼ ਹੈ। ਜਿਥੇ ਕਿਸੇ ਨੇ ਤੇਰੀ ਸਹਾਇਤਾ ਨਹੀਂ ਕਰਨੀ ਉਥੇ -

*ਜੇ ਕੋ ਹੋਵੈ ਦੁਬਲਾ ਨੰਗ ਭੁਖ ਕੀ ਪੀਰ ॥*
*ਦਮੜਾ ਪਲੈ ਨਾ ਪਵੈ ਨਾ ਕੋ ਦੇਵੈ ਧੀਰ ॥*
*ਸੁਆਰਥੁ ਸੁਆਉ ਨ ਕੋ ਕਰੇ*
*ਨਾ ਕਿਛੁ ਹੋਵੈ ਕਾਜੁ ॥*
*ਚਿਤਿ ਆਵੈ ਓਸੁ ਪਾਰਬ੍ਰਹਮੁ*
*ਤਾ ਨਿਹਚਲੁ ਹੋਵੈ ਰਾਜੁ ॥ ਅੰਗ - ੭੦*

ਕਹਿੰਦੇ ਨੇ, ਬਾਬਾ ਜੀ! ਨੌਕਰੀ ਨਹੀਂ ਮਿਲਦੀ, ਬੜੇ ਔਖੇ ਹਾਂ, ਬੜੇ ਤੰਗ ਹਾਂ। ਮਹਾਰਾਜ ਨੇ ਤਾਂ ਨੁਸਖੇ ਲਿਖੇ ਪਏ ਨੇ; ਗੁਰਬਾਣੀ ਦੀ ਵਿਚਾਰ ਕਰੋ, ਵਿਚਿ ਲਿਖਿਆ ਹੋਇਆ ਹੈ - 'ਚਿਤਿ ਆਵੈ ਓਸੁ ਪਾਰਬ੍ਰਹਮੁ ਤਾ ਨਿਹਚਲੁ ਹੋਵੈ ਰਾਜੁ॥' ਕਹਿੰਦੇ ਅਜਿਹਾ ਗਰੀਬ ਆਦਮੀ, ਇੱਕ ਪੈਸਾ ਉਹਦੇ ਹੱਥ ਵਿੱਚ ਨਹੀਂ ਆਉਂਦਾ, ਕੋਈ ਵੀ ਉਪਾਉ ਉਹਦਾ ਲੇਖੇ ਵਿੱਚ ਨਹੀਂ ਲਗਦਾ, ਸਕਾਰਥ ਨਹੀਂ ਆਉਂਦਾ। ਕੋਈ ਸੰਸਾਰ ਵਿੱਚ ਐਸਾ ਬੰਦਾ ਨਹੀਂ ਜਿਹੜਾ ਉਹਨੂੰ ਧੀਰਜ ਦੇਵੇ। ਕੋਈ ਸੁਆਰਥ ਕਿਸੇ ਕੰਮ ਨਹੀਂ ਆ ਰਿਹਾ, ਕੋਈ ਕਿਸੇ ਦੀ ਸਿਫਾਰਸ਼ ਨਹੀਂ ਲਗ ਰਹੀ। ਮਹਾਰਾਜ ਕਹਿੰਦੇ, ਸਭ ਤੋਂ ਵੱਡੀ ਸਿਫਾਰਸ਼ ਪ੍ਰਮੇਸ਼ਰ ਦੇ ਨਾਮ ਦੀ ਹੈ ਤੇ ਤੂੰ ਇੱਕ-ਇੱਕ ਪੈਸੇ ਨੂੰ ਟੋਲ੍ਹਦਾ ਫਿਰਦਾ ਹੈਂ; ਤੈਨੂੰ ਤਾਂ ਰਾਜ ਗੱਦੀ ਤਿਆਰ ਹੈ।

ਐਸੀਆਂ ਬੇਅੰਤ ਮਿਸਾਲਾਂ ਨੇ, ਜਿਨ੍ਹਾਂ ਨੇ ਨਾਮ ਦੀ ਸ਼ਰਨ ਲਈ। ਸੋ, ਨਾਮ ਨੂੰ ਛੱਡ ਦਿੱਤਾ, ਜਿਹੜਾ ਧੁਰ ਦਰਗਾਹ ਦਾ ਸਾਥੀ ਹੈ। ਸੰਸਾਰ ਦਾ ਹੀ ਸਾਥੀ ਨਹੀਂ, ਦਰਗਾਹ ਦਾ ਵੀ ਸਾਥੀ ਹੈ। ਉਹਨੂੰ ਛੱਡ ਕੇ ਬਿਹੁ ਇਕੱਠੀ ਕਰ ਰਿਹਾ ਹੈ ਕਿਉਂਕਿ ਬੰਦੇ ਨੂੰ ਅਜੇ ਨਹੀਂ ਪਤਾ। ਬੱਸ ਇਥੇ ਹੀ ਰਹਿੰਦਾ ਹੈ ਕਿ 'eat drink and be merry for we shall have to die.' ਖਾਓ ਪੀਓ ਐਸ਼ ਕਰੋ, 'ਬਾਬਰ ਆਲਮ ਦੁਬਾਰਾ ਨੇਸਤ'। ਮਹਾਰਾਜ ਕਹਿੰਦੇ, ਅੰਨ੍ਹੇ ਨੇ - ਅੰਨ੍ਹੇ। ਅੱਖਾਂ ਦੇ ਹੁੰਦੇ ਹੋਏ ਅੰਧੇ ਨੇ ਇਹ-

*ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥*
*ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥*
*ਅੰਗ - ੯੫੪*

ਜਿਹਨੂੰ ਖਸਮ ਦੀ ਪਛਾਣ ਨਹੀਂ, ਵਾਹਿਗੁਰੂ ਦੀ ਪਛਾਣ ਨਹੀਂ, ਉਹ ਸਭ ਬਲਨਿਦ (ਅੰਧੇ) ਤੁਰੇ ਫਿਰਦੇ ਨੇ ਕਿਉਂਕਿ ਪਤਾ ਨਹੀਂ ਹੈ। ਕੋਲ ਰਹਿੰਦੇ 'ਨਾਮ' ਦੀ ਕਦਰ ਨਹੀਂ ਜਾਣਦੇ, ਨਾ ਉਹਦਾ ਸਾਥ ਜਾਣਦੇ ਨੇ। ਉਹਨੂੰ ਛੱਡ ਕੇ ਬਿਹੁ ਇਕੱਠੀ ਕਰ ਜਾਂਦੇ ਨੇ। ਸੋ ਧੁਰ ਦਰਗਾਹ ਦਾ ਜੇ ਕੋਈ ਸਾਥੀ ਹੈ ਸੰਸਾਰ ਦੇ ਅੰਦਰ, ਤਾਂ ਨਾਮ ਹੈ। ਜੇ ਨਾਮ ਨੂੰ ਸਾਥੀ ਨਹੀਂ ਬਣਾਇਆ, ਫੇਰ ਕੀ ਹੁੰਦਾ ਹੈ? -

*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥*
*ਅੰਗ - ੧੨੮੧*

ਉਥੇ ਫੇਰ ਜਿੰਦੜੀ ਰੋਂਦੀ ਹੈ, ਡਰਦੀ ਹੈ ਕਿਉਂਕਿ ਇਹ

ਸਮਾਂ ਤਾਂ ਆਉਣਾ ਹੀ ਆਉਣਾ ਹੈ। ਸਾਧ ਸੰਗਤ ਜੀ! ਇਹਨੂੰ ਕੋਈ avoid (ਟਾਲ) ਨਹੀਂ ਕਰ ਸਕਦਾ। ਮੌਤ ਦਾ ਫਲ ਸਭ ਨੂੰ ਖਾਣਾ ਪੈਣਾ ਹੈ - ਕਿਸੇ ਨੂੰ ਮਾੜਾ ਲਗਣਾ ਹੈ, ਕਿਸੇ ਨੂੰ ਬਹੁਤ ਵਧੀਆ। ਸੋ, ਜਿਸ ਨੇ ਉਹ ਰਸਤਾ ਸਵਾਰ ਲਿਆ ਆਪਣਾ, ਓਥੇ ਵਾਸਤੇ ਤੋਸਾ ਇਕੱਠਾ ਕਰ ਲਿਆ, ਉਹ ਤਾਂ ਹੈ ਬੰਦਾ; ਜਿਨ੍ਹਾਂ ਨੇ ਨਹੀਂ ਕਰਿਆ, ਮਹਾਰਾਜ ਕਹਿੰਦੇ, ਬਿਲਕੁਲ ਹੀ ਬੇਅਕਲ ਨੇ - ਅੰਧੇ ਨੇ, ਮੂਰਖ ਲਿਖਿਆ -

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥***
***ਅੰਗ - ੨੫੧***

ਕਹਿੰਦੇ, ਦੁਨੀਆਂ ਵਿੱਚ ਤਾਂ ਆ ਗਏ, ਪਰ ਪਸ਼ੂ ਨੇ - ਪਸ਼ੂ ਵੀ ਢੋਰ। ਸਭ ਤੋਂ ਮੂਰਖ ਗਧੇ ਨੂੰ ਕਹਿੰਦੇ ਨੇ ਜਿਹੜਾ ਗੋਹੇ ਨਾਲ ਲਿਬੜੇ ਹੋਏ ਡੱਕੇ ਖਾ ਜਾਂਦਾ ਹੈ। ਕਹਿੰਦੇ, ਐਹੋ ਜਿਹੀ ਬੁੱਦੀ ਉਨ੍ਹਾਂ ਪੁਰਸ਼ਾਂ ਦੀ ਹੈ ਜਿਨ੍ਹਾਂ ਨੇ ਇਹ ਬੁੱਝਿਆ ਹੀ ਨਹੀਂ ਕਿ ਮੈਂ ਕੀ ਕਰਨ ਵਾਸਤੇ ਆਇਆ ਹਾਂ। ਨਾਮ ਇਹਦੇ ਨਾਲ ਹੈ, ਪ੍ਰਮੇਸ਼ਰ ਇਹਦੇ ਨਾਲ ਹੈ - ਦੋਇ ਚੀਜ਼ਾਂ ਨਾਲ ਨੇ; ਇਹਨੂੰ ਦੋਇ ਨਹੀਂ ਦਿਖਦੀਆ ਤੇ ਦੁਖੀ ਹੁੰਦਾ ਫਿਰਦਾ ਹੈ। ਜੇ ਨਾਮ ਦੀ ਕਮਾਈ ਨਹੀਂ ਕਰਦਾ ਫੇਰ ਕਹਿੰਦੇ, ਪ੍ਰੇਮੀਆਂ! ਤੈਨੂੰ ਬਹੁਤ ਪਛਤਾਉਣਾ ਪਏਗਾ, ਬਹੁਤ ਰੋਣਾ ਪਏਗਾ; ਫੇਰ ਇਹ ਗੱਲਾਂ ਸੁਣੀਆਂ ਹੋਈਆਂ ਤੇਰੇ ਯਾਦ ਆਉਣਗੀਆਂ। ਉਹ ਸਮਾਂ ਤੇਰਾ ਲੰਘ ਗਿਆ ਜਦੋਂ ਤੂੰ ਨਾਮ ਜਪਣਾ ਸੀ -

***ਅਬ ਨ ਭਜਸਿ ਭਜਸਿ ਕਬ ਭਾਈ ॥***
***ਆਵੈ ਅੰਤੁ ਨ ਭਜਿਆ ਜਾਈ ॥***
***ਜੋ ਕਿਛੁ ਕਰਹਿ ਸੋਈ ਅਬ ਸਾਰੁ ॥***
***ਫਿਰਿ ਪਛੁਤਾਹੁ ਨ ਪਾਵਹੁ ਪਾਰੁ ॥ ਅੰਗ - ੧੧੫੯***
***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥***
***ਨਾਨਕ ਸਮਿਓ ਰਮਿ ਗਇਓ***
***ਅਬ ਕਿਉ ਰੋਵਤ ਅੰਧ॥ ਅੰਗ - ੧੪੨੮***

Blind (ਅੰਨ੍ਹਿਆਂ)! ਹੁਣ ਤੂੰ ਰੋਣ ਲੱਗਿਆ ਹੈ। ਸਖਤੀ ਦੇ ਨਾਲ ਮਹਾਰਾਜ ਸਮਝਾ ਰਹੇ ਨੇ ਕਿ ਐਹੋ ਜਿਹੇ ਬੰਦੇ। ਕਹਿੰਦੇ ਨੇ ਅਸੀਂ ਅਕਲਮੰਦ ਹਾਂ, ਸਾਡੇ ਕੋਲ ਪੈਸੇ ਬੜੇ ਨੇ, ਅਸੀਂ ਅਹੁਦੇ ਖੱਟੇ ਨੇ, ਅਸੀਂ ਦੁਨੀਆਂ ਨੂੰ ਚਾਰ ਸਕਦੇ ਹਾਂ ਗੱਲਾਂ ਨਾਲ। ਪਰ ਜਿਹਨੂੰ ਆਪਣਾ ਹੀ ਨਹੀਂ ਪਤਾ, ਆਪਣੇ ਹਿਤ ਦਾ ਹੀ ਨਹੀਂ ਪਤਾ, ਉਹਦੇ ਨਾਲੋਂ ਕਮਲਾ ਕਿਹੜਾ ਹੈ? ਉਹ ਤਾਂ ਮੂਰਖ ਹੈ -

***ਕਲਿ ਮਹਿ ਪ੍ਰੇਤ ਜਿਨੀ ਰਾਮੁ ਨ ਪਛਾਤਾ॥***
***ਅੰਗ - ੧੧੩੧***

ਕਹਿੰਦੇ, ਉਹ ਪ੍ਰੇਤ ਹੈ ਜਿਹਨੇ ਰਾਮ ਦੀ ਪਛਾਣ ਨਹੀਂ ਕਰੀ ਕਿਉਂਕਿ ਰੋਣਾ ਪਵੇਗਾ, ਫੇਰ ਕੁਛ ਬਣਨਾ ਨਹੀਂ -

***ਧਾਰਨਾ - ਰੋਵੇਂਗੀ ਜਿੰਦੇ,***
***ਵੇਲਾ ਹੱਥ ਨਹੀਉਂ ਆਉਣਾ - ੨, ੨***
***ਹੱਥ ਨਹੀਉਂ ਆਉਣਾ,***
***ਵੇਲਾ ਹੱਥ ਨਹੀਉਂ ਆਉਣਾ -੨ ,੨.***
***ਰੋਵੇਂਗੀ ਜਿੰਦੇ, ਵੇਲਾ................-੨***

***ਆਪੀਨੈ ਭੋਗ ਭੋਗਿ ਕੈ***
***ਹੋਇ ਭਸਮੜਿ ਭਉਰੁ ਸਿਧਾਇਆ ॥***
***ਵਡਾ ਹੋਆ ਦੁਨੀਦਾਰੁ***
***ਗਲਿ ਸੰਗਲੁ ਘਤਿ ਚਲਾਇਆ ॥***
***ਅਗੈ ਕਰਣੀ ਕੀਰਤਿ ਵਾਚੀਐ***
***ਬਹਿ ਲੇਖਾ ਕਰਿ ਸਮਝਾਇਆ ॥***
***ਥਾਉ ਨ ਹੋਵੀ ਪਉਦੀਈ***
***ਹੁਣਿ ਸੁਣੀਐ ਕਿਆ ਰੂਆਇਆ ॥***
***ਮਨਿ ਅੰਧੈ ਜਨਮੁ ਗਵਾਇਆ ॥ ਅੰਗ - ੪੬੪***
***ਕਪੜੁ ਰੂਪੁ ਸੁਹਾਵਣਾ***
***ਛਡਿ ਦੁਨੀਆ ਅੰਦਰਿ ਜਾਵਣਾ॥***
***ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥***
***ਹੁਕਮ ਕੀਏ ਮਨਿ ਭਾਵਦੇ***
***ਰਾਹਿ ਭੀੜੈ ਅਗੈ ਜਾਵਣਾ ॥***
***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥***
***ਕਰਿ ਅਉਗਣ ਪਛੋਤਾਵਣਾ ॥ ਅੰਗ - ੪੭੦-੭੧***
***ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥***
***ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥***
***ਜਿਹ ਪੈਡੈ ਮਹਾ ਅੰਧ ਗੁਬਾਰਾ ॥***
***ਹਰਿ ਕਾ ਨਾਮੁ ਸੰਗਿ ਉਜੀਆਰਾ ॥***
***ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥***
***ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥***
***ਜਹ ਮਹਾ ਭਇਆਨ ਤਪਤਿ ਬਹੁ ਘਾਮ ॥***
***ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥***
***ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥***
***ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥***
***ਅੰਗ - ੨੬੪***

ਉਹ ਜੋ ਨਾਮ ਸਾਥੀ ਹੈ - ਧੁਰ ਦਰਗਾਹ ਦਾ, ਉਹਦੇ ਵਲੋਂ ਤਾਂ ਚੁੱਲ ਹੈ। ਜਿਹੜੀ poison (ਜ਼ਹਿਰ) ਹੈ, ਉਥੇ ਜਾ ਕੇ ਜਿਹਨੇ ਦੁੱਖ ਦਿਵਾਉਣੇ ਨੇ ਤੇ ਲੇਖੇ ਪੱਤੇ ਦਿਵਾਉਣੇ ਨੇ, ਉਹਦੇ ਵਾਸਤੇ ਹੁਸ਼ਿਆਰ ਹੋ ਗਿਆ। ਮਹਾਰਾਜ ਕਹਿੰਦੇ, ਕਮਲਾ ਹੈ। ਇਹਦੀ ਬੁੱਧੀ ਨੂੰ ਕੀ ਕਿਹਾ ਜਾਵੇ - ਸਿਆਣਾ ਕਿਹਾ ਜਾਵੇ ਜਾਂ ਕਮਲਾ ਕਿਹਾ ਜਾਵੇ। ਜਿਹੜੀ ਗੱਲ ਕਰਨੀ ਸੀ ਉਹ ਕਰ ਨਹੀਂ ਰਿਹਾ ਤੇ ਜਿਹੜੀ ਨਹੀਂ ਕਰਨੀ ਸੀ, ਜਿਦ ਦੀ ਬਾਬਤ ਮਹਾਂਪੁਰਸ਼ ਸਾਰੇ ਹੀ ਕਹਿੰਦੇ ਨੇ - ਨਾ ਸ਼ਰਾਬ ਪੀ, ਔਖਾ ਹੋ ਜਾਵੇਂਗਾ ਦਰਗਾਹ ਵਿੱਚ, ਬਹੁਤ ਔਖਾ ਹੋ ਜਾਵੇਂਗਾ। ਗੁਰੂ ਨਾਨਕ ਸਾਹਿਬ ਨੂੰ ਕਾਹਬਾ ਸ਼ਰੀਫ ਦੇ ਅੰਦਰ ਪੁੱਛਿਆ, "ਨਾਨਕ! ਇਹ ਤਾਂ ਦੱਸੋ, ਜਿਹੜੇ ਪਰਮੇਸ਼ਰ ਨੂੰ ਭੁੱਲ ਕੇ ਨਸ਼ੇ ਪੀਂਦੇ ਨੇ, ਉਨ੍ਹਾਂ ਦਾ ਜਦੋਂ ਜੀਵ ਆਤਮਾ ਜਾਏਗਾ ਓਥੇ, ਤਾਂ ਇੱਕ ਹਜ਼ਾਰ ਮਣ ਸਿੱਕਾ ਰੋਜ਼ ਘੋਲ ਕੇ, ਗਰਮ ਕਰਕੇ ਇਹਦੇ ਗਲ ਵਿਚੀਂ ਲੰਘਾਉਣਗੇ, ਫੇਰ ਚੀਕਾਂ ਮਾਰੇਗਾ। ਹੁਣ ਇਹ ਆਵਾਜ਼ ਨਹੀਂ ਸੁਣਦਾ -

***ਜਿਤੁ ਪੀਤੈ ਮਤਿ ਦੂਰਿ ਹੋਇ***
***ਬਰਲੁ ਪਵੈ ਵਿਚਿ ਆਇ ॥***

***ਆਪਣਾ ਪਰਾਇਆ ਨ ਪਛਾਣਈ***
***ਖਸਮਹੁ ਧਕੇ ਖਾਇ ॥***
***ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥***
***ਅੰਗ - ੫੫੪***

ਦਰਗਾਹ ਵਿੱਚ ਸਜ਼ਾ ਮਿਲੇਗੀ। ਹੁਣ ਆਵਾਜ਼ਾਂ ਦਿੰਦੇ ਨੇ, ਇਹ ਆਵਾਜ਼ ਤਾਂ ਸੁਣਦਾ ਹੀ ਨਹੀਂ, ਸਗੋਂ ਸ਼ੇਰ ਵਰਗਾ ਹੋ ਜਾਂਦਾ ਹੈ। ਇਸ ਤਰ੍ਹਾ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਬੁਰਿਆਂ ਕੰਮਾਂ ਨੂੰ ਸ਼ੇਰ ਬਣ ਜਾਵੇ,***
***ਚੰਗਿਆਂ ਨੂੰ ਆਲਸ ਕਰੇ - ੨, ੨.***
***ਚੰਗਿਆਈ ਆਲਕੁ ਕਰੇ ਬੁਰਿਆਈ ਹੋਇ ਸੇਰੁ ॥***
***ਨਾਨਕ ਅਜੁ ਕਲਿ ਆਵਸੀ***
***ਗਾਫਲ ਫਾਹੀ ਪੇਰੁ ॥ ਅੰਗ - ੫੧੮***

ਬਾਵਜੂਦ ਐਨਾ ਸਮਝਾਉਣ ਦੇ, ਜੇ ਫੇਰ ਭੀ ਬੰਦਾ ਨਾ ਸਮਝ ਸਕੇ ਸਿੱਧੀ ਜਿਹੀ ਗੱਲ, ਫੇਰ ਤਾਂ ਉਹਨੂੰ ਕਹਿ ਨਹੀਂ ਸਕਦਾ ਕੋਈ ਕਿ ਇਹ ਅਕਲ ਵਾਲਾ ਬੰਦਾ ਹੈ। ਆਪੇ ਹੀ ਆਪਣੇ ਦਿਲ ਦੇ ਅੰਦਰ ਸਹੀ ਅੰਦਾਜ਼ਾ ਲਾ ਲੈਣਾ ਚਾਹੀਦਾ ਹੈ। ਜੇ ਕਹੇ, ਅਸੀਂ ਗੁਰੂ ਸਾਹਿਬ ਦੀ ਬਾਤ ਤਾਂ ਨਹੀਂ ਮੰਨਦੇ, ਜੇ ਕੋਈ ਸਾਇੰਸ ਵਾਲਾ ਕਹੇ, ਕੋਈ ਮੈਡੀਕਲ ਵਾਲਾ ਕਹੇ; ਮੈਡੀਕਲ ਵਾਲਿਆਂ ਤੋਂ ਪੁੱਛ ਲਓ, ਉਹ ਕਹਿੰਦੇ ਨੇ ਜੇ ਤਮਾਕੂ ਦੀ ਵਰਤੋਂ ਕਰੇਂਗਾ - ਅਮਰੀਕਾ ਦੇ ਅੰਦਰ ਬੜੇ ਮਗਰ ਪਏ ਨੇ ਤਮਾਕੂ ਦੇ, ਪੀਣ ਨਹੀਂ ਦਿੰਦੇ। ਜਹਾਜ਼ਾਂ ਵਿੱਚ ਬੰਦ ਕਰ ਦਿੱਤਾ, ਵੱਡੇ-ਵੱਡੇ ਦਫਤਰਾਂ ਵਿੱਚ, ਵੱਡੇ-ਵੱਡੇ ਸਟੋਰਾਂ ਵਿੱਚ ਬੰਦ ਕਰ ਦਿੱਤਾ, ਵੱਡੇ-ਵੱਡੇ ਦਫਤਰਾਂ ਵਿੱਚ, ਵੱਡੇ-ਵੱਡੇ ਸਟੋਰਾਂ ਵਿੱਚ ਬੰਦ ਕਰ ਦਿਤਾ - No smoking, No smoking, (ਸਿਗਰਟ ਪੀਣਾ ਮਨ੍ਹਾ ਹੈ) ਹੋਟਲਾਂ ਦੇ ਅੰਦਰ ਵੱਡਾ ਸਾਰਾ ਲਿਖਿਆ ਹੋਇਆ ਹੈ, Warning! you are entering 'No Smoking Zone', ਜੇ ਸਿਗਰਟ ਪੀਣੀ ਹੈ, ਔਧਰ ਜਾਓ, ਐਧਰ ਨਾ ਜਾਓ। ਵਾਤਾਵਰਣ ਸ਼ੁੱਧ ਰਹੇ, ਤਹਿਰੀਕਾਂ ਚਲਦੀਆਂ ਨੇ ਕਿ ਸਾਡੀ ਹਵਾ ਖਰਾਬ ਨਾ ਕਰੋ, ਇਹ ਕੁਦਰਤ ਨੇ ਸਾਡੇ ਸਾਹ ਲੈਣ ਵਾਸਤੇ ਦਿੱਤੀ ਹੈ - ਪੂਰਣ (ਸ਼ੁੱਧ) ਹਵਾ, ਇਹ ਕਾਰਖਾਨਿਆਂ ਨੇ ਖਰਾਬ ਕਰ ਦਿੱਤੀ, ਧੂੰਏਂ ਨੇ ਖਰਾਬ ਕਰ ਦਿੱਤੀ। ਇੰਡੀਆਂ ਦਾ ਤਾਂ ਹਾਲ ਹੀ ਬੜਾ ਮਾੜਾ ਹੈ, ਏਥੇ ਹੋਰ ਸਿਗਰਟਾਂ ਦੇ ਧੂੰਏਂ ਨੇ ਖਰਾਬ ਕਰ ਦਿੱਤੀ। ਉਹ ਕਹਿੰਦੇ, ਬਾਕੀ ੨੦% ਸ਼ਰਾਬ ਦੇ ਨਸ਼ਿਆਂ ਵਾਲੇ ਹੋਇਆ ਕਰਦੇ ਨੇ ੧੦% ਜਿਨ੍ਹਾਂ ਨੂੰ ਕੋਈ ਖਾਨਦਾਨੀ ਬਿਮਾਰੀ ਹੁੰਦੀ ਹੈ ਜਾਂ ਕੋਈ ਵੈਸੇ ਹੀ ਹੋ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਉਹ ਵੀ ਕਹਿੰਦੇ ਨੇ ਕਿ ਨਾ ਵਰਤੋ ਇਹਨੂੰ। ਧਰਮ ਵੀ ਇਹ ਕਹਿੰਦਾ ਹੈ ਕਿ ਤੇਰੀ ਬੁੱਧੀ ਮਲੀਨ ਹੋ ਜਾਏਗੀ, ਲਿਵ ਨਹੀਂ ਕਾਇਮ ਰਹਿਣੀ, ਤਮੋ ਗੁਣ ਪ੍ਰਧਾਨ ਹੋ ਜਾਏਗਾ। ਨਾ ਤੂੰ ਇਹੋ ਜਿਹੀਆਂ ਚੀਜ਼ਾਂ ਖਾਹ। ਤੂੰ ਸਤੋ ਗੁਣੀ ਚੀਜ਼ਾਂ ਖਾਹ - 'ਜੈਸਾ ਅੰਨ ਤੈਸਾ ਮਨ।' ਉਹਦੇ ਨਾਲ ਤੇਰਾ ਭਜਨ ਕਰਨ ਵਾਲਾ ਮਨ ਬਣਨਾ ਹੈ, ਨਹੀਂ ਤਾਂ ਇਹ ਛਲਾਂਗਾਂ ਮਾਰਨ ਵਾਲਾ ਮਨ ਬਣਨਾ ਹੈ ਦੋ ਗੁਣਾਂ ਨਾਲ - ਤਮੋ ਗੁਣ ਤੇ ਰਜੋ ਗੁਣ ਨਾਲ। ਉਹਨੇ ਭਜਨ ਵਿੱਚ ਨਹੀਂ ਬੈਠਣਾ, ਗੁਟਕਾ ਤੇਰੇ ਹੱਥ ਵਿੱਚ ਰਹਿ ਜਾਊਗਾ, ਛੜੱਪੇ ਮਾਰਦਾ ਫਿਰੇਗਾ, ਕਦੇ ਐਧਰ, ਕਦੇ ਓਧਰ - ਕਿਉਂਕਿ ਖ਼ੁਰਾਕ ਵਿੱਚ ਫਰਕ ਹੈ, ਪੁਸ਼ਾਕ ਵਿੱਚ ਫਰਕ ਹੈ, ਰਹਿਣ ਸਹਿਣ ਵਿੱਚ ਫਰਕ ਹੈ, ਗੱਲਬਾਤ ਵਿੱਚ ਫਰਕ ਹੈ। ਸੋ ਇਸ ਤਰ੍ਹਾਂ ਦੇ ਨਾਲ ਸਮਝਾਉਂਦੇ ਨੇ, ਪਰ ਇਹ ਸਮਝਦਾ ਨਹੀਂ।

ਸੋ ਵਿਚਾਰ ਇਹ ਸੀ ਕਿ ਆਦਮੀ ਨੂੰ ਔਖਾ ਵੇਲਾ, ਸਾਧ ਸੰਗਤਿ ਜੀ! ਜ਼ਰੂਰ ਆਉਣਾ ਹੈ। ਅੱਜ ਦੇ ਹਾਲਾਤ ਵਿੱਚ ਫਸਿਆ ਹੋਇਆ ਕੋਈ ਬੰਦਾ ਸੁਖੀ ਹੈ? ਪੈਸਾ ਉਹਦੇ ਕੋਲ ਹੈ, ਉਹਦੇ ਬਾਲ-ਬੱਚੇ ਨੇ, ਰਿਸ਼ਤੇਦਾਰ ਹੈਗੇ, ਤੇ ਆਲੇ ਦੁਆਲੇ ਖੇੜਾ ਹੈ। ਮਹਾਰਾਜ ਕਹਿੰਦੇ, ਭੁਲੇਖਾ ਹੈ; ਇਹ ਇਵੇਂ ਜਿਵੇਂ ਹੈ ਜਿਵੇਂ ਬੱਦਲ ਆ ਜਾਵੇ - ਭਾਦੋਂ ਦੇ ਮਹੀਨੇ, ਬੱਦਲਾਂ ਦੀ ਥੋੜ੍ਹੀ ਦੇਰ ਵਾਸਤੇ ਛਾਂ ਹੋ ਜਾਵੇ। ਉਹਦੇ ਵਿੱਚ ਤੂੰ ਮਸਤ ਨਾ ਰਹਿ, ਸਦੀਵੀ ਨਹੀਂ ਰਹਿਣ ਵਾਲੀਆਂ ਇਹ ਚੀਜ਼ਾਂ -

***ਧਾਰਨਾ - ਧਨ ਜੋਬਨ ਫੁੱਲਾਂ ਦੀਆਂ ਵਾੜੀਆਂ,***
***ਖਿੜੀਆਂ ਨ ਸਦਾ ਰਹਿਣੀਆਂ - ੨, ੨.***
***ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥***
***ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥***
***ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥***
***ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥***
***ਅੰਗ - ੨੩***

ਸਦਾ ਇੱਕ ਅਵਸਥਾ ਨਹੀਂ ਰਹਿੰਦੀ। ਇਸ ਦੇ ਵਿੱਚ ਆਦਮੀ ਭੁੱਲ ਗਿਆ, ਕਹਿੰਦਾ ਹੈ, ਮੇਰਾ ਸਰੀਰ ਸਦਾ ਹੀ ਰਹੇ, ਤੰਦਰੁਸਤ ਰਹੇ। ਕੋਈ ਐਕਸੀਡੈਂਟ ਹੋ ਜਾਂਦਾ ਹੈ, ਤੁਰਦਾ ਫਿਰਦਾ ਹੈ - ਕੋਈ ਅੰਗ ਟੁੱਟ ਜਾਂਦਾ ਹੈ, ਕੋਈ ਗਲਤ ਗੱਲ ਹੋ ਜਾਂਦੀ ਹੈ, ਬਾਲ-ਬੱਚਿਆਂ ਦੇ ਵਿੱਚ ਖੁਸ਼ ਹੈ; ਝਪਟਾ ਪੈਂਦਾ ਹੈ, ਪਰ ਕੋਈ ਪਤਾ ਹੀ ਨਹੀਂ ਰਹਿੰਦਾ ਕਿ ਕੀ ਹੋ ਗਿਆ। ੧੯੮੪ ਵਿੱਚ ਇਕ ਰਾਤ ਪਹਿਲਾਂ ਕਿਸੇ ਨੂੰ ਨਹੀਂ ਸੀ ਪਤਾ ਕਿ ਕੱਲ੍ਹ ਨੂੰ ਕੀ ਹੋ ਜਾਣਾ ਹੈ। ਕਿੱਡਾ ਝਪਟਾ ਪੈ ਗਿਆ ਸਾਧਸੰਗਤਿ ਜੀ -

***ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ ॥***
***ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥***
***ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ ॥***
***ਜੋ ਮਨਿ ਚਿਤਿ ਨ ਚੇਤੇ ਸਨਿ***
***ਸੋ ਗਾਲੀ ਰਬ ਕੀਆਂ ॥ ਅੰਗ - ੧੩੮੩***

ਜੇ ਚੀਜ਼ਾਂ ਸਦਾ ਰਹਿਣ ਵਾਲੀਆਂ ਹੁੰਦੀਆਂ, ਫੇਰ ਰੱਖ ਲੈਂਦਾ ਮਨੁੱਖ। ਇਹ ਨਹੀਂ ਰਿਹਾ ਕਰਦੀਆਂ। ਸੋ ਇਸ ਤਰ੍ਹਾ ਮਨੁੱਖ ਸਮਝਦਾ ਨਹੀਂ। ਇਨ੍ਹਾਂ ਚੀਜ਼ਾਂ ਵਿੱਚ ਪਰਚਿਆ ਹੋਇਆ ਹੈ, ਬਿਹੁ ਇਕੱਠੀ ਕਰੀ ਜਾਂਦਾ ਹੈ ਤੇ ਜਿਹੜੀ ਚੀਜ਼ ਨਾਲ ਜਾਣੀ ਹੈ, ਉਹਨੂੰ ਇਕੱਠੀ ਨਹੀਂ ਕਰਦਾ। ਕਹਿੰਦਾ ਹੈ, ਜੀ ਸਾਨੂੰ ਤਾਂ ਪਤਾ ਨਹੀਂ ਕਿ ਨਾਲ ਕੀ ਜਾਏਗਾ। ਸਰੀਰ ਵੀ ਨਹੀਂ ਸਾਡਾ ਤਾਂ ਨਾਲ ਜਾਂਦਾ, ਕੱਪੜੇ ਵੀ ਨਾਲ ਨਹੀਂ ਜਾਂਦੇ, ਕੋਠੀਆਂ ਵੀ ਨਾਲ ਨਹੀਂ ਜਾਂਦੀਆਂ, ਬੈਂਕ ਦਾ ਪੈਸਾ ਵੀ ਨਹੀਂ ਨਾਲ ਜਾਂਦਾ। ਫੇਰ ਕਾਹਨੂੰ ਇਨ੍ਹਾਂ ਦੇ ਵਿੱਚ ਫਸਿਆ ਹੈ ਜੇ ਨਾਲ ਨਹੀਂ ਜਾਣੀਆਂ। ਜੇ ਤੈਨੂੰ ਨਹੀਂ ਪਤਾ, ਫਿਰ ਗੁਰੂ ਤੋਂ ਪੁੱਛ ਲੈ ਕਿ ਮਹਾਰਾਜ! ਕੋਈ ਚੀਜ਼ ਨਾਲ ਵੀ

ਜਾਂਦੀ ਹੈ? ਨਾਲ ਤਾ ਬਹੁਤ ਕੁਛ ਜਾਂਦਾ ਹੈ -ਤੇਰੇ ਮਾੜੇ ਕਰਮ ਵੀ ਨਾਲ ਜਾਂਦੇ ਨੇ - ਭਾਰੀ ਪੱਥਰ, ਤੇਰੇ ਚੰਗੇ ਕਰਮ ਵੀ ਨਾਲ ਜਾਂਦੇ ਨੇ ਪਰ ਇਹ ਦੋਇ ਭਾਰ ਨੇ। ਪਹਾੜ ਦੀ ਚੜ੍ਹਾਈ ਦੇ ਉੱਤੇ ਚਾਹੇ ਮਣ ਰੂੰ ਚੁੱਕ ਲਓ, ਚਾਹੇ ਮਣ ਦਾ ਪੱਥਰ ਚੁੱਕ ਲਓ - ਇਕੋ ਹੀ ਗੱਲ ਹੋਇਆ ਕਰਦੀ ਹੈ। ਤੇ ਸੁਖ ਦੇਣ ਵਾਲੀ ਕੋਈ ਚੀਜ਼! ਉਹ ਨਾਮ ਹੈ ਪ੍ਰਮੇਸ਼ਰ ਦਾ -

***ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥***

***ਅੰਗ - ੨੬੪***

ਓਥੇ ਤਾਂ ਨਾਮ ਨੇ ਸਹਾਇਤਾ ਕਰਨੀ ਹੈ ਤੇਰੀ, ਹੋਰ ਕਿਸੇ ਚੀਜ਼ ਨੇ ਸਹਾਇਤਾ ਨਹੀਂ ਕਰਨੀ। ਜਦੋਂ ਤੂੰ ਬਹੁਤ ਔਖਾ ਹੋਵੇਂਗਾ, ਓਥੇ ਇਹ ਧਨ ਖੱਟਿਆ ਹੋਇਆ ਤੇਰੇ ਕੰਮ ਆਵੇਗਾ। ਜਿਵੇਂ ਐਥੋਂ ਅਮਰੀਕਾ ਜਾਣਾ ਹੈ, ਪੈਸੇ ਇਕੱਠੇ ਕਰ ਲਓ, ਡਾਲਟਾਂ ਵਿੱਚ convert ਕਰ ਲਓ - ਓਥੇ ਜਾ ਕੇ ਸੁਖਾਲੇ ਰਹੀਦਾ ਹੈ - ਨਹੀਂ ਤਾਂ ਓਥੇ ਕਿਸ ਤੋਂ ਮੰਗੇ ਜਾ ਕੇ। ਇਹ ਰੁਪਿਆਂ ਦਾ ਭਰ ਕੇ ਲੈ ਜਾਓ ਬੈਗ, ਓਥੇ ਪੁੱਛਦਾ ਵੀ ਨਹੀਂ ਕੋਈ ਕਿ ਇਹ ਤਾਂ ਕਾਗਜ਼ ਨੇ ਕਿਉਂਕਿ ਉਸ ਥਾਂ ਦਾ ਇਹ ਸਿੱਕਾ ਨਹੀਂ ਹੈ। ਜਿਹੜਾ ਸਿੱਕਾ ਜਿਸ ਦੇਸ਼ ਦਾ ਹੁੰਦਾ ਹੈ, ਉਹ ਹੀ ਉਥੇ ਚਲਦਾ ਹੈ। ਸੋ ਦਰਗਾਹ ਦੇ ਅੰਦਰ ਜੇ ਕੋਈ ਸਿੱਕਾ ਹੈ - ਭਾਰੀ ਸਿੱਕਾ, ਜਿਸ ਦਾ ਥੋੜ੍ਹੇ ਦਾ ਹੀ ਬਹੁਤ ਮੁੱਲ ਹੈ, ਉਹ ਨਾਮ ਦਾ ਸਿੱਕਾ ਹੈ। ਮਹਾਰਾਜ ਕਹਿੰਦੇ, ਉਹ ਧਨ ਖੱਟ ਲੈ ਪ੍ਰੇਮੀਆ -

***ਧਾਰਨਾ - ਪਿਆਰੇ ਜੀ,***
***ਦਰਗਹ ਵਿੱਚ ਮਾਣ ਪਾਵੇਂਗਾ- ੨, ੨.***
***ਸਾਥੀ ਦਰਗਹ ਦਾ ਨਾਮ ਧਨ ਖੱਟ ਲੈ - ੨, ੨.***
***ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ॥***
***ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ॥ ਅੰਗ - ੨੮੮***

ਤੱਤ ਜਿਹੜਾ ਪੱਲੇ ਰਹਿਣ ਵਾਲਾ ਹੈ - ਜਿਸਨੂੰ ਨਾ ਕੋਈ ਚੋਰ ਖੋਹ ਸਕਦਾ ਹੈ, ਨਾ ਜਮਦੂਤ ਲੁੱਟ ਸਕਦਾ ਹੈ, ਨਾ ਧਰਮਰਾਜਾ ਇਹਦੇ ਉੱਤੇ ਕੋਈ ਡੰਨ ਲਾ ਸਕਦਾ ਹੈ - ਐਸਾ ਧਨ ਹੈ। ਜਿਹੜਾ ਵੀ ਖੱਟ ਕੇ ਦਰਗਾਹ ਵਿੱਚ ਜਾਂਦਾ ਹੈ, ਮਹਾਰਾਜ ਕਹਿੰਦੇ -

***ਰੇ ਰੇ ਦਰਗਹ ਕਹੈ ਨ ਕੋਊ ॥***
***ਆਉ ਬੈਠੁ ਆਦਰੁ ਸੁਭ ਦੇਊ ॥ ਅੰਗ - ੨੫੨***

ਸਭ ਆਦਰ ਦੇਣਗੇ ਕਿਉਂਕਿ ਨਾਮ ਦਾ ਜੋ ਖੱਟਣ ਵਾਲਾ ਹੈ, ਜਿਹਨੇ ਨਾਮ ਦਾ ਧਨ ਖੱਟ ਲਿਆ, ਉਹ ਕੋਈ ਮਾਮੂਲੀ ਆਦਮੀ ਨਹੀਂ ਹੋਇਆ ਕਰਦਾ। ਸੰਸਾਰ ਦੀ ਨਿਗਾਹ ਵਿੱਚ ਹੋ ਸਕਦਾ ਹੈ ਕਿਉਂਕਿ ਇਹਦਾ ਗਜ਼ ਸੋਨੇ ਦਾ ਹੈ, ਪੈਸੇ-ਟਕੇ, ਜਾਇਦਾਦ ਨਾਲ ਕਿਸੇ ਬੰਦੇ ਨੂੰ ਨਾਪਦੇ ਨੇ। ਰਿਸ਼ਤਾ ਕਰਨ ਜਾਣਾ ਹੋਵੇ, ਪਹਿਲਾਂ ਪੁੱਛਦੇ ਨੇ - ਕਿੰਨੀ ਜਾਇਦਾਦ ਹੈ? ਟਰੱਕ ਚਲਦੇ ਨੇ ਜੀ, ਜ਼ਮੀਨ ਐਨੀ ਹੈ, ਟਰੈਕਟਰ ਚਲਦੇ ਨੇ, ਘਰ ਤਾਂ ਚੰਗਾ ਹੈ। ਅਗਾਹਾਂ ਵਾਲੀ ਗੱਲ ਨਹੀਂ। ਅੱਗੇ ਤਾਂ ਨਹੀਂ ਦੇਖਦੇ ਕਿ ਚਾਲ ਚਲਣ ਵੀ ਹੈ ਉਹਦਾ? ਸ਼ਰਾਬੀ ਕਬਾਬੀ ਹੈ ਜਾਂ ਕਿਹੋ ਜਿਹਾ ਹੈ - ਲੰਪਟ ਹੈ, ਝੂਠਾ ਹੈ, ਜੁਏਬਾਜ਼ ਹੈ। ਇਹ ਬਾਤ ਓਥੇ ਹੈ ਨਹੀਂ, ਕਿਉਂਕਿ ਦੁਨੀਆਂ ਦਾ ਜੋ ਨਾਪ ਹੇ, ਉਹ ਸੋਨੇ ਦੇ ਗਜ਼ ਨਾਲ ਨਾਪਿਆ ਜਾਂਦਾ ਹੈ - ਹਰੇਕ ਦੀ ਸਖਸ਼ੀਅਤ ਨੂੰ - ਗੁਰੂ ਨਹੀਂ ਨਾਪਦਾ। ਗੁਰੂ ਦਾ ਨਾਪ - ਦਰਗਾਹ ਦਾ ਨਾਪ ਹੈ ਜਿਥੇ ਜਾ ਕੇ ਪੱਤ ਪ੍ਰਵਾਨ ਪੈਣੀ ਹੈ -

***ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ॥***

***ਅੰਗ - ੪੬੯***

ਉਥੇ ਦਰਗਾਹ ਵਿੱਚ ਜਾ ਕੇ ਪਤਿ ਪ੍ਰਵਾਨ ਪੈਣੀ ਹੈ - ਵੱਟੇ ਹੋਰ ਨੇ, ਓਥੇ ਹੋ ਤਰੀਕੇ ਨਾਲ ਤੋਲਿਆ ਜਾਂਦਾ ਹੈ, ਨਾਪਿਆ ਜਾਂਦਾ ਹੈ। ਉਥੇ ਜੋ ਨਾਮ ਧਨ ਵਾਲਾ ਹੈ, ਉਹ ਸਭ ਤੋਂ ਵੱਡਾ ਹੋਇਆ ਕਰਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਚਿੱਤ ਹਰੀ ਦੇ ਨਾਲ ਨਾਲ ਲੱਗਿਆ,***
***ਰਾਜਾ ਸਾਰੀ ਦੁਨੀਆਂ ਦਾ - ੨, ੨***
***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥***
***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥***
***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥***

***ਅੰਗ - ੭੦੭***

ਐਸੇ adverse (ਭੈੜੇ) ਹਾਲਾਤ; ਸੰਸਾਰ ਦੀ ਨਿਗ੍ਹਾ ਵਿੱਚ ਟੁੱਟੀ ਹੋਈ ਝੌਂਪੜੀ ਵਿੱਚ ਰਹਿਣ ਵਾਲਾ, ਪਾਟੇ ਹੋਏ ਕੱਪੜਿਆਂ ਵਾਲਾ; ਕੋਈ ਜਾਤ ਅੱਛੀ ਨਾ ਹੋਵੇ, ਪੱਤ ਨਾ ਹੋਵੇ, ਕੋਈ ਮਿੱਤਰ ਨਾ ਹੋਵੇ, ਜੰਗਲਾਂ ਵਿੱਚ ਘੁੰਮਦਾ ਰਹਿੰਦਾ ਹੋਵੇ - ਕੀ ਕਹਿਣਗੇ - ਬੈਠਣ ਵੀ ਨਹੀਂ ਦਿੰਦਾ ਕੋਲ ਕੋਈ, ਕਿ ਇਹ ਤਾਂ ਐਵੇਂ ਹੀ ਹੈ ਫਾਲਤੂ ਆਦਮੀ - ਕੁਛ ਨਹੀਂ ਹੈ। ਸੋ ਮਹਾਰਾਜ ਕਹਿੰਦੇ, ਜੇ ਉਹਦੇ ਚਿੱਤ ਵਿੱਚ ਪ੍ਰਮੇਸ਼ਰ ਦਾ ਨਾਮ ਵਸਿਆ ਹੋਇਆ ਹੈ, ਉਹ ਰਾਜਾ ਹੈ ਸਾਰੀ ਸ੍ਰਿਸ਼ਟੀ ਦਾ, ਕਾਇਨਾਤ ਦਾ। ਉਹਦਾ ਹੁਕਮ ਏਥੇ ਹੀ ਨਹੀਂ ਚੱਲਦਾ -

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥***

***ਅੰਗ - ੧੮੬***

ਵੱਡੇ-ਵੱਡੇ ਬਾਦਸ਼ਾਹਾਂ ਦੀਆਂ ਮਿਸਾਲਾਂ ਨੇ।

ਜਹਾਂਗੀਰ - ਹਿੰਦੁਸਤਾਨ ਦਾ ਬਾਦਸ਼ਾਹ। ਆਪ ਦੇ ਬੜੀ ਉਮਰ ਤਕ ਔਲਾਦ ਨ ਹੋਈ। ਉਸ ਵੇਲੇ ਪੁੱਛਿਆ ਕਿ ਕੋਈ ਹੈ ਪ੍ਰਮੇਸ਼ਰ ਦਾ ਪਿਆਰਾ? ਬੇਅੰਤ ਸਨ ਉਸ ਵੇਲੇ ਲੇਕਿਨ ਦੱਸ ਪਈ ਇਕ ਮਹਾਤਮਾ ਦੀ, ਜੋ ਲੁਧਿਆਣੇ ਤੋਂ ਥੋੜ੍ਹੀ ਦੂਰ 'ਜਗਰਾਵਾਂ' ਰਿਹਾ ਕਰਦੇ ਸੀ। ਜਹਾਂਗੀਰ ਓਥੇ ਆਪਣੇ ਬਹੁਤ ਹਾਥੀ ਘੋੜਿਆਂ ਦੇ ਨਾਲ ਉਨ੍ਹਾਂ ਦੇ ਦੀਦਾਰ ਕਰਨ ਵਾਸਤੇ ਗਿਆ। ਖੜਕਾ ਸੁਣਿਆ ਉਨ੍ਹਾਂ ਨੇ, ਆਪ ਭੋਰੇ ਵਿੱਚ ਰਿਹਾ ਕਰਦੇ ਸੀ। ਇਕ ਬੀਬੀ ਡਿਊਟੀ ਦਿਆ ਕਰਦੀ ਸੀ ਜਿਸ ਦਾ ਨਾਉਂ ਬਾਨੋ ਸੀ। ਅੰਦਰੋਂ ਆਵਾਜ਼ ਦਿੱਤੀ -

"ਇਹ ਕੌਣ ਹੈ? ਕਿਉਂ ਐਨਾ ਰੌਲਾ ਹੈ?"

"ਹਜ਼ੂਰ! ਆਪ ਦੀ ਜ਼ਿਆਰਤ ਵਾਸਤੇ ਸ਼ਹਿਨਸ਼ਾਹ-ਏ-ਹਿੰਦ ਆ ਰਿਹਾ ਹੈ।"

"ਸ਼ਹਿਨਸ਼ਾਹ ਦਾ ਮੇਰੇ ਨਾਲ ਕੀ ਕੰਮ। ਮੈਨੂੰ ਕੋਈ ਕੰਮ ਨਹੀਂ।"

"ਨਹੀਂ ਹਜ਼ੂਰ! ਆ ਰਹੇ ਨੇ - ਵਧਦੇ ਆ ਰਹੇ ਨੇ।"

"ਜਾਉ! ਅੱਗੇ ਹੋ ਕੇ ਰੋਕੋ ਉਨ੍ਹਾਂ ਨੂੰ।"

ਬਾਬਾ ਬੁੱਢਾ ਜੀ ਜਦੋਂ ਬੀੜ ਵਿੱਚ ਬੈਠੇ ਨੇ, ਮਾਤਾ ਗੰਗਾ ਜੀ ਮਿਲਣ ਜਾਂਦੇ ਨੇ। ਉਸ ਵੇਲੇ ਆਪ ਨੇ ਖੜਕਾ ਸੁਣਿਆ - ਆਪ ਸਮਾਧੀ ਸਥਿਤ ਸਨ। ਸੇਵਾਦਾਰ ਨੂੰ ਕਹਿਣ ਲੱਗੇ, "ਇਹ ਕਾਹਦਾ ਰੌਲਾ-ਗੌਲਾ ਹੈ, ਘੰਗਰਾਲਾਂ ਖੜਕਦੀਆਂ ਆਉਂਦੀਆਂ ਨੇ, ਜੰਗ ਖੜਕਦੇ ਨੇ ਰਥਾਂ ਦੇ - ਇਹ ਕੀ ਗੱਲ ਹੈ, ਐਨਾ ਰੌਲਾ-ਗੌਲਾ ਕਿਉਂ ਹੈ?" ਕਹਿਣ ਲੱਗਿਆ, "ਮਹਾਰਾਜ! ਗੁਰੂ ਕੇ ਮਹਿਲ ਆ ਰਹੇ ਨੇ'।" ਕਹਿੰਦੇ, "ਗੁਰੂ ਕੇ ਮਹਿਲ ਆ ਰਹੇ ਨੇ।" ਕਹਿੰਦੇ, "ਗੁਰੂ ਕੇ ਮਹਿਲਾਂ ਨੂੰ ਭਾਜੜ ਕਿਧਰੋਂ ਪੈ ਗਈ?" ਵਰ ਲੈਣ ਜਾਂਦੇ ਸੀ। ਸਹਿਜ ਸੁਭਾਅ ਬਚਨ ਹੋ ਗਏ। ਹੁਣ ਉਸ ਬਚਨ ਨੂੰ ਕੋਈ ਟਾਲਣ ਵਾਲਾ ਨਹੀਂ ਹੈ। ਭਾਜੜ ਪੈ ਗਈ। ਸੋ ਇਸ ਤਰ੍ਹਾਂ like (ਪਸੰਦ) ਨਹੀਂ ਕਰਦੇ ਮਹਾਤਮਾ।

ਸੋ ਉਸ ਵੇਲੇ ਕਹਿਣ ਲੱਗੇ, "ਰੋਕੋ ਇਸਨੂੰ, ਕਿਆ ਚਾਹੁੰਦਾ ਹੈ, ਪੁੱਛੋ ਇਸਨੂੰ।" ਅੱਗੇ ਵਧੀ ਬੀਬੀ, ਦੂਰ ਜਾ ਕੇ ਰੋਕਿਆ। ਰੋਕੇ ਸਾਰੇ, ਕਿਉਂਕਿ ਮੰਗਤਾ ਬਣ ਕੇ ਨਹੀਂ ਸੀ ਆ ਰਿਹਾ, ਬਾਦਸ਼ਾਹ ਬਣ ਕੇ ਆ ਰਿਹਾ ਸੀ। ਉਹ ਚੀਜ਼ ਨਹੀਂ ਮਿਲਦੀ, ਬਾਕੀ ਚੀਜ਼ਾਂ ਮਿਲ ਜਾਂਦੀਆਂ ਨੇ। ਜੋ ਸੰਤਾਂ ਦੇ ਦਰ ਤੋਂ ਚੀਜ਼ ਮਿਲਦੀ ਹੈ, ਉਹ ਨਾ ਪੈਸੇ ਨਾਲ ਮਿਲਦੀ ਹੈ, ਨਾ ਕਿਸੇ ਹਕੂਮਤ ਦੇ ਜ਼ੋਰ ਨਾਲ ਮਿਲਦੀ ਹੈ। ਉਹ ਤਾਂ ਬਖਸ਼ਿਸ਼ ਹੋਵੇ ਉਨ੍ਹਾਂ ਦੀ, ਤਾਂ ਮਿਲਿਆ ਕਰਦੀ ਹੈ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ ਜੋ ਸੰਤਾਂ ਕੋਲ ਚੀਜ਼ਾਂ ਨੇ, ਉਹ ਪੈਸੇ ਟਕਿਆਂ ਨਾਲ ਨਹੀਂ ਮਿਲਿਆ ਕਰਦੀਆਂ। ਉਹ ਤਾਂ ਸ਼ੁੱਧ ਭਾਵਨਾ ਹੋਵੇ, ਸੇਵਾ 'ਚ ਲੱਗੇ, ਫਿਰ ਜਾ ਕੇ ਪ੍ਰਾਪਤ ਹੋਇਆ ਕਰਦੀਆ ਨੇ -

***ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ - ੨, ੨***

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥ ਅੰਗ - ੨੬੬***

ਦੁੱਖ ਨਹੀਂ ਮਿਟਦਾ, ਡਾਕਟਰ ਜਵਾਬ ਦੇ ਦਿੰਦੇ ਨੇ। ਪੈਸੇ ਨਾਲ ਪੁੱਤਰ ਨਹੀਂ ਹਾਸਲ ਹੋਇਆ ਕਰਦੇ, ਪੈਸੇ ਦੇ ਨਾਲ ਧਰਮ ਨਹੀਂ ਹਾਸਲ ਹੋਇਆ ਕਰਦਾ; ਧਰਮ, ਅਰਥ, ਕਾਮ, ਮੋਖ, ਵਾਸ਼ਨਾਵਾਂ, ਕਾਮਨਾਵਾਂ ਪੂਰੀਆਂ ਨਹੀਂ ਹੋਇਆ ਕਰਦੀਆਂ। ਚਾਰ ਚੀਜ਼ਾਂ ਪੂਰੀਆਂ ਹੋ ਜਾਂਦੀਆ ਨੇ, ਬਾਦਸ਼ਾਹ ਵੀ ਮੰਗਤਾ ਹੋ ਕੇ ਖੜ੍ਹਦਾ ਹੈ।

ਹਮਾਯੂੰ - ਬਾਬਰ ਦਾ ਲੜਕਾ। ਬਾਬਰ ਤੋਂ ਬਾਅਦ ਉਸਨੇ ਹਿੰਦੁਸਤਾਨ ਦਾ ਰਾਜ ਕਰਿਆ। ਉਸ ਵੇਲੇ ਸ਼ੇਰਸ਼ਾਹ ਅਫਗਾਨ - ਸ਼ੇਰ ਸ਼ਾਹ ਸੂਰੀ - ਉਹਤੋਂ ਹਮਾਯੂੰ ਹਾਰ ਖਾ ਗਿਆ, ਦੌੜਿਆ ਜਾਂਦਾ ਹੈ - ਕਿਤੇ ਟਿਕਾਣਾ ਨਹੀਂ ਮਿਲਿਆ। ਪਤਾ ਲੱਗਿਆ ਕਿ ਸਾਡੇ ਕਦਮ ਏਥੇ ਕਿਸ ਤਰ੍ਹਾਂ ਜੰਮੇ ਸੀ। ਕਹਿਣ ਲੱਗਿਆ, ਇਕ ਵਾਅਦਾ ਦਿਤਾ ਸੀ, ਇਕ ਜ਼ਮਾਨਤ ਦਿਤੀ ਸੀ - ਕੌਣ ਸੀ? ਉਹ ਗੁਰੂ ਨਾਨਕ ਸੀ। ਇਹ ਜ਼ਮਾਨਤ ਦਿਤੀ ਸੀ ਕਿ ਹੇ ਗੁਰੂ ਨਾਨਕ! ਸਾਨੂੰ ਹਿੰਦੁਸਤਾਨ ਦਾ ਰਾਜ ਬਖਸ਼ ਦੇ। ਅਸੀਂ ਹਿੰਦੂ, ਮੁਸਲਮਾਨ ਸਭ ਨੂੰ ਇਕ ਨਿਗ੍ਹਾ ਨਾਲ ਦੇਖਾਂਗੇ, ਦੋ ਨਾਲ ਨਹੀਂ ਦੇਖਾਂਗੇ। ਇਨਸਾਫ ਦਾ ਰਾਜ ਕਰਾਂਗੇ, ਜ਼ੁਲਮ ਨਹੀਂ ਕਰਾਂਗੇ ਤੇ ਉਹਦੀ ਬਖਸ਼ਿਸ਼ ਦੇ ਨਾਲ ਸਾਨੂੰ ਰਾਜ ਦੀ ਪ੍ਰਾਪਤੀ ਹੋਈ ਸੀ। ਉਹਨੇ ਇਹ ਵੀ ਕਹਿ ਦਿੱਤਾ ਸੀ -

***ਆਵਨਿ ਅਠਤਰੈ ਜਾਨਿ ਸਤਾਨਵੈ***
***ਹੋਰੁ ਭੀ ਉਠਸੀ ਮਰਦ ਕਾ ਚੇਲਾ॥ ਅੰਗ - ੭੨੩***

ਕੀ ਸੰਨ ਹੈ? ਕਹਿੰਦੇ ੯੮ ਹੈ। ਕਹਿੰਦਾ, ਹੁਣ ਉਥੇ ਹੀ ਚੱਲੋ - ਗੁਰੂ ਮਹਾਰਾਜ ਕੋਲ। ਉਥੇ ਹੀ ਆ ਗਏ - ਖਡੂਰ ਸਾਹਿਬ। ਅੱਗੇ ਮਹਾਰਾਜ ਆਪਣੇ ਧਿਆਨ ਵਿੱਚ ਮਹੱਵ ਸਨ, ਸਵੈ-ਸਰੂਪ ਵਿਚ ਮਹਵ ਸਨ। ਨੇਤਰ ਖੁਲ੍ਹੇ ਨੇ ਤੇ ਸ੍ਰਿਸ਼ਟੀ ਦਾ ਰੰਗ ਕੁਛ ਹੋਰ ਦੇਖਦੇ ਨੇ। ਬਾਦਸ਼ਾਹ ਆ ਗਿਆ। ਮਹਾਂਪੁਰਸ਼ਾਂ ਨੂੰ ਬਾਦਸ਼ਾਹ ਕੁਛ ਨਹੀਂ ਹੋਇਆ ਕਰਦਾ। ਫੇਰ ਬਾਦਸ਼ਾਹ ਮੰਗਤਾ ਬਣ ਕੇ ਮੰਗਣ ਵਾਸਤੇ ਆਇਆ। ਮਹਾਰਾਜ ਨੇ ਧਿਆਨ ਨਾ ਦਿਤਾ - ਪੰਦਰਾਂ ਮਿੰਟ ਖੜ੍ਹਾ ਰਿਹਾ। ਹਉਮੈ ਜਾਗ ਪਈ ਕਿ ਜੇ ਹਾਰ ਵੀ ਗਿਆ - ਸ਼ੇਰ ਸ਼ਾਹ ਸੂਰੀ ਤੋਂ, ਐਨਾ ਤਾਂ ਨਹੀਂ ਮੈਂ ਗਿਰਿਆ ਹੋਇਆ ਕਿ ਇਹ ਮੇਰੇ ਨਾਲ ਗੱਲ ਹੀ ਨਾ ਕਰਨ। ego (ਹਉਮੈ) ਉਠ ਖੜ੍ਹੀ, ਫਤੂਰ ਉਠ ਖੜ੍ਹਿਆ ਤੇ ਤਲਵਾਰ ਚੁੱਕ ਲਈ। ਮਹਾਰਾਜ ਨੇ ਦ੍ਰਿਸ਼ਟੀ ਕਰੀ। ਹੱਥ ਨਹੀਂ ਚੱਲਦਾ, ਬਾਂਹ ਖੜ੍ਹੀ ਹੈ, ਹੈਰਾਨ ਹੁੰਦਾ ਹੈ ਕਿ ਸਾਧੂਆਂ ਤੇ ਤਲਵਾਰ ਨਹੀਂ ਚਲ ਰਹੀ। ਮਹਾਰਾਜ ਕਹਿੰਦੇ, "ਹਮਾਯੂੰ! ਇਹ ਤੇਰੀ ਬਹਾਦਰੀ ਓਦੋਂ ਕਿਥੇ ਗਈ ਸੀ ਜੰਗ ਦੇ ਮੈਦਾਨ ਵਿੱਚ, ਉਥੇ ਨ ਚੱਲ ਸਕੀ ਤੇਰੀ ਤਲਵਾਰ! ਹੁਣ ਸੰਤਾਂ ਤੇ ਆ ਕੇ ਤਲਵਾਰਾਂ ਚੁਕਦਾ ਹੈ।" ਸ਼ਰਮਿੰਦਾ ਹੋ ਗਿਆ, ਚਰਨਾਂ ਤੇ ਢਹਿ ਪਿਆ; ਕਹਿਣ ਲੱਗਿਆ, "ਪ੍ਰਭੂ! ਗਲਤੀ ਹੋ ਗਈ, ਮੈਥੋਂ ਭੁੱਲ ਹੋ ਗਈ, ਬਾਦਸ਼ਾਹੀ ਹਉਮੈਂ ਆ ਗਈ।" ਕਹਿੰਦੇ, "ਜਾਹ! ਤੈਨੂੰ ਹੁਣੇ ਹੀ ਬਾਦਸ਼ਾਹੀ ਬਖਸ਼ ਦਿਤੀ ਜਾਣੀ ਸੀ - ੧੪ ਸਾਲ ਭਟਕਦਾ ਫਿਰੀਂ ਇਸ ਗੱਲ ਦੀ ਸਜ਼ਾ ਪਾ ਕੇ - ਚੌਧੀਂ ਸਾਲੀਂ ਆਈਂ, ਇਨਸਾਫ ਦਾ ਰਾਜ ਕਰੀਂ, ਰਾਜ ਮਿਲ ਜਾਏਗਾ ਤੈਨੂੰ। ਰਾਜ ਤਾਂ ਕਿਸੇ ਨੇ ਕਰਨਾ ਹੀ ਹੈ।"

ਜੇ ਕੋਈ ਕਹੇ, ਮਹਾਰਾਜ ਦਸ਼ਮੇਸ਼ ਪਿਤਾ ਨੇ ਮੁਗਲਾਂ ਨੂੰ ਰਾਜ ਕਿਉਂ ਦਿਤਾ? ਰਾਜਾ ਤਾਂ ਕਿਸੇ ਨੇ ਕਿਸੇ ਨੇ ਬਣਨਾ ਹੀ ਹੈ। ਗੁਰੂ ਦਸ਼ਮੇਸ਼ ਪਿਤਾ ਜੀ ਦੇ ਪਾਸ ਭਾਈ ਨੰਦ ਲਾਲ ਜੀ ਬਿਰੌਰ ਵਿਖੇ ਆਉਂਦੇ ਨੇ। ਬੇਨਤੀ ਕਰਦੇ ਨੇ, "ਮਹਾਰਾਜ! ਐਸ ਵੇਲੇ ਸ਼ਹਿਜ਼ਾਦਾ ਮੁਅੱਜ਼ਮ ਬਹੁਤ ਸੰਕਟ ਵਿੱਚ ਹੈ। ਵੱਡਾ ਪੁੱਤਰ ਹੈ, ਰਾਜ ਦਾ ਹੱਕਦਾਰ ਹੈ, ਉਹਦਾ ਰਗਿਹਟ (ਹੱਕ) ਹੈ ਗੱਦੀ ਦੇ ਉਤੇ, ਧੱਕੇ ਨਾਲ ਤਾਰਾ ਆਜ਼ਮ ਰਾਜ ਲੈ ਰਿਹਾ ਹੈ ਤੇ ਤੁਸੀਂ ਕ੍ਰਿਪਾ ਕਰਦੇ

ਕਰੋ, ਮੈਨੂੰ ਤੁਹਾਡੇ ਪਾਸ ਭੇਜਿਆ ਹੈ।" ਮਹਾਰਾਜ ਕਹਿੰਦੇ, "ਕਸਾਈ ਤਾਂ ਨਹੀਂ ਅਸੀਂ ਗੱਦੀ ਤੇ ਬਿਠਾਉਣਾ। ਜੇ ਉਹ ਸੱਚਮੁੱਚ ਰਾਜਾ ਬਣ ਕੇ ਬੈਠਣਾ ਚਾਹੁੰਦਾ ਹੈ ਤਾਂ ਠੀਕ ਹੈ, ਕਿਸੇ ਨਾ ਕਿਸੇ ਨੇ ਤਾਂ ਗੱਦੀ ਲੈਣੀ ਹੀ ਹੈ, ਫੇਰ ਤੇਰੀ ਸੁਹਬਤ ਹੈ ਉਸਨੂੰ।" ਨੰਦ ਲਾਲ ਜੀ ਨੇ ਸਿਫਾਰਸ਼ ਕਰੀ। ਮਹਾਰਾਜ ਕਹਿੰਦੇ, "ਜਾਹ, ਪੁੱਛ ਕੇ ਆ ਇਹ ਗੱਲਾਂ ਪਹਿਲਾਂ।" ਦੁਬਾਰਾ ਫੇਰ ਆ ਜਾਂਦੇ ਨੇ। ਫੇਰ ਆ ਕੇ ਉਹਨੇ ਕਿਹਾ ਕਿ ਹਾਂ, ਜਿਵੇਂ ਗੁਰੂ ਮਹਾਰਾਜ ਕਹਿਣਗੇ, ਉਵੇਂ ਹੀ ਰਾਜ ਕਰਾਂਗੇ। "ਜਾਹ, ਫਿਰ ਇਹ ਜ਼ਾਮਨੀ ਦਿੰਦੇ ਹਾਂ, ਰਾਜ ਅਸੀਂ ਲੈ ਦਿਆਂਗੇ। ਆਪਣੇ ਹੱਥੀਂ ਤਾਰਾ ਆਜ਼ਮ ਨੂੰ ਮਾਰਾਂਗੇ।"

ਓਹ ਗੱਲ ਨਹੀਂ ਕਿ ਰਾਜ, ਗੁਰੂ ਮਹਾਰਾਜ ਨੇ ਕਿਸੇ ਨੂੰ, ਮੁਗਲਾਂ ਨੂੰ, ਮੁਸਲਮਾਨਾਂ ਨੂੰ ਕਿਉਂ ਦਿਵਾ ਦਿਤਾ। ਪਹਾੜੀ ਰਾਜੇ ਕੌਣ ਸੀ ਜਿਨ੍ਹਾਂ ਨੇ ਗੁਰੂ ਮਹਾਰਾਜ ਨੂੰ ਤੰਗ ਕਰ ਦਿਤਾ ਸੀ ਜਿਨ੍ਹਾਂ ਦੀ ਬਦੌਲਤ ਚਾਰੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਹੋਣਾ ਪਿਆ, ਅਨੰਦਪੁਰ ਸਾਹਿਬ ਨੂੰ ਬਰਬਾਦੀ ਦੇ ਦਿਨ ਦੇਖਣੇ ਪਏ, ਬੇਅੰਤ ਸਿੱਖ - ਬ੍ਰਹਮ ਗਿਆਨ ਦੀ ਅਵਸਥਾ ਦੇ, ਮੈਦਾਨ-ਏ-ਜੰਗ ਵਿੱਚ ਸ਼ਹੀਦ ਹੋਏ। ਕੀਹਨੇ ਕਰਾਏ? ਮਹਾਰਾਜ ਨੇ ਤਾਂ ਕਿਹਾ ਸੀ ਕਿ ਤੁਸੀਂ ਸਤਿ ਦਾ ਰਹਿਣਾ ਸਹਿਣਾ ਕਬੂਲ ਕਰ ਲਓ, ਤੁਹਾਨੂੰ ਰਾਜ ਭਾਰਤ ਵਰਸ਼ ਦਾ ਦਿਵਾ ਦਿੰਦੇ ਹਾਂ। ਸੋ ਇਹ ਗੱਲ ਨਹੀਂ ਹੈ।

ਮਹਾਰਾਜ ਕਹਿਣ ਲੱਗੇ, ਚੌਦਾਂ ਸਾਲ ਤੈਨੂੰ ਭਟਕਣਾ ਪਵੇਗਾ। ਚੌਦਾਂ ਸਾਲ ਤੋਂ ਬਾਅਦ ਫਿਰ ਆਇਆ। ਸੋ ਉਹ ਬਾਦਸ਼ਾਹ ਹੁੰਦੇ ਨੇ - ਸਾਰੀ ਸ੍ਰਿਸ਼ਟੀ ਦੇ। ਸੰਸਾਰ ਦੀ ਚਾਲ ਨੂੰ, ਦਰਿਆ ਨੂੰ ਕਹਿ ਦੇਣ ਕਿ ਰੁਕ ਜਾ.............। ਮਹਾਰਾਜਾ ਰਣਜੀਤ ਸਿੰਘ ਨੂੰ ਖਬਰ ਆਈ ਜਮਰੌਦ ਤੋਂ ਕਿ ਜੇ ਤੁਸੀਂ ਛੇਤੀਂ ਤੋਂ ਛੇਤੀਂ ਕੁਮਕ ਲੈ ਕੇ ਉੱਥੇ ਨਾ ਪਹੁੰਚੇ, ਤੋਪਖਾਨੇ ਨਾ ਲਿਆਂਦੇ ਤਾਂ ਇਹ ਸ਼ਾਹ ਸੁਜਾਅ ਜਿਹੜਾ ਅਸੀਂ ਰੋਕਿਆ ਹੋਇਆ ਹੈ - ਕਾਬੁਲ ਦਾ ਬਾਦਸ਼ਾਹ; ਐਨੇ ਹਜ਼ਾਰ ਹੈ, ਐਨਾ ਮੁਲਖਈਆ ਹੈ, ਦੋ ਲੱਖ ਤੋਂ ਵੱਧ ਗਿਣਤੀ ਹੈ, ਰਸਤੇ ਵਿਚ ਕੋਈ ਸਰਦਾਰ ਨਹੀਂ ਜਿਹੜਾ ਇਹਦਾ ਮੁਕਾਬਲਾ ਕਰ ਸਕੇ। ਹਰੀ ਸਿੰਘ ਨਲੂਆਂ ਚੜ੍ਹਾਈ ਕਰ ਚੁਕਿਆ ਹੈ ਤੇ ਤੁਸੀਂ ਛੇਤੀ ਤੋਂ ਛੇਤੀ ਆ ਜਾਉ। ਉਸ ਵੇਲੇ ਬਹੁਤ ਕਾਹਲੀ ਦੇ ਨਾਲ ਸਫਰ ਆਪ ਨੇ ਦਿਨ ਰਾਤ ਇਕ ਕਰਕੇ ਕਰਿਆ। ਦਰਿਆ ਸਿੰਧ ਦੇ ਕੰਢੇ ਤੇ ਪਹੁੰਚ ਜਾਂਦੇ ਨੇ ਜਿਸਨੂੰ ਉਸ ਵੇਲੇ ਅਟਕ ਕਹਿੰਦੇ ਸੀ, ਸਭ ਨੂੰ ਅਟਕਾਉਂਦਾ ਸੀ, ਕੋਈ ਨਹੀਂ ਸੀ ਜਿਹੜਾ ਅਟਕ ਦੇ ਕੰਢੇ ਤੇ ਅਟਕਿਆ ਨਾ ਹੋਵੇ। ਉਸ ਵੇਲੇ ਰਣਜੀਤ ਸਿੰਘ ਘਬਰਾ ਗਿਆ, ਕਹਿਣ ਲੱਗਾ ਕਿ ਕਿਵੇਂ ਕਰੀਏ? ਤੇ ਸ੍ਰਿਸ਼ਟੀ ਦਾ ਬਾਦਸ਼ਾਹ ਨਾਲ ਜਾ ਰਿਹਾ ਸੀ - 'ਬਾਬਾ ਬੀਰ ਸਿੰਘ ਜੀ'। ਕਹਿਣ ਲੱਗਾ, "ਮਹਾਂਪੁਰਸ਼ੋ ਬਹੁਤ ਸੰਕਟ ਆ ਗਿਆ ਹੈ, ਕ੍ਰਿਪਾ ਕਰੋ।" ਬਾਰ-ਬਾਰ ਬੇਨਤੀ ਕਰਦੇ ਨੇ ਤੇ ਉਸ ਵੇਲੇ ਬਾਬਾ ਜੀ ਕਹਿਣ ਲੱਗੇ, "ਕੋਈ ਨਹੀਂ -

***ਭੈ ਵਿਚਿ ਪਵਣੁ ਵਹੈ ਸਦਵਾਉ ॥***
***ਭੈ ਵਿਚਿ ਚਲਹਿ ਲਖ ਦਰੀਆਉ ॥***
***ਭੈ ਵਿਚਿ ਅਗਨਿ ਕਢੈ ਵੇਗਾਰਿ ॥***
***ਭੈ ਵਿਚਿ ਧਰਤੀ ਦਬੀ ਭਾਰਿ ॥ ਅੰਗ - ੪੬੪***

ਇਹ ਤਾਂ ਸਾਰੇ ਪ੍ਰਮੇਸ਼ਰ ਦੇ ਭੈ ਵਿੱਚ ਚਲਦੇ ਨੇ; ਕੋਈ ਨਾ, ਅਸੀਂ ਕਹਿ ਦਿੰਦੇ ਹਾਂ।" ਕੰਢੇ ਤੇ ਜਾ ਕੇ ਕਹਿਣ ਲੱਗੇ, "ਲੈ ਬਈ, ਅਸੀਂ ਦੋ ਘੰਟੇ ਵਾਸਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ ਹੈ - ਤੇਰੇ ਵਿੱਚ ਖੜ੍ਹੇ ਹੋ ਕੇ, ਤੇ ਤੂੰ ਰਾਹ ਦੇ ਦੇ।" ਉਸ ਵੇਲੇ ਦਰਿਆ, ਉਛਲਦਾ ਕੰਢਿਆਂ ਦੇ ਉਪਰ ਦੀ - ਗਿੱਟੇ-ਗਿੱਟੇ ਹੋ ਗਿਆ। ਬਾਬਾ ਜੀ ਕਹਿਣ ਲੱਗੇ, "ਅਸੀਂ ਹਾਥੀ ਤੇ ਬੈਠ ਕੇ ਪਾਠ ਕਰਾਂਗੇ, ਤੁਸੀਂ ਲੰਘ ਜਾਉ।" ਸਾਰੀ ਫੌਜ ਲੰਘ ਗਈ; ਇਕ ਕੰਪਨੀ ਰਹਿ ਗਈ। ਉਹ ਕੰਪਨੀ ਨਾਸਤਕ ਸੀ - ਸਾਰੀ ਹੀ। ਇੱਕੋ ਗੱਲ ਕਹਿਣ ਕਿ ਦਰਿਆ ਕਿਵੇਂ ਉਤਰ ਸਕਦਾ ਹੈ, ਇਹ ਗੱਲ ਹੋ ਸਕਦੀ ਹੈ ਕਿ ਦਰਿਆ ਚੜ੍ਹਿਆ ਹੋਇਆ ਉਤਰ ਜਾਵੇ? ਸੋ ਉਸ ਵੇਲੇ ਬਾਬਾ ਜੀ ਨੇ, ਜਦੋਂ ਆਖਰੀ ਅਸਟਪਦੀ ਆਈ, ਝੰਡੀ ਹਿਲਾਈ ਕਿ ਅਸੀਂ ਜਾ ਰਹੇ ਹਾਂ, ਆ ਜਾਉ ਛੇਤੀ।" ਬਾਬਾ ਜੀ ਬਰੇਤੀ ਦੇ ਕੋਲ ਚਲੇ ਗਏ ਤੇ ਉਹ ਕੰਢੇ ਦੇ ਕੋਲ ਚਲੇ ਗਏ ਤੇ ਇਹ ਦਾਖਲ ਹੋ ਗਏ। ਬਾਬਾ ਜੀ ਬਾਹਰ ਨਿਕਲ ਗਏ, ਇਹ ਦਰਿਆ ਦੇ ਵਿੱਚ ਚਲੇ ਗਏ। ਉਸ ਵੇਲੇ ਛੱਲ ਆਈ, ੮੦ ਦੇ ੮੦ ਬੰਦੇ ਰੁੜ੍ਹ ਗਏ। ਮਹਾਰਾਜਾ ਰਣਜੀਤ ਸਿੰਘ ਕਹਿਣ ਲੱਗੇ, "ਮਹਾਰਾਜ! ਬੰਦੇ ਰੁੜ੍ਹ ਗਏ।" ਕਹਿੰਦੇ, "ਕੋਈ ਨਾ, ਐਨੇ ਕੁ ਬੰਦਿਆਂ ਦੀ ਬਲੀ ਇਹ ਮੰਗਦਾ ਸੀਗਾ। ਇਹ ਨਾਸਤਕ ਸੀਗੇ।" ਸੋ ਇਹ ਸਾਰੀਆ ਚੀਜ਼ਾਂ ਉਹਦੇ ਹੁਕਮ ਵਿੱਚ ਨੇ। ਜਿਹੜਾ ਰਾਜਾ ਬਣਾਇਆ ਪ੍ਰਮੇਸ਼ਰ ਨੇ ਬੰਦਗੀ ਕਰਨ ਵਾਲਾ -

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਅੰਗ - ੭੦੭***

ਉਹ ਸਾਰੀ ਸ੍ਰਿਸ਼ਟੀ ਦਾ ਬਾਦਸ਼ਾਹ ਹੈ, ਨਾਮ ਦੇ ਨਾਲ ਜਿਹਦਾ ਮਨ ਭਿੱਜਿਆ ਪਿਆ ਹੈ। ਸੋ ਉਸ ਰਾਜੇ ਦੇ ਕੋਲ ਸਾਰੇ ਮੰਗਤੇ ਹੋ ਕੇ ਆਉਂਦੇ ਨੇ। ਮਹਾਰਾਜ ਕਹਿੰਦੇ ਨੇ -

***ਚਾਰਿ ਪਦਾਰਥ ਜੇ ਕੋ ਮਾਗੈ॥***
***ਸਾਧ ਜਨਾ ਕੀ ਸੇਵਾ ਲਾਗੈ॥ ਅੰਗ - ੨੬੬***

ਭਾਈ ਆਦਮ ਜੀ, ਗੁਰੂ ਚੌਥੇ ਪਾਤਸ਼ਾਹ ਜੀ ਦੇ ਪਾਸ ਆਇਆ। ਸੱਤਰ ਸਾਲ ਦੀ ਉਮਰ ਹੈ, ਪੁੱਤਰ ਨਹੀਂ ਹੋਇਆ। ਸੇਵਾ ਕਰੀ ਉਸਨੇ, ਅੱਗ ਬਾਲ ਕੇ ਸੰਗਤਾਂ ਦਾ ਪਾਲਾ ਦੂਰ ਕੀਤਾ। ਮਹਾਰਾਜ ਕਹਿੰਦੇ, "ਚੰਗਾ ਭਾਈ ਆਦਮ! ਤੇਰੀ ਕਿਸਮਤ 'ਚ ਤਾਂ ਨਹੀਂ ਲਿਖਿਆ ਤੇ ਅਸੀਂ ਇਉਂ ਕਰਦੇ ਹਾਂ, ਆਪਣਾ ਚੌਥਾ ਪੁੱਤਰ ਤੇਰੇ ਘਰ ਭੇਜ ਦਿੰਦੇ ਹਾਂ। ਉਹਦਾ ਨਾਉਂ 'ਭਾਈ ਭਗਤੂ' ਰੱਖੀਂ - ਜਮਾਂਦਰੂ ਸਿੱਧ ਹੋਵੇਗਾ।" ਇਸੇ ਤਰ੍ਹਾਂ ਸੰਤ ਈਸ਼ਰ ਸਿੰਘ ਜੀ ਰਾੜਾਂ ਸਾਹਿਬ ਵਾਲਿਆਂ ਤੋਂ ਪਹਿਲਾਂ, ਬਾਬਾ ਅਤਰ ਸਿੰਘ ਜੀ ਮਹਾਰਾਜ, ਰੇਰੂ ਸਾਹਿਬ ਵਾਲੇ ਹੋਏ ਨੇ। ਆਪ ਕਲਪਾਣੀ ਨਦੀ ਦੇ ਕੰਢੇ ਬੈਠੇ ਨੇ - ਫਰੰਟੀਅਰ ਵਿੱਚ, ਜਿਥੇ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਹੋਏ ਨੇ। ਉਥੇ ਆਪ ਦਰਸ਼ਨ ਕਰਨ ਜਾਇਆ ਕਰਦੇ ਸੀ। ਅੱਜ ਆਪ ਬੈਠੇ ਨੇ ਤੇ - ਹਨ੍ਹੇਰੀ ਰਾਤ ਹੈ - ਦੂਰੋਂ ਇਕ ਲਾਲਟੈਣ ਦਾ ਚਾਨਣਾ ਨਜ਼ਰ ਆਇਆ -

ਸੇਵਾਦਾਰ ਨੂੰ ਗਹੁ ਨਾਲ ਦੇਖਦਾ ਰਿਹਾ ਕਿਉਂਕਿ ਕਬਾਇਲੀ ਇਲਾਕਾ ਸੀ, ਉਥੇ ਬੰਦਿਆਂ ਨੂੰ ਚੁੱਕ ਕੇ, ਖਦਿਨਤਪ (ਅਗਵਾ) ਕਰਕੇ, ਉਨ੍ਹਾਂ ਦੇ ਪੈਸੇ ਮੰਗਿਆ ਕਰਦੇ ਸੀ ਫੇਰ, ਕਿ ਐਨੇ ਪੈਸੇ ਦੇ ਜਾਉ, ਅਸੀਂ ਛੱਡ ਦਿੰਦੇ ਹਾਂ। ਥੋੜ੍ਹੀ ਦੇਰ ਦੇਖਿਆ। ਜਦੋਂ ਦੇਖਿਆ ਕਿ ਵਧਦੇ ਹੀ ਆਉਂਦੇ ਨੇ, ਬੇਨਤੀ ਕਰੀ, ਮਹਾਰਾਜ! ਆਹ ਰੌਸ਼ਨੀ ਆਪਣੇ ਵੱਲ ਨੂੰ ਵਧਦੀ ਤੁਰੀ ਆਉਂਦੀ ਹੈ।" ਸੰਤ ਮਹਾਰਾਜ ਬੋਲੇ, "ਕੋਈ ਨਹੀਂ ਸੇਵਾਦਾਰਾ, ਇਹ ਮਿਤਰਤਾ ਦੀ ਖੁਸ਼ਬੂ ਆ ਰਹੀ ਹੈ, ਦੁਸ਼ਮਣੀ ਦੀ ਦੁਰਗੰਧ ਨਹੀਂ ਆ ਰਹੀ; ਆਉਣ ਦੇ।" ਹੌਲੀ-ਹੌਲੀ ਕੀ ਦੇਖਦੇ ਨੇ ਕਿ ਇਕ ੯੦ ਸਾਲ ਦਾ ਬੰਦਾ - ਸਰੀਰ ਤੰਦਰੁਸਤ ਹੈ, ਬਹੁਤ ਸੁਹਣਾ ਸਰੀਰ ਹੈ, ਲਾਲਟੈਣ ਹੱਥ ਵਿੱਚ ਹੈ - ਇਕੱਲਾ ਤੁਰਿਆ ਆ ਰਿਹਾ ਹੈ। ਆ ਕੇ ਸਿਜਦਾ ਕਰਿਆ ਤੇ ਕਹਿੰਦਾ ਹੈ, "ਪੀਰ ਜੀ! ਕ੍ਰਿਪਾ ਕਰੋ, ਮੇਰੀ ਮੰਗ ਪੂਰੀ ਕਰੋ, ਮੈਂ ਮੰਗਤਾ ਬਣ ਕੇ, ਝੋਲੀ ਅੱਡ ਕੇ ਤੁਹਾਡੇ ਦੁਆਰੇ ਆਇਆ ਹਾਂ - ਖੈਰ ਪਾਓ।" ਮਹਾਰਾਜ ਕਹਿਣ ਲੱਗੇ, "ਕੀ ਗੱਲ ਹੈ?" ਕਹਿੰਦਾ, "ਮੈਂ ਪੰਜ ਸ਼ਾਦੀਆਂ ਕਰਾ ਚੁੱਕਿਆ ਹਾਂ, ਬੜੀ ਜ਼ਮੀਨ-ਜਾਇਦਾਦ ਹੈ ਮੇਰੇ ਕੋਲ, ਪਰ ਮੈਨੂੰ ਪੁੱਤਰ ਦਾ ਮੂੰਹ ਦੇਖਣਾ ਨਸੀਬ ਨਹੀਂ ਹੋਇਆ। ਔਲਾਦ ਨਹੀਂ ਹੋਈ ਕੋਈ ਭੀ। ਦੋ ਚੜ੍ਹਾਈ ਕਰ ਚੁੱਕੀਆਂ ਨੇ, ੯੦ ਸਾਲ ਦੀ ਮੇਰੀ ਉਮਰ ਹੈ, ਤੀਜੀ ੭੦ ਸਾਲ ਦੀ ਹੈ, ਚੌਥੀ ੬੦ ਸਾਲ ਦੀ ਹੈ ਤੇ ਪੰਜਵੀਂ ੫੦ ਸਾਲ ਦੀ ਹੈ।" ਚੁੱਪ ਕਰ ਗਏ। ਦੇਖਿਆ, ਕਹਿਣ ਲੱਗੇ, "ਖਾਨ ਸਾਹਿਬ! ਜੇ ਗੁਰੂ ਨਾਨਕ ਦੇ ਘਰੋਂ ਤੈਨੂੰ ਪੁੱਤਰ ਦੀ ਦਾਤ ਪ੍ਰਾਪਤ ਹੋਵੇਗੀ ਤੇ ਉਸਦਾ ਨਾਉਂ ਅੱਲਾ ਦਿਤਾ ਰਖੀਂ - ਅੱਲਾ ਦਾ ਦਿਤਾ ਹੋਇਆ।" ਸੋ ਕਹਿਣ ਲੱਗਿਆ, "ਪੀਰ ਜੀ! ਜੇ ਮੇਰੀ ਝੋਲੀ ਵਿੱਚ ਖੈਰ ਪੈ ਗਈ ਤਾਂ ਮੈਂ ਸ਼ਰ੍ਹਾ ਸ਼ਰੀਅਤ ਨੂੰ ਪਾਸੇ ਲਾਹ ਕੇ, ਢੋਲ ਵਜਾਉਂਦਾ, ਨਾਚ ਕਰਦਾ, ਭੰਗੜੇ ਪਾਉਂਦਾ ਤੇਰੇ ਦਰ ਤੇ ਆਊਂਗਾ।" ਦੂਸੇਰ ਸਾਲ ਬੱਚਾ ਕੁੱਛੜ ਚੁਕਿਆ ਹੋਇਆ ਹੈ, ਬੇਗਮਾਂ ਨਾਲ ਨੇ, ਵਾਜੇ ਢੋਲ ਵੱਜ ਰਹੇ ਨੇ ਤੇ ਆਪ ਦੀ ਦਰਗਾਹ ਵਿੱਚ ਪੇਸ਼ ਹੋਇਆ। ਲੈ ਕੇ ਬੱਚਾ ਆਪ ਦੇ ਚਰਨਾਂ ਤੇ ਰੱਖ ਦਿੱਤਾ, "ਲਓ ਪਾਤਸ਼ਾਹ! ਇਹ ਦਾਤ ਹੈ ਤੁਹਾਡੀ ਦਿਤੀ ਹੋਈ।" ਮਹਾਂਪੁਰਸ਼ਾਂ ਦੇ ਮਸਤਕ ਦੇ ਉਤੇ ਆਪਣਾ ਹੱਥ ਰੱਖਿਆ, ਆਸੀਸ ਦਿੱਤੀ। ਸੋ ਇਹ ਦਾਤੇ ਹੁੰਦੇ ਨੇ -

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ॥ ਅੰਗ - ੭੪੮***

ਬਾਦਸ਼ਾਹ ਹੋਇਆ ਕਰਦੇ ਨੇ ਦੁਨੀਆਂ ਸਾਰੀ ਦੇ, ਸਾਰਾ ਕੁਛ ਹੱਥ ਹੁੰਦਾ ਹੈ ਉਨ੍ਹਾਂ ਦੇ।

ਸੋ ਇਸੇ ਤਰ੍ਹਾਂ ਜਹਾਂਗੀਰ ਖੜ੍ਹਾ ਹੈ। ਬੀਬੀ ਸਾਮ੍ਹਣੇ ਖੜ੍ਹੀ ਹੈ, ਕਹਿੰਦੀ, "ਹੁਕਮ ਨਹੀਂ ਹੈ ਪਾਤਸ਼ਾਹ ਦਾ - ਤੈਨੂੰ ਅੱਗੇ ਜਾਣ ਦਾ।" ਹੈਰਾਨ ਹੁੰਦਾ ਹੈ ਕਿ ਜਿਹਦਾ ਹੁਕਮ ਸਾਰੇ ਹਿੰਦੁਸਤਾਨ ਤੇ ਚਲਦਾ ਹੈ, ਉਹਨੂੰ ਵੀ ਕੋਈ ਹੈ ਜਿਹੜਾ ਹੁਕਮ ਦੇ ਕੇ ਰੋਕ ਦੇਵੇ ਕਿ ਅੱਗੇ ਨਹੀਂ ਪੈਰ ਰੱਖਣਾ? ਝੋਲੀ ਅੱਡੀ ਹੋਈ ਹੈ, ਹੁਕਮ ਮੰਨ ਲਿਆ। ਕਹਿਣ ਲੱਗੀ, "ਕੀ ਕੰਮ ਹੈ? ਕਾਹਦੇ ਵਾਸਤੇ ਆਏ ਹੋ? ਝੋਲੀ ਕਿਸ ਵਾਸਤੇ ਅੱਡੀ ਹੋਈ ਹੈ?" ਕਹਿਣ ਲੱਗਿਆ, "ਇੱਕ ਪੁੱਤਰ ਦੀ ਖੈਰ ਮੰਗਦਾ ਹਾਂ।" ਕਿਉਂਕਿ ਪੁੱਤਰ ਦੀ ਖੈਰ ਬੜੇ ਕੰਮ ਕਰਾ ਦਿੰਦੀ ਹੈ।

ਮਹਾਰਾਜਾ ਭੁਪਿੰਦਰ ਸਿੰਘ - ਮਹਾਰਾਜਾ ਯਾਦਵਿੰਦਰ ਸਿੰਘ ਦਾ ਪਿਤਾ - ਪਟਿਆਲੇ ਵਾਲਾ ਰਾਜਾ। ਆਪ ਦੇ ਕਾਫੀ ਦੇਰ ਔਲਾਦ ਨਾ ਹੋਈ। ਉਸ ਵੇਲੇ ਦੇਖਿਆ, ਕਿਸੇ ਨੇ ਦੱਸਿਆ ਕਿ ਬਧੌਛੀ ਵਾਲੇ ਸੰਤ ਬੀਰਮ ਦਾਸ, ਮਸਤਾਨੀ ਅਵਸਥਾ 'ਚ ਰਹਿੰਦਾ ਨੇ ਤੇ ਉਨ੍ਹਾਂ ਦੇ ਦਰ ਤੇ ਜਾ ਕੇ ਖੈਰ ਮੰਗੀ ਜਾਵੇ ਤਾਂ ਝੋਲੀ ਪੈ ਜਾਵੇਗੀ। ਨਾਲੇ ਇਹ ਦੱਸ ਦਿਤਾ ਕਿ ਉਹ ਲਿਹਾਜ਼ ਨਹੀਂ ਕਰਦੇ, ਡੰਡਾ ਪਿੱਠ ਵਿੱਚ ਪੈਂਦਾ ਹੈ ਜਿਹੜਾ ਨੇੜੇ ਜਾਂਦਾ ਹੈ। ਜੇ ਸਹਿ ਲਵੇ ਤਾਂ ਮਿਲ ਜਾਂਦਾ ਹੈ; ਜੇ ਗੁੱਸੇ ਹੋ ਜਾਵੇ ਫਿਰ ਨਹੀਂ ਮਿਲਦਾ ਤੇ ਮਹਾਤਮਾ ਅੱਜ ਅੰਤਰ ਆਤਮੇ ਜਾਣ ਗਏ ਕਿ ਵੱਡਾ ਮੰਗਤਾ ਤੁਰਿਆ ਆ ਰਿਹਾ ਹੈ। ਆਪ ਇੱਕ ਵਾਹੇ ਹੋਏ ਖੇਤ ਵਿੱਚ - ਛੋਲਿਆਂ ਦਾ ਵੱਢ ਹੈ, ਬੜੇ ਬੜੇ ਡਲੇ ਪਏ ਨੇ, ਕੈੜੀ ਜ਼ਮੀਨ ਹੈ, ਉਥੇ ਬੈਠੇ ਨੇ ਧੁੱਪੇ ਹੀ, ਤੇ ਮਹਾਰਾਜਾ ਨੇ ਦੂਰ ਆ ਕੇ ਕਾਰ ਰੋਕੀ ਆਪਣੀ, ਜੁੱਤੀ ਲਾਹ ਦਿੱਤੀ, ਡਲਿਆਂ ਵਿੱਚ ਹੀ ਤੁਰਿਆ ਜਾਂਦਾ ਹੈ; ਕਦੇ ਤੁਰਿਆ ਨਹੀਂ ਸੀ। ਬੜਾ ਔਖਾ ਹੈ, ਜਿਹੜਾ ਕਦੇ ਤੁਰਿਆ ਨਾ ਹੋਵੇ, ਉਹਦੇ ਤਾਂ ਪੈਰ ਤੁਰ ਹੀ ਨਹੀਂ ਸਕਦੇ- ਬੜਾ ਔਖਾ ਹੈ। ਲੇਕਿਨ ਗਰਜ਼ ਦਾ ਬੰਨ੍ਹਿਆ ਹੋਇਆ ਤੁਰਿਆ ਜਾਂਦਾ ਹੈ। ਸੰਤ ਕਹਿਣ ਲੱਗੇ ਕਿ ਵੱਡਾ ਮੰਗਤਾ ਤੁਰਿਆ ਆ ਰਿਹਾ ਹੈ, ਅੱਜ ਸੋਟੀ ਨਾ ਲਿਆਉ, ਬਾਂਸ ਲੈ ਕੇ ਆਉ। ਦੂਰੋਂ ਹੀ ਦੱਬ ਕੇ ਮਾਰਿਆ, ਕਹਿੰਦੇ, "ਦੂਰ ਰਹਿ ਸਾਥੋਂ, ਸਾਡੇ ਨੇੜੇ ਨਾ ਆਈਂ।" ਇਹਨੇ ਉਥੇ ਹੀ ਮੱਥਾ ਟੇਕ ਦਿਤਾ। ਉਨ੍ਹਾਂ ਨੇ ਬਾਂਸ ਚੁੱਕ ਕੇ ਪਿੱਠ ਤੇ ਮਾਰਿਆ ਜ਼ੋਰ ਨਾਲ। ਇਕ ਖਾ ਲਿਆ, ਦੂਜਾ ਫੇਰ, ਤੀਜਾ ਫੇਰ, ਚੌਥਾ ਫੇਰ। ਉਹ ਕਹਿੰਦੇ, "ਓਇ ਸਬਰ ਵੀ ਕਰ, ਬੱਸ ਵੀ ਕਰ। ਜਾਹ ਨੱਠ ਜਾ ਏਥੋਂ।" ਕਿੰਨੇ ਪੁੱਤਰ ਹੋਏ; ਦਾਤ ਦੇ ਦਿਤੀ ਸਾਧ ਸੰਗਤ ਜੀ।

ਸੋ ਇਸੇ ਤਰ੍ਹਾਂ ਉਹ ਝੋਲੀ ਅੱਡੀ ਖੜ੍ਹਾ ਹੈ। ਬੀਬੀ ਭੋਰੇ ਵਿੱਚ ਜਾ ਕੇ ਕਹਿਣ ਲੱਗੀ, "ਮਹਾਰਾਜ! ਸ਼ਹਿਨਸ਼ਾਹ-ਏ-ਹਿੰਦ ਇਕ ਫਰਜ਼ੰਦ ਦੀ ਅਰਜ਼ਦਾਸਤ ਆਪ ਦੇ ਦਰਬਾਰ ਵਿੱਚ ਪਹੁੰਚਾ ਰਿਹਾ ਹੈ।" ਕਹਿੰਦੇ, "ਜਾਉ, ਕਹਿ ਦਿਉ, ਇਕ ਹੋ ਜਾਏਗਾ।" ਬੀਬੀ ਕਹਿੰਦੀ, "ਜਾਉ ਹੋ ਜਾਏਗਾ।" ਵਾਪਿਸ ਚਲਿਆ ਗਿਆ, ਖੁਸ਼ੀਆਂ ਮਨਾਈਆਂ ਜਾ ਰਹੀਆਂ ਨੇ। ਸ਼ਾਹ ਜਹਾਨ ਦਾ ਜਨਮ ਹੋ ਗਿਆ, ਬੜੀਆਂ ਖੁਸ਼ੀਆਂ ਮਨਾਈਆਂ ਤੇ ਅਜੀਬ ਭੇਟਾ ਤਿਆਰ ਕਰ ਲਈ। ਉਸ ਵੇਲੇ ਵੱਡੇ-ਵੱਡੇ ਦੀਵੇ ਬਣਾਏ ਸੋਨੇ ਦੇ - ਚਰਾਗ ਬਣਾਏ। ਛੋਟੇ ਬਣਾਏ, ਵੱਡੇ ਬਣਾਏ, ਚਾਰ ਬਹੁਤ ਵੱਡੇ ਬਣਾਏ, ਜਿਨ੍ਹਾਂ ਵਿੱਚ ਮਣ-ਮਣ ਤੇਲ ਪੈ ਜਾਵੇ। ਦੁਬਾਰਾ ਧੂਮ-ਧਾਮ ਨਾਲ ਬੈਂਡ-ਵਾਜੇ ਵਜਾਉਂਦਾ ਆ ਰਿਹਾ ਹੈ। ਮਹਾਤਮਾ ਨੇ ਫੇਰ ਪੁੱਛਿਆ, "ਇਹ ਰੌਲਾ ਕਿਹੜੀ ਚੀਜ਼ ਦਾ ਹੈ?" ਬੀਬੀ ਬਾਨੋ ਕਹਿਣ ਲੱਗੀ, "ਮਹਾਰਾਜ! ਸ਼ਹਿਨਸ਼ਾਹ-ਏ-ਹਿੰਦ ਆਪ ਦੇ ਦਰ ਤੇ ਆ ਰਿਹਾ ਹੈ। ਆਪ ਦੀ ਦੁਆ ਦੇ ਨਾਲ, ਬਖਸ਼ਿਸ਼ ਦੇ ਨਾਲ ਇਕ ਫਰਜ਼ੰਦ ਇਹਨੂੰ ਪ੍ਰਾਪਤ ਹੋ ਗਿਆ ਹੈ, ਲੜਕਾ ਹੋ ਗਿਆ ਹੈ। ਉਹ ਆਪ ਦੇ ਚਰਨਾਂ ਵਿੱਚ ਭੇਟਾ ਕਰਨ ਦੇ ਵਾਸਤੇ ਆ ਰਿਹਾ ਹੈ।" ਕਹਿੰਦੇ,

"ਰੁਕ ਜਾਵੇ ਬਾਹਰ। ਸਾਡੇ ਕੋਲ ਆਉਣ ਦੀ ਜ਼ਰੂਰਤ ਨਹੀਂ, ਬੱਚੇ ਨੂੰ ਸਾਡੇ ਕੋਲ ਲੈ ਆਓ।" ਉਸ ਬੀਬੀ ਨੇ ਬਾਹਰ ਤੋਂ ਬੱਚਾ ਫੜਿਆ ਤੇ ਮਹਾਂਪੁਰਸ਼ਾਂ ਦੇ ਚਰਨਾਂ 'ਤੇ ਲਿਟਾ ਦਿਤਾ। ਉਨ੍ਹਾਂ ਨੇ ਲੇਖ ਦੇਖੇ, ਖੁਸ਼ੀ ਕੀਤੀ, ਬੱਚਾ ਵਾਪਿਸ ਕਰ ਦਿੱਤਾ। ਬੀਬੀ ਕਹਿਣ ਲੱਗੀ -

"ਮਹਾਰਾਜ! ਮਹਾਰਾਜਾ ਖੁਸ਼ੀ ਕਰਨ ਵਾਸਤੇ ਆਪ ਦੀ ਆਗਿਆ ਮੰਗ ਰਿਹਾ ਹੈ।"

"ਕੀ ਕਰਨਾ ਚਾਹੁੰਦਾ ਹੈ?"

"ਮਹਾਰਾਜ! ਸੋਨੇ ਦੇ ਦੀਵਿਆਂ ਨਾਲ ਸਾਰੀ ਰਾਤ ਇਸ ਥਾਂ ਤੇ ਚਾਨਣਾ ਕਰਨਾ ਚਾਹੁੰਦਾ ਹੈ, ਰੌਸ਼ਨੀ ਕਰਨੀ ਚਾਹੁੰਦਾ ਹੈ।"

"ਇਜ਼ਾਜ਼ਤ ਹੈ। ਕਰ ਸਕਦੇ ਨੇ।"

ਰੌਸ਼ਨੀ ਹੋਈ ਤੇ ਅੱਜ ਤੱਕ ਤੁਰੀ ਆਉਂਦੀ ਹੈ ਜਿਸਨੂੰ 'ਜਗਰਾਵਾਂ ਦੀ ਰੌਸ਼ਨੀ ਦਾ ਮੇਲਾ' ਕਹਿੰਦੇ ਨੇ।

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਅੰਗ - ੭੦੭***

ਉਹ ਰਾਜਾ ਹੈ, ਬਾਦਸ਼ਾਹ ਹੈ ਦੁਨੀਆਂ ਦਾ, ਲੇਕਿਨ ਸੰਸਾਰ ਇਸ ਗੱਲ ਨੂੰ ਸਮਝਦਾ ਨਹੀਂ। ਮਹਾਰਾਜ ਕਹਿੰਦੇ ਨੇ, ਉਹ ਧਨ ਖੱਟ ਲਓ ਜਿਹੜੇ ਧਨ ਦੀ ਕਦੇ ਤੋਟ ਨਾ ਆ ਸਕੇ -

***ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ॥***
***ਹਰਿ ਹਰਿ ਨਾਮੁ ਕਮਾਵਨਾ ਨਾਨਕ ਇਹੁ ਧਨੁ ਸਾਰੁ॥***
***ਅੰਗ - ੨੮੮***

ਲੇਕਿਨ ਇਸ ਤਰ੍ਹਾਂ ਤਾਂ ਮਿਲਿਆ ਨਹੀਂ ਕਰਦਾ। ਬਹੁਤ ਪ੍ਰੇਮੀ ਕਹਿੰਦੇ ਨੇ 'ਨਾਮ ਦੇ ਦਿਉ।' ਭਾਈ, ਨਾਮ ਵਾਸਤੇ ਤਾਂ ਦਾਸ ਬਣਨਾ ਪੈਂਦਾ ਹੈ, ਮੰਗਤਾ ਬਣਨਾ ਪੈਂਦਾ ਹੈ, ਬਾਰ-ਬਾਰ ਬੇਨਤੀਆਂ ਕਰਨੀਆਂ ਪੈਂਦੀਆਂ ਨੇ, ਫੇਰ ਕਿਤੇ ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ। ਬਾਣੀ ਇਸ ਤਰ੍ਹਾਂ ਨਾਲ ਸਾਨੂੰ ਸਮਝਾਉਂਦੀ ਹੈ -

***ਧਾਰਨਾ - ਖੜ੍ਹਾ ਮੰਗਤਾ ਦੁਆਰੇ ਆ ਕੇ ਤੇਰੇ,***
***ਗੁਰਮਤਿ ਨਾਮ ਦੇ ਦੇ ਮਾਲਕਾ - ੨, ੨.***

ਅਸੀਂ ਤਾਂ ਇਉਂ ਸਮਝਦੇ ਹਾਂ ਕਿ ਹੁਣੇ ਜਾਉ, ਹੁਣੇ ਨਾਮ ਮਿਲ ਜਾਏ। ਗਿਣਤੀਆਂ ਮਿਣਤੀਆਂ ਵਧਾਉਣੀਆਂ ਨੇ? ਨਾਮ ਬਹੁਤ ਕੀਮਤੀ ਚੀਜ਼ ਹੈ, ਸਾਧ ਸੰਗਤਿ ਜੀ -

***ਜਿਸੁ ਵਖਰ ਕਉ ਲੈਨਿ ਤੂ ਆਇਆ॥***
***ਰਾਮ ਨਾਮੁ ਸੰਤਨ ਘਰਿ ਪਾਇਆ॥ ਅੰਗ - ੨੮੩***

ਮੁੱਲ ਕੀ ਦੇਣਾ ਹੈ? ਕਹਿੰਦੇ -

***ਤਜਿ ਅਭਿਮਾਨੁ ਲੇਹੁ ਮਨ ਮੋਲਿ ॥***
***ਰਾਮ ਨਾਮੁ ਹਿਰਦੇ ਮਹਿ ਤੋਲਿ ॥***
***ਲਾਦਿ ਖੇਪ ਸੰਤਹ ਸੰਗਿ ਚਾਲੁ ॥***
***ਅਵਰ ਤਿਆਗਿ ਬਿਖਿਆ ਜੰਜਾਲ ॥***
***ਧੰਨਿ ਧੰਨਿ ਕਹੈ ਸਭੁ ਕੋਇ ॥***
***ਮੁਖ ਊਜਲ ਹਰਿ ਦਰਗਹ ਸੋਇ ॥***
***ਇਹੁ ਵਾਪਾਰੁ ਵਿਰਲਾ ਵਾਪਾਰੈ ॥***
***ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩***

ਮੰਗਤੇ ਬਣ ਕੇ ਜਦੋਂ ਅਸੀਂ ਮੰਗਦੇ ਹਾਂ, ਫੇਰ ਨਾਮ ਮਿਲ ਜਾਂਦਾ ਹੈ -

***ਮੰਗਤ ਜਨ ਦੀਨ ਖਰੇ ਦਰਿ ਠਾਢੇ***
***ਅਤਿ ਤਰਸਨ ਕਉ ਦਾਨੁ ਦੀਜੈ ॥ ਅੰਗ - ੧੩੨੫***

ਹੇ ਮਹਾਰਾਜ! ਅਸੀਂ ਮੰਗਤੇ ਬਣ ਕੇ ਤੇਰੇ ਦਰਵਾਜ਼ੇ ਤੇ ਖੜ੍ਹੇ ਹਾਂ, ਤਰਸ ਕਰੋ - ਅਤੀ ਤਰਸ ਕਰੋ ਸਾਡੇ ਤੇ। ਥੋੜ੍ਹੇ ਜਿਹੇ ਤਰਸ ਨਾਲ ਨਹੀਂ ਗੁਜ਼ਾਰਾ ਚੱਲਣਾ; ਅਤੀ ਤਰਸ ਕਰੋ ਤੇ ਦਾਨ ਦੇ ਦਿਉ -

***ਤ੍ਰਾਹਿ ਤ੍ਰਾਹਿ ਸਰਨਿ ਪ੍ਰਭ ਆਏ***
***ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ॥ ਅੰਗ - ੧੩੨੫***

ਰੱਖ ਲਓ, ਹੇ ਮਹਾਰਾਜ! ਰੱਖ ਲਓ, ਸਾਨੂੰ, ਤੁਹਾਡੀ ਸ਼ਰਨ ਆਏ ਹਾਂ - 'ਮੋ ਕਉ ਗੁਰਮਤਿ ਨਾਮੁ ਦ੍ਰਿੜੀਜੈ॥' ਮੈਨੂੰ ਦ੍ਰਿੜ੍ਹ ਕਰਾ ਦਿਓ ਗੁਰਮਤਿ ਨਾਮ -

***ਕਾਮ ਕਰੋਧੁ ਨਗਰ ਮਹਿ ਸਬਲਾ...............॥***
***ਅੰਗ - ੧੩੨੫***

ਕਹਿੰਦੇ, ਏਥੇ ਤਾਂ ਬਹੁਤ ਤਕੜੀਆਂ ਲਹਿਰਾਂ ਨੇ ਕਾਮ ਦੀਆਂ, ਕ੍ਰੋਧ ਦੀਆਂ, ਲੋਭ ਦੀਆਂ, ਮੋਹ ਦੀਆਂ, ਹੰਕਾਰ ਦੀਆਂ, ਈਰਖਾ, ਨਿੰਦਿਆ, ਚੁਗਲੀ ਦੀਆਂ; ਬਹੁਤ ਸਬਲ ਨੇ, ਬਹੁਤ ਤਕੜੀਆਂ ਨੇ -

***.....................ਨਿਤ ਉਠਿ ਉਠਿ ਜੂਝੁ ਕਰੀਜੈ॥***
***ਅੰਗ - ੧੩੨੬***

ਮੇਰਾ ਹੁਣ ਜ਼ੋਰ ਨਹੀਂ ਚਲਦਾ, ਤੁਸੀਂ ਮੇਰੀ ਰਾਖੀ ਕਰੋ, ਮੈਨੂੰ ਰੱਖ ਲਓ -

***............................ਗੁਰ ਪੂਰਾ ਕਾਢਿ ਕਢੀਜੈ॥***
***ਅੰਗ - ੧੩੨੬***

ਗੁਰੂ ਪੂਰੇ ਤੋਂ ਬਗੈਰ ਇਹ ਦੁਸ਼ਟ ਨਹੀਂ ਮੇਰੇ ਅੰਦਰੋਂ ਜਾਣੇ -

***ਅੰਤਰਿ ਅਗਨਿ ਸਬਲ ਅਤਿ ਬਿਖਿਆ...........॥***
***ਅੰਗ - ੧੩੨੬***

ਕਹਿੰਦੇ, ਪੋਸੌਨ (ਜ਼ਹਿਰ) ਭਰੀ ਪਈ ਹੈ ਅੰਦਰ ਤ੍ਰਿਸ਼ਨਾ ਦੀ ਤੇ ਅੱਗ ਲੱਗੀ ਪਈ ਹੈ। ਮਹਾਰਾਜ -

***..................ਹਿਵ ਸੀਤਲੁ ਸਬਦੁ ਗੁਰ ਦੀਜੈ॥***
***ਅੰਗ - ੧੩੨੬***

ਮੈਨੂੰ ਠੰਢਾ-ਠਾਰ ਨਾਮ ਦੇ ਦਿਉ, ਅੱਗ ਬੁਝ ਜਾਵੇ -

***ਤਨਿ ਮਨਿ ਸਾਂਤਿ ਹੋਇ ਅਧਿਕਾਈ***
***ਰੋਗੁ ਕਾਟੈ ਸੂਖਿ ਸਵੀਜੈ॥ ਅੰਗ - ੧੩੨੬***

ਮੇਰਾ ਰੋਗ - ਨਿੰਦਿਆ, ਈਰਖਾ, ਚੁਗਲੀ, ਹਉਮੈ ਰੋਗ ਕੱਟੇ ਜਾਣ ਤੇ ਮੇਰਾ ਤਨ, ਮੇਰਾ ਮਨ ਸ਼ਾਂਤ ਹੋ ਜਾਵੇ। ਜਦੋਂ ਅਸੀਂ

ਇਸ ਤਰ੍ਹਾਂ ਨਾਮ ਦੀ ਦਾਤ ਮੰਗਾਂਗੇ, ਫੇਰ –

*ਬਿਨੁ ਸਤਿਗੁਰ ਨਾਉ ਨ ਪਾਈਐ*
*ਬੁਝਹੁ ਕਰਿ ਵੀਚਾਰੁ॥* *ਅੰਗ – ੬੪੯*

ਬਗੈਰ ਸਤਿਗੁਰੂ ਤੋਂ ਨਾਮ ਨਹੀਂ ਮਿਲਦਾ। ਕਹਿੰਦੇ, ਵਿਚਾਰ ਕਰਕੇ ਦੇਖ ਲਓ –

*ਨਾਨਕ ਪੂਰੈ ਭਾਗਿ ਸਤਿਗੁਰ ਮਿਲੈ............॥*
*ਅੰਗ – ੬੪੯*

ਲੇਕਿਨ ਭਾਗ ਪੂਰੇ ਹੋਣ, ਤਾਂ ਹੀ ਗੁਰੂ ਦੀ ਸ਼ਰਨ ਪ੍ਰਾਪਤ ਹੁੰਦੀ ਹੈ – ਸਮਰੱਥ ਗੁਰੂ ਦੀ।

ਚਾਰ ਪੰਜ ਕਿਸਮ ਦੇ ਗੁਰੂ ਹੋਇਆ ਕਰਦੇ ਨੇ। ਪਹਿਲਾ ਗੁਰੂ ਹੋਇਆ ਕਰਦਾ ਹੈ – 'ਕੱਚਾ'; ਐਵੇਂ ਮਗਰ ਲਾ ਲੈਂਦੇ ਨੇ। ਦੂਸਰਾ ਗੁਰੂ ਹੁੰਦਾ ਹੈ – 'ਅੰਨ੍ਹਾ; ਰਾਹ ਦਾ ਆਪ ਨੂੰ ਨਹੀਂ ਪਤਾ ਹੁੰਦਾ, ਦੂਜਿਆਂ ਨੂੰ ਦੱਸਦਾ ਫਿਰਦਾ ਹੈ। ਤੀਸਰਾ ਗੁਰੂ ਹੋਇਆ ਕਰਦਾ ਹੈ – 'ਵਿਦਵਾਨ' – ਪੜ੍ਹਿਆ ਲਿਖਿਆ। ਜਾਣਦਾ ਸਭ ਕੁਛ ਹੈ, ਲੇਕਿਨ ਅਖਤਿਆਰ ਨਹੀਂ ਉਹਦੇ ਕੋਲ ਹੁੰਦਾ। ਡਰਾਮਾ ਤਾਂ ਕਰ ਸਕਦਾ ਹੈ, ਫਿਲਮਾਂ ਵਾਲਿਆਂ ਵਾਗੂੰ। ਫਿਲਮਾਂ ਦੇ ਅੰਦਰ ਫਾਂਸੀ ਦੇ ਦਿੰਦੇ ਨੇ, ਗੋਲੀ ਮਾਰ ਦਿੰਦੇ ਨੇ। ਅਖਤਿਆਰ ਤਾਂ ਹੈ ਨਹੀਂ, ਉਹ ਸਾਰਾ ਇੱਕ ਡਰਾਮਾ ਹੈ। ਇਸੇ ਤਰ੍ਹਾਂ ਜਿਹੜਾ 'ਵਿਦਵਾਨ ਗੁਰੂ' ਹੈ, ਉਹਦੇ ਕੋਲ ਅਖਤਿਆਰ ਨਹੀਂ ਹੁੰਦਾ – ਜਗਿਆਸੂ ਨੂੰ ਤਾਰਨ ਦਾ। ਜਗਿਆਸੂ ਨੂੰ ਤਾਰਨ ਦਾ ਜੇ ਕਿਸੇ ਕੋਲ ਅਖਤਿਆਰ ਹੈ ਤਾਂ ਸਮਰੱਥ ਗੁਰੂ ਕੋਲ ਹੋਇਆ ਕਰਦਾ ਹੈ। ਸਮਰੱਥ ਗੁਰੂ ਕਲਿਜੁਗ ਦੇ ਅੰਦਰ ਗੁਰੂ ਨਾਨਕ ਪਾਤਸ਼ਾਹ ਦਸ ਸਰੂਪਾਂ ਵਿੱਚ ਆਏ ਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਸਰੂਪ ਵਿੱਚ ਬਿਰਾਜਮਾਨ ਨੇ। ਸਾਧ ਸੰਗਤ ਜੀ! ਘਰ ਕਿਉਂ ਛੱਡਣਾ ਹੈ ਆਪਣਾ? ਬਿਗਾਨੇ ਘਰ ਚਲੇ ਜਾਉ, ਉਥੇ ਮੰਗਤਾ ਬਣ ਜਾਈਦਾ ਹੈ। ਆਪਣੇ ਮਾਂ ਬਾਪ ਦੇ ਨਾਲ ਅਸੀਂ ਲਾਡ ਵਾਲੀ ਗੱਲ ਕਰ ਸਕਦੇ ਹਾਂ ਕਿਉਂਕਿ ਅਸੀਂ ਇਨ੍ਹਾਂ ਦੇ ਹਾਂ, ਸਾਡੇ ਬਾਪ ਵੀ ਇਨ੍ਹਾਂ ਦੇ, ਦਾਦੇ ਵੀ ਇਨ੍ਹਾਂ ਦੇ – ਘਰ ਨਹੀਂ ਆਪਣਾ ਛੱਡਣਾ ਚਾਹੀਦਾ। ਮੰਗੋ ਇਨ੍ਹਾਂ ਤੋਂ। ਐਨਾ ਸੁਖਾਲਾ ਤਾਂ ਨਹੀਂ ਨਾਮ ਮਿਲਣਾ, ਕਿ ਗਏ ਤੇ ਨਾਲ ਮਿਲ ਗਿਆ। ਇਹਦੇ ਵਾਸਤੇ ਕੁਛ ਕਰਨਾ ਪਏਗਾ।

ਗੁਰੂ ਦਸ਼ਮੇਸ਼ ਪਿਤਾ, ਜੋ ਦਾਤ 'ਸ਼ਬਦ ਗੁਰੂ' ਦੇ ਕੋਲ ਹੈ, ਇਹ ਪੰਜਾਂ ਪਿਆਰਿਆਂ ਦੇ ਰਾਹੀਂ ਦਿੰਦੇ ਨੇ। ਅੰਮ੍ਰਿਤ ਛਕਾਉਂਦਾ ਨੇ ਤੇ ਪੰਜ ਪਿਆਰੇ ਇਕੱਠੇ ਹੋ ਕੇ ਨਾਮ ਦਿੰਦੇ ਨੇ, ਇਕ ਨਹੀਂ ਦਿੰਦਾ। ਫੇਰ ਸੰਤਾਂ ਦੀ ਸੰਗਤ ਕਰੋ। ਸੰਤ ਆਪਣੇ ਆਪ ਨੂੰ ਗੁਰੂ ਮਹਾਰਾਜ ਦੇ ਵਿੱਚ ਹੀ ਸਮਾਅ ਕੇ ਰਹਿੰਦੇ ਨੇ। ਆਪਣੇ ਆਪ ਨੂੰ ਵੱਖਰਾ ਨਹੀਂ ਰਖਦੇ ਕਿ ਆਪਣੀ ਪੂਜਾ ਕਰਾਉ, ਆਪ ਗੁਰੂ ਬਣੇ। ਉਹ ਇਹਦੇ ਵਿੱਚ ਰਹਿੰਦੇ ਨੇ, ਇਨ੍ਹਾਂ ਦੇ ਪਿੱਛੇ ਲਾਉਂਦੇ ਨੇ। ਗੁਰੂ ਕਿਤੇ ਚਲਿਆ ਗਿਆ? ਜੇ ਗੁਰੂ ਚਲਿਆ ਜਾਵੇ ਫਿਰ ਅਰਦਾਸਾਂ ਕਿਉਂ ਕਰੀਏ? ਫਿਰ ਤਾਂ ਅਰਦਾਸ ਸਾਡੀ ਐਵੇਂ ਹੋ ਗਈ, ਉਹ ਤਾਂ ਦੂਰ ਚਲਿਆ ਗਿਆ। ਮਹਾਰਾਜ ਕਹਿੰਦੇ ਨੇ, ਭੁਲੇਖਾ ਨਾ ਖਾਹ–

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥*
*ਅੰਗ – ੩੯੪*

ਜੇ ਤੈਨੂੰ ਨਹੀਂ ਦਿਸਦਾ, ਨਾ ਸਹੀ, ਕੋਈ ਗੱਲ ਨਹੀਂ; ਤੂੰ ਵਿਸ਼ਵਾਸ਼ ਵਿੱਚ ਤਾਂ ਆ। ਉਹ ਤੇਰੇ ਨਾਲ ਹੈ, ਇਸ ਵਿਸ਼ਵਾਸ਼ ਵਿੱਚ ਰਹਿ। ਫੇਰ ਬੋਲਦਾ ਹੈ ਗੁਰੂ ਗ੍ਰੰਥ ਸਾਹਿਬ ਦੇ ਰੂਪ ਦੇ ਅੰਦਰ – ਕਦੇ ਪੁੱਛ ਲਓ। ਜੇ ਕੋਈ ਗੁਰੂ ਦੂਸਰਾ ਹੈ, ਦਸ ਲੱਖ ਉਹਦਾ follower (ਮੰਨਣ ਵਾਲਾ) ਹੋਵੇ; ਇਕ ਵਾਰੀ ਤਾਂ ਟਾਇਮ ਮਿਲ ਜਾਏਗਾ, ਮੁੜ ਕੇ ਤਾਂ ਸਾਰੀ ਜ਼ਿੰਦਗੀ ਟਾਇਮ ਨਹੀਂ ਮਿਲਦਾ ਦਰਸ਼ਨ ਕਰਨਾ ਦਾ। ਫੇਰ ਉਹ ਕਹਿੰਦੇ ਨੇ, ਸਾਡੀਆਂ ਪੁਸਤਕਾਂ ਪੜ੍ਹੋ। ਫਿਰ ਇਹ ਜਿਹੜੀ ਪੱਕੀ ਬਾਣੀ ਹੈ – ਸ੍ਰੀ ਗੁਰੂ ਗ੍ਰੰਥ ਸਾਹਿਬ ਦੀ, ਇਹੀ ਕਿਉਂ ਨਾ ਪੜ੍ਹੀ ਜਾਵੇ। ਕਿਉਂ ਘਰ ਛੱਡਿਆ ਜਾਵੇ। ਸੋ ਇਸ ਤਰ੍ਹਾਂ ਨਾਮ ਦੀ ਦਾਤ ਗੁਰੂ ਦੇ ਕੋਲ ਹੁੰਦੀ ਹੈ–

*ਬਿਨੁ ਸਤਿਗੁਰ ਨਾਉ ਨ ਪਾਈਐ*
*ਬੁਝਹੁ ਕਰਿ ਵੀਚਾਰੁ ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ*
*ਸੁਖੁ ਪਾਏ ਜੁਗ ਚਾਰਿ ॥* *ਅੰਗ – ੬੪੯*

ਕਹਿੰਦੇ, ਸਾਨੂੰ ਤਾਂ ਮਿਲੇ ਹੋਏ ਨੇ। ਨਹੀਂ ਭਾਈ, ਮਿਲਿਆ ਹੋਇਆ ਵੀ, ਮਿਲਿਆ ਹੋਇਆ ਨਹੀਂ। ਸਾਡੇ ਅੰਦਰ ਪੜਦਾ ਪਿਆ ਹੋਇਆ ਹੈ। ਅਸੀਂ ਸਮਝ ਨਹੀਂ ਰਹੇ ਸ਼ਬਦ ਗੁਰੂ ਨੂੰ ਕਿ ਕੀ ਹੈ? ਗੁਰੂ ਦੇ ਨਾਲ ਸਾਡੀ ਸਾਂਝ ਨਹੀਂ ਪੈ ਰਹੀ, ਕਦੇ ਪਿਆਰ ਨਹੀਂ ਆ ਰਿਹਾ, ਕਦੇ ਹਿਰਦੇ ਦੇ ਅੰਦਰ ਖਿੱਚ ਨਹੀਂ ਪਈ ਕਿਉਂਕਿ ਅੰਦਰੋਂ ਗੁਮਰੱਠ ਜਿਹਾ ਹੋਇਆ ਹੋਇਆ ਹੈ। ਅੰਦਰੋਂ ਤਾਰ ਤੋੜੀ ਹੋਈ ਹੈ। ਤਾਰ ਜੋੜ ਲਓ, ਗੱਲ ਬਣ ਜਾਏਗੀ। ਜਿਨ੍ਹਾਂ ਨੇ ਦੇਖਿਆ ਹੈ, ਬਾਣੀ ਕਰੰਟ ਮਾਰਦੀ ਹੈ, ਕਰੰਟ ਆਉਂਦੀ ਹੈ – ਸਹਿ ਨਹੀਂ ਸਕਦਾ ਅੰਦਰ। ਜਿਨ੍ਹਾਂ ਨੇ ਬਾਣੀ ਦੀ ਕਰੰਟ ਖਾਧੀ ਹੈ, ਉਨ੍ਹਾਂ ਦਾ ਇਸ ਤਰ੍ਹਾਂ ਫੁਰਮਾਨ ਹੈ –

*ਧਾਰਨਾ –ਗੁਰਾਂ ਨੇ ਮੇਰੇ ਓ, ਬਾਣ ਮਾਰਿਆ – ੨.*
*ਮੇਰੇ ਪੈ ਗਿਆ ਕਲੇਜੇ ਛੇਕ – ੨, ੨*

*ਕਬੀਰ ਸਤਿਗੁਰੂ ਸੂਰਮੇ ਬਾਹਿਆ ਬਾਨੁ ਜੁ ਏਕੁ॥*
*ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥*
*ਅੰਗ – ੧੩੭੪*

ਇੱਕੋ ਬਾਣ ਮਾਰਿਆ ਪੂਰੇ ਗੁਰੂ ਨੇ – 'ਉਠ ਰਾਮ ਕੇ, ਕਹੁ ਰਾਮ'; ਬਹੁਤੀਆਂ ਗੱਲਾਂ ਨਹੀਂ ਸੀ ਕਿਉਂਕਿ ਉਥੇ ਜਗਿਆਸੂ ਹੋ ਕੇ ਆਇਆ ਸੀ। ਅਸੀਂ ਨਹੀਂ ਜਗਿਆਸੂ ਬਣਦੇ। ੧੪੩੦ ਪੰਨੇ ਵਿਚੋਂ ਬਾਣ ਲਗਦੇ ਨੇ। ਅਸੀਂ ਝੂਠ ਦੀ ਸੰਜੋਅ ਪਹਿਨ ਕੇ ਆਉਂਦੇ ਹਾਂ, ਇਕ ਨਹੀਂ ਲੱਗਣ ਦਿੰਦੇ – ਅਸੀਂ ਚਾਹੁੰਦੇ ਨਹੀਂ। ਸੋ ਇਹ ਫਰਕ ਹੈ ਸਾਡਾ। ਗੁਰੂ ਤਾਂ ਪੂਰਾ ਹੈ, ਨੱਠਣ ਦੀ ਲੋੜ ਨਹੀਂ – ਜਦ ਜੀਅ ਕਰਦਾ ਹੈ, ਮਿਲ ਲਓ। ਮਹਾਰਾਜ ਕਹਿੰਦੇ–

*ਘਰਿ ਘਰਿ ਹੋਇ ਬਹੈਂਗੇ ਰਾਮਾ॥*
*ਤਿਨ ਤੇ ਸਰੈ ਨ ਕਛੂਐ ਕਾਮਾ॥*

ਸੌ ਸਾਖੀ – ਲਿਖਾਰੀ ਸਾਹਿਬ ਸਿੰਘ ਜੀ

ਬੇਅੰਤ ਗੁਰੂ, ਬੇਅੰਤ ਚੇਲੇ ਹੋਣਗੇ। ਸੋ ਅਸੀਂ ਵਿਚਾਰ ਕਰ ਰਹੇ ਸੀ ਪਿਛਲੀ ਵਾਰੀ ਕਿ ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਜੀ ਦੇ ਪਾਸ ਮਾਤਾ ਜੀਤੋ ਜੀ ਸਾਡੇ ਭਲੇ ਵਾਸਤੇ ਹਾਜ਼ਰ ਹੋਏ ਤੇ ਮਹਾਰਾਜ ਕੋਲ ਬੇਨਤੀ ਕਰੀ, "ਮਹਾਰਾਜ! ਗੁਰੂ ਨਾਨਕ ਦੇ ਘਰ 'ਨਾਮ' ਪ੍ਰਧਾਨ ਹੈ ਤੇ ਕਿਰਪਾ ਕਰਕੇ ਨਾਮ ਦੇ ਬਾਰੇ, ਨਾਮ ਦੀ ਕੋਈ ਜੁਗਤ, ਕਿਸ ਤਰ੍ਹਾਂ ਦੇ ਨਾਲ ਨਾਮ ਜਪਿਆ ਜਾਂਦਾ ਹੈ - ਕਿਰਪਾ ਕਰਕੇ ਦੱਸੋ, ਫੁਰਮਾਓ ਆਪ।" ਮਹਾਰਾਜ ਕਹਿਣ ਲੱਗੇ, "ਠੀਕ ਹੈ, ਤੁਸੀਂ ਜਾਣਦੇ ਹੋ, ਪਰ ਸੰਸਾਰ ਦਾ ਕਲਿਆਣ ਹੋ ਜਾਏਗਾ।" ਗੁਰੂ ਮਹਾਰਾਜ ਨੇ ਤਿੰਨ ਗੱਲਾਂ ਦੱਸੀਆਂ ਜਿਹੜੀਆਂ ਆਪਾਂ ਪਿਛਲੀ ਵਾਰੀ ਵਿਚਾਰ ਕਰੀ ਸੀ।

ਪਹਿਲੀ ਇਹ ਕਿ ਵਾਹਿਗੁਰੂ ਬਾਰੇ ਜ਼ਰੂਰ ਪਛਾਣ ਹੋਣੀ ਚਾਹੀਦੀ ਹੈ। ਜੇ ਸਾਨੂੰ ਪ੍ਰਮੇਸ਼ਰ ਦੀ ਪਛਾਣ ਹੀ ਨਹੀਂ ਹੈ ਕਿ ਉਹ ਕਿਹੋ ਜਿਹਾ ਹੈ, ਕੀ ਸਾਡੇ ਨਾਲ ਸਬੰਧ ਹੈ ਤੇ ਸਾਡੇ ਵੱਲ ਉਹਦੀ ਕਿਹੋ ਜਿਹੀ ਦ੍ਰਿਸ਼ਟੀ ਹੈ ਤੇ ਉਹਨੂੰ ਮਿਲਣਾ ਕਿਉਂ ਜ਼ਰੂਰੀ ਹੈ; ਓਨਾਂ ਚਿਰ ਸਬੰਧ ਨਹੀਂ ਜੁੜਿਆ ਕਰਦਾ, ਕਿਉਂਕਿ ਬੰਦਾ ਹਿਤਦਾਰ ਹੈ - ਬੰਨ੍ਹਿਆ ਹੋਇਆ ਹੈ। ਪਰਿਵਾਰ ਵਿਚ ਹਿਤ ਨਾਲ ਬੰਨ੍ਹਿਆ ਤੁਰਿਆ ਫਿਰਦਾ ਹੈ, ਕਮਾਈਆਂ ਕਰਦਾ ਹੈ। ਹਿਤ, ਅੰਦਰ ਬਹੁਤ ਗਹਿਰਾ ਹੈ ਕਿ ਜਦ ਮੈਂ ਬੁੱਢਾ ਹੋ ਜਾਊਂਗਾ ਤਾਂ ਮੇਰੇ ਬੱਚੇ ਮੈਨੂੰ ਸੰਭਾਲਣ। ਕਦੇ ਅੱਜ ਤਾਈਂ ਪੂਰਾ ਹੋਇਆ ਹੈ ਇਹ ਕੰਮ? ਕੋਈ ਹੀ ਕਿਸਮਤ ਵਾਲਾ ਬੰਦਾ ਹੈ - ਭਾਗਾਂ ਵਾਲਾ ਪੁਰਸ਼, ਜਿਹਨੂੰ ਬੱਚੇ ਸੰਭਾਲ ਲੈਣ, ਨਹੀਂ ਤਾਂ ਇਕ ਕੋਨੇ ਬਿਠਾ ਦਿੰਦੇ ਨੇ ਇਕ ਏਥੇ ਬੈਠਾ ਰਹਿ। ਨਾ ਦਵਾਈ, ਨਾ ਕੋਈ ਗੱਲਬਾਤ, ਨਾ ਪੈਸੇ ਟਕੇ ਨੂੰ ਹੱਥ - ਸਭ ਕੁਛ ਖੁੱਸ ਜਾਂਦਾ ਹੈ। ਲੇਕਿਨ ਹਿਤ ਦੇ ਨਾਲ ਉਹ ਕਿੰਨੇ ਕੰਮ ਕਰਦਾ ਹੈ - ਜਵਾਰਨੀ ਦੇ ਅੰਦਰ। ਥੋੜ੍ਹਾ ਜਿਹਾ ਵੀ ਮਿੱਠਾ ਹੋ ਕੇ ਬੋਲ ਦੇਵੇ ਬੱਚਾ, ਸਾਰੀਆਂ ਗਲਤੀਆਂ ਉਸੇ ਵੇਲੇ ਮੁਆਫ ਕਰ ਦਿੰਦਾ ਹੈ ਕਿਉਂਕਿ ਹਿਤ ਹੈ। ਪ੍ਰਮੇਸ਼ਰ ਨਾਲ ਸਾਡਾ ਹਿਤ ਨਹੀਂ ਬਣਦਾ, ਪਿਆਰ ਨਹੀਂ ਪੈਂਦਾ। ਸੋ ਪਹਿਲਾਂ ਵਾਹਿਗੁਰੂ ਦਾ ਪਿਆਰ ਹਿਰਦੇ ਵਿੱਚ ਹੋਵੇ, ਉਹਦੇ ਬਾਰੇ ਸਮਝੋ।

ਦੂਸਰੀ ਇਹ ਹੈ ਕਿ ਗੁਰੂ ਦੇ ਉਤੇ ੧੦੦% ਵਿਸ਼ਵਾਸ਼ ਹੋਣਾ ਚਾਹੀਦਾ ਹੈ ਕਿ ਇਹ ਤਾਂ ਆਪ ਹੀ ਅਕਾਲ ਪੁਰਖ ਹੈ-

***ਗੁਰੁ ਪਰਮੇਸਰੁ ਏਕੋ ਜਾਣੁ॥ ਅੰਗ - ੮੬੪***
***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ ॥ ਅੰਗ - ੪੪੨***

ਸੋ ਤੀਸਰੀ ਹੋਇਆ ਕਰਦੀ ਹੇ - ਨਾਮ ਦੀ ਮਹਿਮਾ ਉਤੇ ਵਿਸ਼ਵਾਸ਼। ਸੋ ਮਹਿਮਾ ਦੇ ਬਾਰੇ ਬੇਨਤੀ ਕੀਤੀ ਸੀ ਕਿ ਗੁਰੂ ਨਾਨਕ ਪਾਤਸ਼ਾਹ ਨੇ ਸਾਲਸਰਾਇ ਜੌਹਰੀ ਤੋਂ ਲਾਲ ਦੀ ਪਰਖ ਕਰਵਾ ਕੇ ਮਰਦਾਨੇ ਨੂੰ ਸਮਝਾਇਆ ਸੀ ਕਿ ਮਰਦਾਨਿਆਂ! ਦੇਖ, ਤੂੰ ਲਾਲ ਸਬਜ਼ੀ ਫਰੋਸ਼ ਨੂੰ ਦਿਖਾਇਆ, ਉਹਨੇ ਦੋ ਮੂਲੀਆਂ ਮੁੱਲ ਪਾਇਆ; ਹਲਵਾਈ ਨੂੰ ਦਿਖਾਇਆ, ਉਹ ਕਹਿੰਦਾ ਹੈ, ਅੱਧ ਸੇਰ ਮਠਿਆਈ ਲੈ ਜਾ; ਬਜਾਜ ਨੂੰ ਦਿਖਾਇਆ, ਉਹ ਕਹਿੰਦਾ ਦੋ ਗਜ਼ ਕੱਪੜਾ ਲੈ ਜਾ; ਅਣਜਾਣ ਜੌਹਰੀ ਨੂੰ ਦਿਖਾਇਆ, ਉਹ ਕਹਿੰਦਾ ਹੈ ਦਸ ਰੁਪਏ ਲੈ ਜਾ; ਦੂਸਰੇ ਓਦੂੰ ਚੰਗੇ ਨੂੰ ਦਿਖਾਇਆ, ਉਹ ਕਹਿੰਦੇ ਸੋ ਰੁਪਏ ਲੈ ਜਾ; ਤੇ ਜਦ ਪੂਰਾ ਕਦਰਦਾਨ ਮਿਲ ਗਿਆ, ਉਹ ਕਹਿੰਦਾ ਹੈ, ਭਾਈ ਮਰਦਾਨਿਆਂ! ਇਹਦਾ ਤਾਂ ਮੁੱਲ ਹੀ ਕੋਈ ਨਹੀਂ - ਇਹ ਤਾਂ ਅਮੁੱਲ ਵਸਤੂ ਹੈ। ਸਮਝਾ ਦਿੱਤਾ ਕਿ ਇਸ ਤਰ੍ਹਾਂ ਦੇ ਨਾਲ ਸੰਸ਼ਾਰ ਕਦਰ ਨਹੀਂ ਕਰਦਾ ਨਾਮ ਦੀ - ਜਾਣਦਾ ਨਹੀਂ ਹੈ -

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥***
***ਅੰਗ - ੮੧***

ਕਬੀਰ ਸਾਹਿਬ ਨਰਾਜ਼ ਹੋ ਗਏ ਮਾਤਾ ਲੋਈ ਤੇ, ਇਸ ਗੱਲ ਤੋਂ ਕਿ ਤੈਂ ਤਿੰਨ ਵਾਰ 'ਰਾਮ' ਕਿਉਂ ਕਹਾਇਆ। ਰੋਗ ਤਾਂ ਇਕ ਵਾਰੀ ਕਹਿਣ ਨਾਲ ਹੀ ਹਟ ਜਾਣਾ ਸੀ। ਕਹਿੰਦੇ, ਵਿਸ਼ਵਾਸ਼ ਨਹੀਂ ਆਇਆ?

***ਕਹਤੁ ਕਬੀਰੁ ਸੁਨਹੁ ਰੇ ਲੋਈ॥***
***ਅਬ ਤੁਮਰੀ ਪਰਤੀਤਿ ਨ ਹੋਈ॥ ਅੰਗ - ੪੮੪***

ਮੇਰੇ ਦਿਨ ਵਿਚੋਂ ਤੇਰੀ ਕਦਰ-ਕੀਮਤ ਜਾਂਦੀ ਰਹੀ; ਤੈਨੂੰ ਰਾਮ ਤੇ ਵਿਸ਼ਵਾਸ਼ ਨਹੀਂ। ਐਨਾ ਸਸਤਾ ਰਾਮ ਲਾ ਦਿੱਤਾ। ਬੇਨਤੀ ਕਰੀ, "ਪਾਤਸ਼ਾਹ! ਪਹਿਲਾਂ 'ਰਾਮ' ਤਾਂ ਮੈਂ ਉਨ੍ਹਾਂ ਪਾਪਾਂ ਨੂੰ ਜਾਲਣ ਵਾਸਤੇ ਕਹਾਇਆ ਸੀ ਜਿਹੜਿਆਂ ਦਾ ਫਲ, ਇਹਨੂੰ ਬਿਮਾਰੀ ਲੱਗੀ -

***ਖਸਮੁ ਵਿਸਾਰਿ ਕੀਏ ਰਸ ਭੋਗ॥***
***ਤਾਂ ਤਨਿ ਉਠਿ ਖਲੋਏ ਰੋਗ॥ ਅੰਗ - ੧੨੫੬***

ਦੂਸਰੀ ਵਾਰ ਮੈਂ ਇਹਦੀ ਬਿਮਾਰੀ ਨੂੰ ਦੂਰ ਕਰਨ ਵਾਸਤੇ 'ਰਾਮ' ਕਹਾਇਆ। ਤੀਸਰੀ ਵਾਰੀ 'ਰਾਮ' ਮੈਂ ਇਹਨੂੰ ਗੁਰਮੰਤਰ ਵਿੱਚ ਦਿਤਾ ਕਿ ਮੁੜ ਕੇ ਬੁਰਿਆਈਆਂ ਵਿੱਚ ਫੇਰ ਨਾ ਪੈ ਜਾਵੇ।" ਸੋ ਤਿੰਨ ਵਾਰੀ ਵੀ ਰਾਮ ਕਹਿਣਾ ਉਨ੍ਹਾਂ ਨੂੰ ਚੰਗਾ ਨ ਲਗਿਆ। ਐਡੀ ਕੀਮਤੀ ਚੀਜ਼ ਹੈ ਨਾਮ। ਸੋ ਸਾਰੀਆਂ ਇਛਾਵਾਂ, ਵਾਸ਼ਨਾਵਾਂ ਪੂਰੀਆ ਕਰਨ ਨੂੰ ਜੇ ਕੋਈ ਚੀਜ਼ ਸਮਰੱਥ ਹੈ ਤਾਂ ਉਹ ਕੇਵਲ ਪ੍ਰਮੇਸ਼ਰ ਦਾ ਨਾ ਐ -

***ਧਾਰਨਾ - ਸਭੇ ਇੱਛਾਂ ਹੋਣ ਤੇਰੀਆਂ ਪੂਰੀਆਂ,***
***ਸਤਿਨਾਮ ਜਪ ਕੇ ਵਾਹਿਗੁਰੂ- ੨, ੨.***
***ਪ੍ਰਭ ਕੈ ਸਿਮਰਨਿ ਪੂਰਨ ਆਸਾ॥ ਅੰਗ - ੨੬੩***

ਸਾਰੀਆਂ ਇਛਾਵਾਂ, ਜੇ ਕੋਈ ਇੱਕੋ ਚੀਜ਼ ਪੂਰੀ ਕਰ ਸਕਦੀ ਹੈ ਤਾਂ ਉਹ ਪ੍ਰਮੇਸ਼ਰ ਦਾ ਨਾਮ ਜਪਣ ਕਰਕੇ ਹੈ। ਜੇ ਇਹਦੀ ਕੀਮਤ ਉੱਤੇ, ਮਹਿਮਾ ਉੱਤੇ ਸਾਡਾ ਵਿਸ਼ਵਾਸ਼ ਨਹੀਂ ਆਉਂਦਾ, ਤਾਂ ਫੇਰ ਗੱਲ ਅੱਗੇ ਕਿਵੇਂ ਚੱਲੇਗੀ। ਨਾਮ ਦੀ ਮਹਿਮਾ ਪੁੱਛੋ ਸੰਤਾਂ ਨੂੰ -

***ਨਾਮ ਕੀ ਮਹਿਮਾ ਸੰਤ ਰਿਦ ਵਸੈ॥ ਅੰਗ - ੨੬੫***

ਸੰਸਾਰ ਨੂੰ ਨਹੀਂ ਇਸ ਗੱਲ ਦਾ ਪਤਾ।

ਸੋ ਗੁਰੂ ਦਸ਼ਮੇਸ਼ ਪਿਤਾ ਕਹਿਣ ਲੱਗੇ ਮਾਤਾ ਜੀਤੋ ਜੀ ਨੂੰ ਕਿ ਨਾਮ ਦੇ ਉਤੇ ਵਿਸ਼ਵਾਸ਼ ਹੋਣਾ ਚਾਹੀਦਾ ਤੇ ਉਸਦੀ ਮਹਿਮਾ 'ਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਦੂਸਰੇ ਇਹ ਹੈ ਮੰਤਰ। ਜੋ ਮੰਤਰ ਪ੍ਰਾਪਤ ਹੋ ਗਿਆ - ਸੰਸਾਰ ਦੇ ਅੰਦਰ ਅਨੇਕਾਂ ਨਾਮ ਨੇ, ਇਕ ਨਾਮ ਨਹੀਂ ਹੈ। ਗੁਰੂ ਨਾਨਕ ਪਾਤਸ਼ਾਹ ਜਦੋਂ ਕਾਸ਼ੀ ਵਿਚ ਗਏ ਤਾਂ ਉਥੇ ਸਵਾਲ ਕੀਤਾ ਗਿਆ, ਵਿਦਵਾਨ ਪੁਰਸ਼ਾਂ ਨੇ ਗੁਰੂ ਨਾਨਕ ਤੇ ਸਵਾਲ ਕਰਿਆ ਕਿ ਹੇ ਨਾਨਕ! ਕਿਰਪਾ ਕਰਕੇ ਇਹ ਤਾਂ ਦੱਸੋ ਕਿ ਪ੍ਰਮੇਸ਼ਰ ਦਾ ਨਾਮ, 'ਓਮ' ਕਹਿਣਾ ਜਾਂ 'ਹਰੇ ਰਾਮ' ਕਹਿਣਾ ਜਾਂ 'ਹਰੇ ਕ੍ਰਿਸ਼ਨ' ਕਹਿਣਾ ਜਾਂ 'ਗੋਬਿੰਦ' ਜਾਂ 'ਨਾਰਾਇਣ' ਕਹਿਣਾ ਜਾਂ 'ਸੋਹੰ' ਕਹਿਣਾ; ਅਨੇਕਾਂ ਨਾਮ ਨੇ ਪ੍ਰਮੇਸ਼ਰ ਦੇ। ਸਾਰਿਆਂ ਨਾਲੋਂ ਸ੍ਰੇਸ਼ਟ ਨਾਮ ਕਿਹੜਾ ਹੈ ਜਿਸਦਾ ਜਾਪ ਕਰਿਆ ਜਾਵੇ। ਮਹਾਰਾਜ ਕਹਿੰਦੇ, ਦੇਖੋ ਪ੍ਰੇਮੀਓ! ਜਿੰਨੇ ਵੀ ਨਾਮ ਨੇ, ਸਾਰੇ ਪ੍ਰਮੇਸ਼ਰ ਦੇ ਨਾਮ ਨੇ। ਕੋਈ ਵੀ ਨਾਮ ਜਪਿਆ ਜਾਵੇ ਲੇਕਿਨ ਧਿਆਨ ਪ੍ਰਮੇਸ਼ਰ ਵਿੱਚ ਹੋਣਾ ਚਾਹੀਦਾ ਹੈ, ਸਭ ਨਾਮ ਪ੍ਰਮੇਸ਼ਰ ਦੇ ਨੇ - ਜਿੰਨੇ ਵੀ ਨਾਮ ਨੇ -

***ਜੇਤਾ ਕੀਤਾ ਤੇਤਾ ਨਾਉ॥***
***ਵਿਣੁ ਨਾਵੈ ਨਾਹੀ ਕੋ ਥਾਉ॥ ਅੰਗ - ੪***

ਸਾਰੇ ਹੀ ਉਸ ਦੇ ਨਾਮ ਨੇ। ਜੋ ਮੰਤਰ ਸਮਰੱਥ ਗੁਰੂ ਤੋਂ ਪ੍ਰਾਪਤ ਹੋ ਗਿਆ, ਉਹ ਮੰਤਰ ਤੈਨੂੰ ਤਾਰ ਦੇਵੇਗਾ। ਜਿਸ ਵੀ ਬੇੜੀ ਵਿੱਚ ਕੋਈ ਬੈਠ ਗਿਆ - ਸਵਾਲ ਇਹ ਹੁੰਦਾ ਹੈ ਕਿ ਉਸ ਬੇੜੀ ਦਾ ਜੋ ਮਲਾਹ ਹੈ, ਇੱਕ ਤਾਂ ਉਹਦੇ ਹੱਥ ਪੂਰੇ ਸਾਬਤ ਹੋਣੇ ਚਾਹੀਦੇ ਨੇ; ਦੂਸਰਾ ਇਹ ਹੈ ਕਿ ਉਸ ਦੇ ਨੇਤਰ ਦੂਰ ਤੱਕ ਦੇਖਣ ਵਾਲੇ ਹੋਣੇ ਚਾਹੀਦੇ ਨੇ; ਤੀਸਰਾ ਇਹ ਹੈ ਕਿ ਉਹਦੇ ਅੰਦਰ ਅਨੁਭਵ ਹੋਣਾ ਚਾਹੀਦਾ ਹੈ।

ਹੱਥ ਇਸ ਕਰਕੇ ਸਾਬਤ ਹੋਣੇ ਚਾਹੀਦੇ ਨੇ ਕਿ ਉਹ ਬੇੜੀ ਨੂੰ ਚੱਪੂ ਚਲਾ ਕੇ ਕੰਢੇ ਲਾ ਦੇਵੇ। ਅਨੁਭਵ ਇਸ ਵਾਸਤੇ ਹੋਣਾ ਚਾਹੀਦਾ ਹੈ ਕਿ ਭੰਵਰ ਆ ਰਿਹਾ ਹੈ, ਘੁੰਮਣ ਘੇਰੀ ਆ ਰਹੀ ਹੈ, ਐਥੋਂ ਮੈਂ ਬੇੜੀ ਬਚਾ ਕੇ ਕਿਸ ਤਰ੍ਹਾਂ ਲੰਘਾਵਾਂ; ਲਹਿਰਾਂ ਉਠ ਰਹੀਆ ਨੇ, ਬੇੜੀ ਨੂੰ ਕਿਸ ਰੁਖ ਪਾਵੇ ਕਿ ਬੇੜੀ ਵਿੱਚ ਪਾਣੀ ਨਾ ਪੈ ਜਾਵੇ। ਉਹਦੀ ਦ੍ਰਿਸ਼ਟੀ ਐਸੀ ਹੋਣੀ ਚਾਹੀਦੀ ਹੈ ਕਿ ਕੰਢਾ ਕਿੱਥੇ ਕੁ ਹੈ, ਜਿੱਥੇ ਪੱਥਰ ਨਾ ਹੋਵੇ, ਜਿੱਥੇ ਆਰਾਮ ਦੇ ਨਾਲ ਮੈਂ ਬੇੜੀ ਨੂੰ ਕੰਢੇ ਲਾ ਦੇਵਾਂ। ਕਹਿੰਦੇ, ਬੇੜੀਆਂ ਸਾਰੀਆਂ ਹੀ ਲੰਘਾ ਦਿੰਦੀਆਂ ਨੇ। ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ -

***ਧਾਰਨਾ - ਬਲਿਹਾਰੇ ਜਾਵਾਂ, ਜੇਤੇ ਤੇਰੇ ਨਾਮ ਨੇ।***

ਬਲਿਹਾਰ ਜਾਂਦੇ ਹਾਂ, ਹੇ ਪ੍ਰਭੂ! ਤੇਰੇ ਦੋ ਹਜ਼ਾਰ ਨਾਉਂ ਹਰ ਰੋਜ਼ ਸ਼ੇਸ਼ਨਾਗ ਉਚਾਰਨ ਕਰਦਾ ਹੈ, ਲੇਕਿਨ ਖਤਮ ਨਹੀਂ ਹੋਣ ਵਿੱਚ ਆਉਂਦਾ ਹੈ। ਸੋ ਨਾਮ ਤਾਂ ਬੇਅੰਤ ਨੇ -

***ਅਚੁਤ ਪਾਰਬ੍ਰਹਮ ਪਰਮੇਸਰੁ ਅੰਤਰਜਾਮੀ ॥***
***ਮਧੁਸੂਦਨ ਦਾਮੋਦਰ ਸੁਆਮੀ ॥***
***ਰਿਖੀਕੇਸ ਗੋਵਰਧਨ ਧਾਰੀ***
***ਮੁਰਲੀ ਮਨੋਹਰ ਹਰਿ ਰੰਗਾ ॥ ੧ ॥***
***ਮੋਹਨ ਮਾਧਵ ਕ੍ਰਿਸ੍ਨ ਮੁਰਾਰੇ ॥***
***ਜਗਦੀਸਰੁ ਹਰਿ ਜੀਉ ਅਸੁਰ ਸੰਘਾਰੇ ॥***
***ਜਗਜੀਵਨ ਅਬਿਨਾਸੀ ਠਾਕੁਰ***
***ਘਟ ਘਟ ਵਾਸੀ ਹੈ ਸੰਗਾ ॥ ੨ ॥***
***ਧਰਣੀਧਰ ਈਸ ਨਰਸਿੰਘ ਨਾਰਾਇਣ ॥***
***ਦਾੜਾ ਅਗ੍ਰੇ ਪ੍ਰਿਥਮਿ ਧਰਾਇਣ ॥***
***ਬਾਵਨ ਰੂਪੁ ਕੀਆ ਤੁਧੁ ਕਰਤੇ***
***ਸਭ ਹੀ ਸੇਤੀ ਹੈ ਚੰਗਾ ॥ ਅੰਗ - ੧੦੮੨***

ਸੋ ਜਿੰਨੇ ਵੀ ਨਾਮ ਨੇ - ਸਾਰਿਆਂ ਤੋਂ ਅਸੀਂ ਬਲਿਹਾਰ ਜਾਂਦੇ ਹਾਂ। ਇਸ ਵਾਸਤੇ ਜੋ ਵੀ ਨਾਮ ਗੁਰੂ ਤੋਂ ਪ੍ਰਾਪਤ ਹੋ ਗਿਆ, ਉਹਦੇ ਉੱਤੇ ਵਿਸ਼ਵਾਸ਼ ਰੱਖੋ ਭਾਈ। ਬੰਦੇ ਡੋਲਦੇ ਨੇ ਕਿ ਉਹ ਨਾਮ ਜੇ ਮੈਨੂੰ ਮਿਲ ਜਾਏ ਤਾਂ ਮੈਂ ਤਰ ਜਾਵਾਂ। ਜੋ ਨਾਮ ਗੁਰੂ ਨੇ ਤੈਨੂੰ ਦੇ ਦਿਤਾ, ਉਹ ਤੈਨੂੰ ਤਾਰਨ ਨੂੰ ਸਮਰੱਥ ਹੈ - ਸਮਰੱਥ ਗੁਰੂ ਦਾ ਦਿੱਤਾ ਹੋਇਆ ਨਾਮ ਹੈ। ਇਹ ਬੜੀ confusion (ਉਲਝਣ) ਹੈ ਅੱਜ। ਕਹਿੰਦੇ, ਜੇ ਫਲਾਣੇ ਥਾਂ ਤੋਂ ਨਾਮ ਲਈਏ ਤਾਂ ਤਾਰ ਦਿੰਦਾ ਹੈ; ਔਹ ਨਾਮ ਲੈ ਲਈਏ; ਕੋਈ ਕਹਿੰਦਾ, 'ਸੋਹੰ' ਨਾਮ ਲੈ ਲਈਏ............। ਠੀਕ ਹੈ, 'ਸੋਹੰ' ਨਾਮ ਹੈ -

***ਨਾਨਕ ਸੋਹੰ ਹੰਸਾ ਜਪੁ ਜਾਪਹੁ***
***ਤ੍ਰਿਭਵਣ ਤਿਸੈ ਸਮਾਹਿ ॥ ਅੰਗ - ੧੦੯੩***

ਦਸਮ ਦੁਆਰ ਦਾ ਨਾਮ ਹੈ ਪਰ ਇਹ ਨਾਮ ਜਿਸਨੂੰ ਪ੍ਰਾਪਤ ਹੈ, ਟਿਕੋ ਉਸ ਥਾਂ ਦੇ ਉੱਤੇ। ਕਿਸੇ ਨੂੰ 'ਅੱਲਾ' ਮਿਲਿਆ, ਕਿਸੇ ਨੂੰ 'ਖੁਦਾ' ਮਿਲਿਆ, ਕਿਸੇ ਨੂੰ 'ਹਰੇ ਰਾਮ' ਮਿਲਿਆ - ਜੋ ਨਾਮ ਮਿਲਿਆ ਹੈ, ਉਹ ਹੀ ਨਾਮ ਠੀਕ ਹੈ - ਸਾਰੇ ਹੀ ਨਾਮ ਨੇ। ਸੋ ਜੋ ਵੀ ਨਾਮ ਪ੍ਰਾਪਤ ਹੋ ਗਿਆ, ਉਸ 'ਤੇ ਭਰੋਸਾ ਰੱਖੋ।

ਐਸੀ ਸਾਖੀ ਆਉਂਦੀ ਹੈ ਕਿ ਇੱਕ ਮਹਾਤਮਾ ਸੀ, ਉਨ੍ਹਾਂ ਦੇ ਪਾਸ ਇੱਕ ਪ੍ਰੇਮੀ ਆਇਆ - ਸਿੱਧਾ, ਸਾਧਾਰਣ ਬੰਦਾ ਸੀ। ਸਾਧਾਰਣ ਉਹ ਹੁੰਦਾ ਹੈ ਜਿਸ ਦੇ ਮਨ ਦੇ ਅੰਦਰ ਤਰਕ ਨਾ ਹੋਵੇ, ਚੰਚਲਤਾਈ ਨਾ ਹੋਵੇ, ਕੁਤਰਕਾਂ ਨਾ ਹੋਣ। ਐਸਾ ਬੰਦਾ ਛੇਤੀ ਲੰਘ ਜਾਂਦਾ ਹੈ - ਭਗਤ 'ਧੰਨੇ' ਵਰਗਾ। ਜਿਹੜਾ ਚਲਾਕ ਹੈ, ਉਸ ਬੰਦੇ ਨੂੰ ਬੜੀ ਦੇਰ ਲਗਦੀ ਹੈ ਕਿਉਂਕਿ ਉਹਦਾ ਮਨ ਪਹਿਲਾਂ ਮੈਦਾਨ ਨਹੀਂ ਬਣਦਾ। ਟਿੱਬੇ ਟੋਏ ਢਾਹੁੰਣ ਨੂੰ ਕਿੰਨਾ ਚਿਰ ਲੱਗੇਗਾ - ਟਿੱਬੇ ਟੋਏ ਭਰਨ ਨੂੰ। ਟਿੱਬੇ ਢਾਹੁੰਣੇ ਨੇ, ਟੋਏ ਭਰਨੇ ਨੇ; ਕਿੰਨੀਆ ਉਹਦੇ ਅੰਦਰ ਮਨੌਤਾਂ ਨੇ, ਕਿੰਨੀਆ ਕਿਤਾਬਾਂ ਪੜ੍ਹੀਆਂ ਨੇ ਜਿਸ ਦੇ ਨਾਲ ਉਹਦੇ ਅੰਦਰ ਵੱਡੇ-ਵੱਡੇ ਟਿੱਲੇ ਉਸਰੇ ਖੜ੍ਹੇ ਨੇ। ਕੀ ਕਰੇਗਾ, ਉਹਦੀ ਤਾਂ ਸ਼ਰਧਾ ਹੀ ਨਹੀ ਬੱਝਦੀ। ਸੋ ਉਹ ਪ੍ਰੇਮੀ ਬੜਾ ਸਿੱਧਾ ਸੀ। ਸੰਤਾਂ ਦੇ ਕੋਲ ਆ ਗਿਆ। ਆਮ ਸੁਭਾਅ ਹੈ, ਸੰਤਾਂ ਦੇ ਕੋਲ ਆਉਂਦੇ ਹੀ ਰਹਿੰਦੇ ਨੇ, ਜੀ ਮੈਨੂੰ ਨਾਮ ਦੇ ਦਿਉ।

ਪਹਿਲਿਆਂ ਸਮਿਆਂ ਦੇ ਅੰਦਰ ਮਹਾਤਮਾ ਦੀਖਿਆ ਐਨੀ ਛੇਤੀ ਨਹੀਂ ਸੀ ਕਰਿਆ ਕਰਦੇ; ਪਹਿਲਾਂ ਗਾਹਕ ਨੂੰ ਪਰਖਿਆ ਕਰਦੇ ਸੀ ਕਿ ਇਹਦੇ ਵਿੱਚ ਉਹ qualities (ਖੂਬੀਆਂ) ਵੀ ਹਨ, ਜਿਹਦੇ ਵਿੱਚ ਇਹ ਨਾਮ ਨੂੰ ਸੰਭਾਲ ਲਵੇ। ਜਿਵੇਂ ਸ਼ੇਰਨੀ

ਦਾ ਦੁੱਧ ਸੋਨੇ ਦੇ ਬਰਤਨ ਵਿੱਚ ਰਿਹ ਸਕਦਾ ਹੈ। ਐਨਾ ਤੇਜ਼ ਹੁੰਦਾ ਹੈ ਕਿ ਬਾਕੀ ਬਰਤਨਾਂ ਵਿੱਚ ਗਲੀਆਂ ਕਰ ਦਿੰਦਾ ਹੈ। ਸੋ ਇਹ ਨਾਮ ਜਿਹੜੇ ਹਿਰਦੇ ਵਿੱਚ ਟਿਕਾਉਣਾ ਹੈ, ਮਹਾਤਮਾ ਉਹਦਾ ਜਾਇਜ਼ਾ ਲੈਂਦੇ ਸੀ, ਉਹਨੂੰ ਪੱਕਾ ਕਰਦੇ ਸੀ ਕਿ ਐਸਾ ਨਾ ਹੋਵੇ ਫੇਰ ਇਹ ਡੋਲਦਾ ਫਿਰੇ। ਸਾਡਾ ਖਿਆਲ ਹੈ ਕਿ ਹੁਣੇ ਮਹਾਤਮਾ ਕੋਲ ਗਏ, ਹੁਣੇ ਨਾਮ ਸਾਨੂੰ ਮਿਲ ਜਾਵੇ ਇਸ ਤਰ੍ਹਾਂ ਅਸੀਂ ਕਰ ਵੀ ਲਿਆ ਹੁਣ - ਅੰਮ੍ਰਿਤ ਛਕਣ ਆਉਂਦਾ ਹੈ, ਛਕਾ ਦਿੰਦੇ ਹਾਂ। ਬਿਲਕੁਲ ਨਹੀਂ, ਸਾਧ ਸੰਗਤਿ ਜੀ; ਤਕੜੇ ਹੋਇਆ ਕਰੋ। ਗਿਣਤੀਆਂ ਮਿਣਤੀਆਂ ਨਾ ਵਧਾਓ, ਪਰਖੋ ਪਹਿਲਾਂ, ਕਹੋ ਅਗਲੇ ਨੂੰ। ਕਕਾਰ ਵੇਚਣੇ ਨੇ? ਅਸੀਂ ਕੋਈ profit (ਨਫਾ) ਲੈਣਾ ਹੈ? ਨਾ ਕਰਿਆ ਕਰੋ ਇਹ ਗੱਲਾਂ। ਪਰਖੋ ਉਹਨੂੰ ਪਹਿਲਾਂ ਕਿ ਅਜੇ ਤੂੰ ਅੰਮ੍ਰਿਤ ਛਕਣ ਦੇ ਕਾਬਲ ਨਹੀਂ ਬਣਿਆ, ਤੇਰੀ ਰੁਚੀ ਅਜੇ ਸ਼ਰਾਬ ਵਿਚੋਂ ਨਹੀਂ ਨਿਕਲੀ, ਤੇਰੀ ਅਜੇ ਰੁਚੀ ਮਾਸ ਖਾਣ ਵਿਚੋਂ ਨਹੀਂ ਨਿਕਲੀ, ਨਿੰਦਿਆ ਕਰਨ 'ਚੋਂ ਨਹੀਂ ਹਟੀ। ਪਹਿਲਾਂ ਇਉਂ ਕਰ, ਛੇ ਮਹੀਨੇ ਪ੍ਰੈਕਟਸ ਕਰ, ਫੇਰ ਆ ਜਾਈਂ। ਬਾਣੀ ਪੜ੍ਹਿਆ ਕਰ, ਜਪੁਜੀ ਸਾਹਿਬ ਦੇ ਪਾਠ ਕਰਿਆ ਕਰ ਦਸ ਰੋਜ਼ - ਦੱਸ ਦਿਓ ਉਹਨੂੰ। ਕਰ ਲਏਗਾ, ਠੀਕ ਹੈ; ਗਾਹਕ ਹੋ ਗਿਆ, ਨਾਮ ਦੇ ਦਿਓ, ਨਹੀਂ ਤਾਂ ਚੁੱਪ ਕਰ ਰਹੋ। ਕਿਉਂਕਿ ਨਾਮ ਐਸਾ ਸਸਤਾ ਨਹੀਂ ਹੁੰਦਾ, ਬੜੀ ਮਹਿੰਗੀ ਚੀਜ਼ ਹੈ - ਨਾਮ।

ਸੋ ਕਦਰਦਾਨ ਨ ਹੋਣ ਕਰਕੇ, ਏਥੇ ਨਾਮ ਲੈ ਲਿਆ, ਓਥੇ ਜਾ ਕੇ ਹੋਰ ਲੈ ਲਿਆ। ਪਹਿਲੇ ਵਾਲਾ ਛੱਡ ਦਿੱਤਾ, ਫੇਰ ਦੋਸ਼ੀ ਬਣ ਜਾਂਦਾ ਹੈ। ਗੁਰੂ ਧਾਰਨ ਕਰ ਲਿਆ, ਜਾਂਦੇ ਹੀ ਸ਼ਰਾਬ ਪੀ ਲਈ, ਛੱਡ ਦਿੱਤਾ, ਦੋਸ਼ੀ ਬਣ ਗਿਆ - ਕਿਉਂਕਿ ਗਾਹਕ ਨਹੀਂ ਸੀ - ਕੱਚਾ ਸੀਗਾ। ਕੱਚੇ ਨੂੰ ਨਾਮ ਵਰਗੀ ਦਾਤ ਉਹਦੇ ਪੱਲੇ ਪਾ ਦਿਤੀ। ਗਿਣਤੀਆਂ ਮਿਣਤੀਆਂ ਨਾਲ ਤਾਂ ਕੁਝ ਨਹੀਂ ਬਣਨਾ। ਥੋੜ੍ਹੇ ਜਿਹੇ ਹੀ ਚੰਗੇ ਨੇ ਜਿਹੜੇ ਪੱਕੇ ਹੋਣ, ਨਿਹਚੇ ਵਾਲੇ ਹੋਣ ਤੇ ਬਹੁਤਾ ਜਿਹੜਾ ਰੰਗ ਪਾਉਣਾ ਹੈ, ਉਹ ਠੀਕ ਨਹੀਂ ਹੋਇਆ ਕਰਦਾ। ਨਾ ਕਿਸੇ ਵਿੱਚ ਐਨੀ ਤਾਕਤ ਹੈ ਕਿ ਸਾਰਿਆਂ ਦੇ ਪਾਪ ਕੱਟ ਦੇਵੇ। ਸੋ ਪਰਖੋ ਪਹਿਲਾਂ। ਗੁਰੂ ਮਹਾਰਾਜ ਜੀ ਪਰਖਿਆ ਕਰਦੇ ਸੀ।

ਬਹੁਤ ਸਾਰੇ ਮਹਾਤਮਾ ਐਸੇ ਸੀ ਜਿਹੜੇ ਬੜੀ-ਬੜੀ ਦੇਰ ਨਾਮ ਨਹੀਂ ਸੀ ਦਿੰਦੇ। ਮਹਾਰਾਜ ਜੀ (ਰਾੜਾ ਸਾਹਿਬ ਵਾਲਿਆਂ) ਕੋਲ ਆਉਣਾ - ਜੀ ਅੰਮ੍ਰਿਤ ਛਕਣਾ ਹੈ, ਮਹਾਰਾਜ। ਮਹਾਰਾਜ ਕਹਿੰਦੇ, ਇਉਂ ਕਰ, ਪਹਿਲਾਂ ਸਵਾ ਲੱਖ ਪਾਠ ਕਰ ਮੂਲਮੰਤਰ ਦਾ, ਫੇਰ ਆਈਂ। ਆਹੀ ਸੀ ਉਨ੍ਹਾਂ ਦੀ ਰੀਤ। ਸਵਾ ਲੱਖ ਪਾਠ ਕਰ ਲਿਆ, ਮਹਰਾਜ! ਮੈਂ ੩੩ ਮਾਲਾ ਰੋਜ਼ ਦੀਆਂ ਕਰ ਲਈਆਂ, ਹੁਣ ਤਾਂ ਕ੍ਰਿਪਾ ਕਰੋ। ਫੇਰ ਕਹਿ ਦੇਣਾ, ਛੇ ਮਹੀਨੇ ਹੋਰ ਕਰ। ਛੇ ਮਹੀਨੇ ਤੇ ਲਾ ਦੇਣਾ, ਫੇਰ ਸਾਲ ਤੇ ਲਾ ਦੇਣਾ, ਫੇਰ ਕਿਤੇ ਜਾ ਕੇ ਅੰਮ੍ਰਿਤ ਛਕਾਉਣਾ। ਫੇਰ ਜਿਹਨੇ ਛਕ ਲਿਆ, ਉਹ ਨਹੀਂ ਸੀ ਡੋਲਦਾ, ਉਹ ਪਹਿਲਾਂ ਹੀ ਨਾਮ ਜਪਣ ਲੱਗ ਜਾਂਦਾ ਸੀ। ਜਦੇ ਹੀ ਅੰਮ੍ਰਿਤ ਵੇਲੇ ਉਠ ਕੇ ਚੌਕੜਾ ਮਾਰ ਕੇ ਬੈਠਣ ਲਗ ਜਾਂਦਾ ਸੀ। ਫੇਰ ਨਹੀਂ ਸੀ ਉਹ ਕਹਿੰਦਾ ਕਿ ਮੇਰਾ ਮਨ ਡੋਲਦਾ ਹੈ, ਜੀ ਮੇਰਾ ਮਨ ਨੱਠਦਾ ਹੈ। ਉਸੇ ਵੇਲੇ ਨਾਮ ਦੀਆਂ ਜੋ ਅੰਦਰਲੀਆਂ ਅਵਸਥਾ ਨੇ, ਉਹ ਪ੍ਰਾਪਤ ਹੋ ਜਾਂਦੀਆਂ ਸੀ। ਅਨਹਦ ਸ਼ਬਦ, ਪ੍ਰਕਾਸ਼ ਬਗੈਰਾ ਵਿੱਚ ਬਿਰਤੀ ਚਲੀ ਜਾਂਦੀ ਸੀ। ਇਹ ਰਾਹ ਦੀਆਂ ਚੀਜ਼ਾਂ ਹੁੰਦੀਆਂ ਨੇ, ਨਾਮ ਅਗਾਹਾਂ ਪਿਆ ਹੈ। ਸੋ ਇਸ ਤਰ੍ਹਾਂ ਦੇ ਨਾਲ ਜਿਸਦੇ ਅੰਦਰ ਵਿਸ਼ਵਾਸ਼ ਹੋਵੇ, ਉਹ ਛੇਤੀ ਲੰਘ ਸਕਦਾ ਹੈ।

ਸੋ ਪ੍ਰੇਮੀ ਆ ਗਿਆ, ਆ ਕੇ ਮਸਤਕ ਨਿਵਾਇਆ। ਮਹਾਤਮਾ ਕਹਿਣ ਲੱਗੇ -

"ਕਿਵੇਂ ਆਇਆ ਹੈਂ ਪ੍ਰੇਮੀਆਂ?"

"ਮਹਾਰਾਜ! ਮੇਰੇ ਤੇ ਕ੍ਰਿਪਾ ਕਰੋ, ਮੈਨੂੰ ਨਾਮ ਦਿਉ।"

"ਐਨਾ ਸਸਤਾ ਨਾਮ? ਪਹਿਲਾਂ ਸੇਵਾ ਕਰ।"

"ਦੱਸੋ ਮਹਾਰਾਜ।"

ਮਹਾਤਮਾ ਕਹਿੰਦੇ, "ਪਸ਼ੂਆਂ ਦੀ ਸੇਵਾ ਕਰੋ, ਇਨ੍ਹਾਂ ਦੇ ਖੁਰ ਗੋਹੇ ਨਾਲ ਨਾ ਲਿਬੜਣ ਦੇਈਂ, ਗੋਹੇ 'ਤੇ ਨਾ ਕੋਈ ਪਸ਼ੂ ਬੈਠੇ। ਇਹ ਸੇਵਾ ਤੂੰ ਕਰਿਆ ਕਰ, ਪੱਠੇ ਪਾਉਣ ਵਾਲੇ ਦੀ ਮਦਦ ਕਰਿਆ ਕਰ। ਸੋ ਜਦੋਂ ਤੂੰ ਨਾਮ ਦੇ ਕਾਬਲ ਹੋ ਜਾਵੇਂਗਾ, ਤੈਨੂੰ ਅਸੀਂ ਆਪੇ ਬੁਲਾ ਲਵਾਂਗੇ।" ਅੱਠ ਸਾਲ ਲੰਘ ਗਏ, ਦਿ ਰਾਤ ਸੇਵਾ ਕਰਦਾ ਹੈ। ਮਹਾਤਮਾ ਬੜੇ ਪ੍ਰਸੰਨ ਨੇ ਕਿ ਐਸਾ ਪ੍ਰੇਮੀ ਆਇਆ ਹੈ; ਕਦੇ ਨਹੀਂ ਦੇਖਿਆ ਕਿ ਪਸ਼ੂਆਂ ਦੇ ਖੁਰਾਂ ਵਿੱਚ ਗੋਹਾ ਫਸਿਆ ਹੋਵੇ। ਹਰ ਵਕਤ ਸਾਵਧਾਨ ਰਹਿੰਦਾ ਹੈ ਇਹ ਤਾਂ ਮੇਰੇ ਗੁਰੂ ਦੇ ਪਸ਼ੂ ਨੇ, ਤੇ ਹੁਕਮ ਵਜਾਉਂਦਾ ਹੈ। ਅੱਠ ਸਾਲ ਲੰਘਣ ਤੋਂ ਬਾਅਦ ਇੱਕ ਦਿਨ ਮਨ 'ਚ ਖਿਆਲ ਆਇਆ ਕਿ ਕਿਤੇ ਗੁਰੂ ਜੀ ਭੁੱਲ ਨਾ ਗਏ ਹੋਣ, ਮੈਨੂੰ ਅਜੇ ਤੱਕ ਤਾਂ ਕੁਛ ਨਹੀਂ ਪ੍ਰਾਪਤ ਹੋਇਆ। ਸੇਵਾ ਕਰਦੇ ਕਰਦੇ ਕੀ ਹੁੰਦਾ ਹੈ - ਮਨ ਨਿਰਮਲ ਹੋ ਜਾਂਦਾ ਹੈ -

***ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ***
***ਹਰਿ ਕੈ ਨਾਮਿ ਨਿਵਾਸੁ ॥ ਅੰਗ - ੬੩੯***

ਸੰਤਾਂ ਦੀ ਸਭਾ ਦੇ ਵਿਚ ਆ ਕੇ ਜਦੋਂ ਮਨ ਨੂੰ ਮਾਂਜਦਾ ਹਾਂ - ਸੇਵਾ ਦੇ ਨਾਲ, ਜਿੰਨੇ ਜਿੰਨੇ ਬਰਤਨ ਲਿਸ਼ਕਾਉਂਦੇ ਹਾਂ, ਓਨਾਂ ਹੀ ਮਨ ਲਿਸ਼ਕਦਾ ਜਾਂਦਾ ਹੈ।

ਗੁਰੂ ਦਸ਼ਮੇਸ਼ ਪਿਤਾ ਨੇ ਭਾਈ ਮਨੀ ਸਿੰਘ ਨੂੰ ਹੁਕਮ ਦਿੱਤਾ, "ਪੁਰਖਾ! ਤੂੰ ਜਾ ਕੇ ਬਰਤਨ ਮਾਂਜਿਆ ਕਰ। ਜਿੰਨੇ ਪ੍ਰੇਮ ਦੇ ਨਾਲ ਬਰਤਨ ਚਮਕਾਏਂਗਾ, ਓਨੀ ਹੀ ਤੇਰੀ ਬੁੱਧੀ ਨਿਰਮਲ ਹੋਵੇਗੀ।" ਫੇਰ ਕਿੱਥੇ ਪਹੁੰਚ ਗਏ ਆਪ, ਕਿੱਡੇ ਵੱਡੇ ਵਿਦਵਾਨ ਹੋਏ ਨੇ।

ਸੋ ਇਸੇ ਤਰ੍ਹਾਂ 'ਕਰਮ, ਉਪਾਸ਼ਨਾ, ਗਿਆਨ, ਵਿਗਿਆਨ' ਚਾਰ ਅਵਸਥਾ ਰੂਹਾਨੀ ਮਾਰਗ ਦੀਆਂ ਹੋਇਆ ਕਰਦੀਆਂ ਨੇ। ਪਹਿਲਾਂ ਕਰਮ ਹੁੰਦਾ ਹੈ - ਇਹ ਸੇਵਾ ਦੇ ਨਾਲ, ਬਾਣੀ ਪੜ੍ਹਨ ਦੇ ਨਾਲ, ਨੇਕ ਕੰਮ ਕਰਨ ਦੇ ਨਾਲ, ਬੁਰਾਈਆਂ ਤੋਂ ਰੋਕ ਪਾ ਕੇ ਮਨ ਦੀ ਮੈਲ ਲਹਿੰਦੀ ਹੈ। ਫੇਰ ਨਾਮ ਦੀ ਵਾਰੀ ਆ ਜਾਂਦੀ

ਹੈ - ਉਪਾਸ਼ਨਾ ਦੀ, ਫੇਰ ਉਹਦੇ ਬਾਅਦ ਗਿਆਨ ਦੀ ਵਾਰੀ ਆਉਂਦੀ ਹੈ।

ਸੋ ਇਸ ਤਰ੍ਹਾਂ ਕਰਦੇ-ਕਰਦੇ ਉਸ ਪ੍ਰੇਮੀ ਨੂੰ ਅੱਠ ਸਾਲ ਲੰਘ ਗਏ। ਬਹੁਤ ਪਿਆਰ ਨਾਲ ਸੇਵਾ ਕਰਦਾ ਹੈ, ਕਦੇ ਸ਼ਿਕਾਇਤ ਨਹੀਂ ਕਰਦਾ। ਜੋ ਮਿਲ ਜਾਂਦਾ ਹੈ, ਉਹ ਖਾ ਕੇ ਸ਼ੁਕਰ ਕਰਦਾ ਹੈ। ਜਿਥੇ ਰੱਖਦੇ ਨੇ, ਉਥੇ ਹੀ ਰਹਿੰਦਾ ਹੈ। ਅੱਠ ਸਾਲ ਲੰਘ ਗਏ ਤੇ ਮਨ ਨਿਰਮਲ ਹੋ ਗਿਆ। ਅੱਜ ਮਨ ਵਿੱਚ ਖਿਆਲ ਆਇਆ ਕਿ ਮਹਾਂਪੁਰਸ਼ਾਂ ਨੂੰ ਬੇਨਤੀ ਕਰਕੇ ਯਾਦ ਕਰਾਈਏ। ਜਾ ਕੇ ਨਮਸਕਾਰ ਕਰੀ। ਕਹਿੰਦੇ, "ਦੱਸੋ, ਕੀ ਮਨੋਰਥ ਹੈ?" ਕਹਿੰਦਾ, "ਮਹਾਰਾਜ! ਆਪ ਦਾ ਫੁਰਮਾਨ ਸੀ ਕਿ ਤੂੰ ਸੇਵਾ ਕਰ, ਫੇਰ ਤੈਨੂੰ ਅਸੀਂ ਨਾਮ ਦੇਵਾਂਗੇ।" ਕਹਿੰਦੇ, "ਇਉਂ ਕਰ, ਨਾਮ ਅੰਮ੍ਰਿਤ ਵੇਲੇ ਦਿਤਾ ਜਾਂਦਾ ਹੈ। ਅਸੀਂ ਅੱਠ ਵਜੇ ਵਿਹਲੇ ਹੋਵਾਂਗੇ ਆਪਣੇ ਭਜਨ ਬੰਦਗੀ ਤੋਂ, ਤੂੰ ਉਸ ਵੇਲੇ ਆ ਜਾਵੀਂ, ਪ੍ਰੇਮੀਆਂ।" ਬਹੁਤ ਮਹਾਤਮਾ ਅੰਮ੍ਰਿਤ ਵੇਲੇ ਨਾਮ ਦਿੰਦੇ ਨੇ। ਸੋ ਉਸ ਵੇਲੇ ਜਦੋਂ ਆਇਆ ਤਾਂ ਰਾਤ ਨੂੰ ਹੀ ਸੁਨੇਹਾ ਆ ਗਿਆ - ਮਹਾਤਮਾ ਨੂੰ ਕਿ ਕੱਲ੍ਹ ਨੂੰ ਇਥੋਂ ਦੇ ਰਾਜੇ ਨੇ ਦਰਸ਼ਨ ਕਰਨ ਆਉਣਾ ਹੈ - ਆਪ ਇਜਾਜ਼ਤ ਦਿਓ। ਮਹਾਤਮਾ ਕਹਿੰਦੇ, "ਠੀਕ ਹੈ, ਅੱਠ ਵਜੇ ਆ ਜਾਵੇ, ਸਾਢੇ ਅੱਠ ਆ ਜਾਵੇ, ਨੌਂ ਵਜੇ ਆ ਜਾਵੇ।" ਸੋ ਹੁਕਮ ਲੈ ਲਿਆ ਕਿ ਮਹਾਰਾਜ! ਅਗਰ ਆਪ ਆਗਿਆ ਦਿਓ ਤੇ ਗੁਸਤਾਖੀ ਨਾ ਹੋਵੇ ਤਾਂ ਅਸੀਂ ਓਥੇ ਗਲੀਚੇ ਵਿਛਾ ਦੇਈਏ ਤਾਂ ਕਿ ਆਰਾਮ ਨਾਲ ਰਾਜਾ ਵੀ ਬੈਠ ਜਾਵੇ, ਰਾਣੀਆ ਵੀ ਨਾਲ ਹੋਣਗੀਆਂ, ਬੈਠ ਜਾਣ। ਆਪ ਜਾਣਦੇ ਹੀ ਹੋ ਕਿ ਉਨ੍ਹਾਂ ਦੇ ਕੱਪੜੇ ਬੜੇ ਕੀਮਤੀ ਹੁੰਦੇ ਨੇ, ਤੇ ਆਪ ਤਾਂ ਸਫ ਤੇ ਹੀ ਬੈਠ ਜਾਂਦੇ ਹੋ, ਅਸੀਂ ਭੁੰਜੇ ਹੀ ਬੈਠ ਜਾਂਦੇ ਹਾਂ। ਪਰ ਉਨ੍ਹਾਂ ਦਾ ਹੁਕਮ ਹੀ ਐਸਾ ਹੈ, ਸਾਨੂੰ ਬਜਾਉਣਾ ਪੈਂਦਾ ਹੈ - ਕਿਤੇ ਸਾਡੇ 'ਤੇ ਨਾਰਾਜ਼ ਨਾ ਹੋ ਜਾਣ। ਮਹਾਤਮਾ ਕਹਿੰਦੇ, "ਕੋਈ ਗੱਲ ਨਹੀਂ।" ਉਨ੍ਹਾਂ ਨੇ ਗਲੀਚੇ ਵਿਛਾ ਦਿੱਤੇ।

ਐਧਰ ਇਹ ਪ੍ਰੇਮੀ, ਜਦ ਅੱਠ ਕੁ ਵੱਜਣ ਲੱਗੇ, ਅੰਦਾਜ਼ੇ ਨਾਲ ਹਿਸਾਬ ਲਾਇਆ - ਸੂਰਜ ਵੱਲ ਦੇਖ ਕੇ, ਤੇ ਕਹਿਣ ਲਗਿਆ ਕਿ ਮਹਾਂਪੁਰਸ਼ਾਂ ਨੇ ਤਾਂ ਮੈਨੂੰ ਬੁਲਾਇਆ ਸੀ - ਅੱਠ ਵਜੇ। ਇਹ ਉਸੇ ਵੇਲੇ ਉਠ ਕੇ ਦੌੜ ਕੇ ਜਾਣ ਲਗਿਆ, ਤੇ ਓਧਰੋਂ ਰਾਜੇ ਦਾ ਵੀ ਆਉਣ ਦਾ ਟਾਇਮ ਹੋ ਗਿਆ। ਮਹਾਤਮਾ ਆਪਣੀ ਕੁਟੀਆ ਦੇ ਦਰਵਾਜ਼ੇ ਵਿੱਚ ਖੜ੍ਹੇ ਨੇ। ਸਾਹਮਣੇ ਉਨ੍ਹਾਂ ਦੇ Carpet (ਗਲੀਚਾ) ਵਿਛਿਆ ਹੋਇਆ ਹੈ, ਅੰਦਰ ਵੀ ਗਲੀਚਾ ਵਿਛਿਆ ਹੋਇਆ ਹੈ ਤੇ ਇਹ ਪ੍ਰੇਮੀ ਦੌੜਿਆ ਆਉਂਦਾ ਹੈ। ਦੇਖਿਆ ਮਹਾਤਮਾ ਨੇ ਕ ਦੌੜਿਆ ਆ ਰਿਹਾ ਹੈ, ਤੇ ਧਿਆਨ ਕੀਤਾ ਕਿ ਇਹਦੇ ਤਾਂ ਪੈਰ ਗੋਹੇ ਨਾਲ ਲਿਬੜੇ ਹੋਏ ਨੇ। ਜਿਸ ਵਕਤ ਉਹਨੇ ਆ ਕੇ ਕਾਰਪੈਟ ਤੇ ਪੈਰ ਰੱਖਣਾ ਚਾਹਿਆ, ਉਸ ਵੇਲੇ ਮਹਾਤਮਾ ਦੇ ਮੁੱਖ ਤੋਂ ਨਿਕਲਿਆ, ਪਰ੍ਹੇ-ਪਰ੍ਹੇ-ਪਰ੍ਹੇ-ਪਰ੍ਹੇ-ਪਰ੍ਹੇ-ਪਰ੍ਹੇ।' ਉਥੇ ਹੀ ਮੱਥਾ ਟੇਕ ਦਿਤਾ - 'ਪਰ੍ਹੇ-ਪਰ੍ਹੇ-ਪਰ੍ਹੇ-ਪਰ੍ਹੇ-ਪਰ੍ਹੇ-ਪਰ੍ਹੇ' ਜਪਣਾ ਸ਼ੁਰੂ ਕਰ ਦਿੱਤਾ, ਦਿਨ ਰਾਤ ਇੱਕ ਕਰ ਦਿੱਤਾ, ਪੂਰੀ ਸ਼ਰਧਾ ਨਾਲ ਉਹਦਾ ਧਿਆਨ ਧਰਦਾ ਹੈ -

***ਜਿਮੀ ਜਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਬਾਢ ਘਾਟ ਹੋਤ ਹੈ॥***
***ਅਕਾਲ ਉਸਤਤਿ***

ਹਰ ਵਕਤ ਧਿਆਨ ਰਖਦਾ ਹੈ। ਸਤਿਸੰਗ ਕਰਦਾ ਸੀ, ਪਤਾ ਸੀ ਕਿ ਵਾਹਿਗੁਰੂ ਮੇਰੇ ਨਾਲ ਹੈ ਜਿਸ ਦਾ ਮੈਂ ਨਾਮ ਲੈਂਦਾ ਹਾਂ।

ਸਮਾਂ ਲੰਘਦਾ ਗਇਆ। ਨਾਮ ਵਿੱਚ ਸਿੱਧੀ ਹੋਇਆ ਕਰਦੀ ਹੈ। ਜਿਹਦਾ ਨਾਮ ਲੈਂਦੇ ਹਾਂ, ਉਹਦੇ ਵਿੱਚ ਨਾਮੀ ਵਸਦਾ ਹੈ। 'ਵਾਹਿਗੁਰੂ' ਮੰਤਰ ਹੈ, ਇਹਦੇ ਵਿੱਚ ਹੀ ਵਾਹਿਗੁਰੂ ਵਸਦਾ ਹੈ। ਇਹ ਉਨ੍ਹਾਂ ਨੂੰ ਦਿਸਦਾ ਹੈ ਜਿਹੜੇ ਬੰਦਗੀ ਕਰਕੇ ਵਾਹਿਗੁਰੂ ਅੱਖਰ ਤੋਂ ਪਿਛਲੇ ਪਾਸੇ ਲੰਘ ਜਾਂਦੇ ਨੇ - ਪਾਰ ਕਰ ਜਾਂਦੇ ਨੇ-

***ਏ ਅਖਰ ਖਿਰਿ ਜਾਹਿਗੇ.................॥***
***ਅੰਗ - ੩੪੦***

ਇਹ ਤਾਂ ਖਿਰ ਜਾਣਗੇ ਅੱਖਰ। ਜਿਹੜਾ ਨਾ ਖਿਰਨ ਵਾਲਾ ਹੈ, ਉਹ ਇਹਦੇ ਪਿਛਲੇ ਪਾਸੇ ਖੜ੍ਹਾ ਹੈ, ਉਹ ਸ਼ਕਤੀ ਰੂਪ ਹੈ। ਨਿਹਚੇ ਵਿੱਚ ਵਸ ਜਾਏਗਾ, ਫੇਰ ਪ੍ਰਮੇਸ਼ਰ ਦਾ ਹੋ ਜਾਈਦਾ ਹੈ। ਐਸੀ ਹੀ ਅਵਸਥਾ ਇਸ ਪ੍ਰੇਮੀ ਦੀ ਹੋ ਗਈ। ਪ੍ਰਮੇਸ਼ਰ ਦੇ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਅਜੇ ਗਿਆਨ ਦੀ ਪ੍ਰਾਪਤੀ ਨਹੀਂ ਹੋਈ।

ਸੋ ਅੱਜ ਮਹਾਤਮਾ ਨੇ ਬੁਲਾਇਆ, ਕਹਿਣ ਲੱਗੇ, "ਪ੍ਰੇਮੀਆਂ! ੪੦ ਮੀਲ ਦੇ ਉਤੇ ਇੱਕ ਸਾਡਾ ਪ੍ਰੇਮੀ ਹੈ, ਤੂੰ ਉਥੇ ਜਾਹ। ਉਥੇ ਜਾ ਕੇ ਇਹ ਚਿੱਠੀ ਦਾ ਜਵਾਬ ਲੈ ਕੇ ਆ।" ਜਵਾਬ ਲਿਆਉਣ ਵਾਸਤੇ ਤਿਆਰ ਹੋ ਰਿਹਾ ਹੈ ਤੇ ਮਨ 'ਚ ਫੁਰਨਾ ਆ ਗਿਆ ਕਿ ਕਿਤੇ ਐਸਾ ਨਾ ਹੋਵੇ, ਮੇਰੀ ਨਾਮ ਦੀ ਲਿਵ ਲੱਗੀ ਹੋਈ ਟੁੱਟ ਜਾਵੇ। ਕਿਉਂਕਿ ਨਾਮ ਦੀ ਜੇ ਲਿਵ ਟੁੱਟ ਜਾਵੇ ਤਾਂ ਬਿਲਕੁਲ ਐਸੀ ਹੀ ਅਵਸਥਾ ਹੁੰਦੀ ਹੈ, ਜਿਵੇਂ ਫੁਰਮਾਨ ਕੀਤਾ ਹੈ -

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥***
***ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥***
***ਭਵਰੁ ਲੋਭੀ ਕੁਸਮ ਬਾਸੁ ਕਾ***
***ਮਿਲਿ ਆਪੁ ਬੰਧਾਵੈ ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ***
***ਦੇਖਿ ਦਰਸੁ ਅਘਾਵੈ ॥ ਅੰਗ - ੭੦੮***

***ਆਖਾ ਜੀਵਾ ਵਿਸਰੈ ਮਰਿ ਜਾਉ ॥ ਅੰਗ - ੯***

ਖਿਆਲ ਆ ਗਿਆ, ਕਿਤੇ ਲਿਵ ਨਾ ਟੁੱਟ ਜਾਵੇ। ਇਕਾਂਤ-ਪਸੰਦ ਸੀ, ਹਰ ਵਕਤ ਪ੍ਰਭੂ ਦੇ ਨਾਮ ਨਾਲ ਜੁੜਿਆ ਰਹਿੰਦਾ ਸੀ। ਸੋ ਅੰਦਰ ਫੁਰਨਾ ਹੋਇਆ ਕਿ ਪ੍ਰਮੇਸ਼ਰ ਹਰ ਵਕਤ ਇੰਤਜ਼ਾਰ ਕਰਦਾ ਹੈ ਕਿ ਜਿਹੜੇ ਮੇਰੇ ਨਾਲ ਅਭੇਦ ਅਵਸਥਾ ਦੇ ਮਹਾਤਮਾ ਹਰ ਵਕਤ ਜੁੜੇ ਰਹਿੰਦੇ ਨੇ, ਉਨ੍ਹਾਂ ਦੇ ਕੰਮ ਕਰਨ ਦਾ ਕਿਤੇ ਮੌਕਾ ਮਿਲੇ, ਸੇਵਾ ਕਰਨ ਦਾ ਮੌਕਾ ਮਿਲੇ -


(ਬਾਕੀ ਪੰਨਾ 37 'ਤੇ)

## ਸੰਖੇਪ ਜੀਵਨ-ਝਾਤ ਮਹਾਂਪੁਰਸ਼ "ਰਤਵਾੜਾ ਸਾਹਿਬ" ਵਾਲੇ

# ਬਰਸੀ ਤੇ ਵਿਸ਼ੇਸ਼

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥ ਪੰਨਾ - 749***

ਕਰਮਾਂ ਦਾ ਬੱਝਾ ਮਨੁੱਖ ਸੰਸਾਰ ਵਿਚ ਆਉਂਦਾ ਹੈ ਅਤੇ ਪ੍ਰਮਾਤਮਾ ਉਨ੍ਹਾਂ ਦੀ ਬੰਦ-ਖਲਾਸ ਲਈ ਮਹਾਨ ਆਤਮਾਵਾਂ ਨੂੰ ਭੇਜਦਾ ਰਹਿੰਦਾ ਹੈ। ਰਤਵਾੜਾ ਸਾਹਿਬ ਦੇ ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਵੀ ਐਸੀ ਹੀ ਮਹਾਨ ਰੂਹਾਨੀ ਸਖਸ਼ੀਅਤ ਹਨ ਜਿਨ੍ਹਾਂ ਨੇ ਦੇਸ ਅਤੇ ਪ੍ਰਦੇਸ ਵਿਚ ਲੱਖਾਂ ਲੋਕਾਂ ਦੇ ਜੀਵਨ ਵਿਚ ਰੂਹਾਨੀ ਇਨਕਲਾਬ ਲੈ ਆਂਦਾ ਹੈ। ਇਸ ਅਧਿਆਤਮਕ ਇਨਕਲਾਬ ਦਾ ਬੀਜ, ਕਹੇ ਜਾਂਦੇ ਰੋਪੜ ਦੇ ਪਛੜੇ ਇਲਾਕੇ ਦੇ ਪਿੰਡਾਂ ਵਿਚ ਬੀਜਿਆ ਗਿਆ ਪਰ ਜਦੋਂ ਇਹ ਪੇੜ ਜਵਾਨ ਹੋਇਆ ਤਾਂ ਇਸ ਦੀਆਂ ਸ਼ਾਖਾਂ ਤੇ ਟਹਿਣੀਆਂ ਦੀ ਛਾਂ ਸਾਰੇ ਸੰਸਾਰ ਨੇ ਮਾਣੀ। ਸੱਚ ਦੇ ਧਰਮ ਦਾ ਬੀਜ ਬੜੇ ਯੋਜਨਾਬੱਧ ਤਰੀਕੇ ਨਾਲ ਬੀਜਿਆ ਗਿਆ, ਇਕ ਇਕ ਪਿੰਡ ਜਾ ਕੇ ਸਗੋਂ ਇਕ ਇਕ ਘਰ, ਇਕ ਇਕ ਕੁਲੀ ਵਿਚ ਗੁਰੂ ਨਾਨਕ ਦੇਵ ਜੀ ਦੇ ਪਿਆਰ ਅਤੇ ਜੀਵਨ ਜਾਂਚ ਦਾ ਸੰਦੇਸ਼ਾ ਦਿਤਾ ਗਿਆ। ਨਾ ਆਪਣੇ ਨਿੱਜੀ ਸੁਖ ਆਰਾਮ ਦੀ ਪਰਵਾਹ ਕੀਤੀ, ਨਾ ਔਕੜਾਂ ਨੂੰ ਚਿਤਾਰਿਆ। ਸੰਤ ਸਿਪਾਹੀ ਦੇ ਰੂਪ ਵਿਚ ਇਸ ਮਹਾਨ ਕਾਰਜ ਦਾ ਬੀੜਾ ਚੁਕਿਆ, ਜਿਸ ਵਿਚ ਜੇ ਸਦੀਵ ਸਾਥ ਨਿਭਾਇਆ ਤਾਂ ਆਪ ਜੀ ਦੀ ਸੁਹਿਰਦ ਧਰਮ ਪਤਨੀ ਬੀਬੀ ਰਣਜੀਤ ਕੌਰ ਜੀ ਨੇ। ਆਪ ਜੀ ਦਾ ਇਹ ਮਹਾਨ ਪ੍ਰਚਾਰ ਮਿਸ਼ਨ ਕੈਸਾ ਸੀ? ਜਿਸ ਵਿਚ ਸਮੁੰਦਰ ਵਰਗੀ ਸੁਭਾਵਕਤਾ ਸੀ, ਨਵ ਜਨਮੇ ਬੱਚੇ ਵਰਗੀ ਨਿਰਛੱਲਤਾ, ਕੁਆਰੀ ਕੰਨਿਆ ਵਾਲੀ ਪਵਿੱਤਰਤਾ, ਮਾਰੂ ਪਰਬਤ ਵਾਲੀ ਦ੍ਰਿੜਤਾ ਸੀ ਅਤੇ ਆਪ ਇਕ ਅਣਥੱਕ ਯੋਧੇ ਵਾਂਗ ਇਸ ਕਾਰਜ ਵਿਚ ਡਟੇ ਰਹੇ।



ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ
ਰਤਵਾੜਾ ਸਾਹਿਬ

ਆਪ ਜੀ ਦਾ ਐਸਾ ਬੇਲਾਗ, ਬੇਗਰਜ਼ ਕਾਰਜ ਹੋਰਨਾਂ ਲਈ ਇਕ ਵਧੀਆ ਉਦਾਹਰਣ ਹੈ। ਕਈ ਵਾਰੀ ਆਪ ਜੀ ਦੇ ਇਕ ਦਿਨ ਵਿਚ ਦੋ ਦੋ ਘੰਟੇ ਦੇ ਚਾਰ-ਚਾਰ, ਪੰਜ-ਪੰਜ ਦੀਵਾਨ ਵੀ ਲਗਦੇ, ਜਿਸ ਨਾਲ ਆਰਾਮ ਲਈ ਕੋਈ ਸਮਾਂ ਨਾ ਬਚਦਾ। ਇਸ ਅਣਥੱਕ ਮਿਹਨਤ ਤੇ ਸੇਵਾ ਦਾ ਸਰਵੋਤਮ ਗੁਣ ਇਹ ਹੈ ਕਿ ਇਸ ਕਾਰਜ ਵਿਚ ਆਪ ਜੀ ਦਾ ਕੋਈ ਨਿੱਜੀ ਲਾਭ ਨਹੀਂ ਸੀ ਹੁੰਦਾ, ਕੇਵਲ ਤੇ ਕੇਵਲ ਲੋਕਾਂ ਦੀ ਭਲਾਈ ਹੀ ਮੁੱਖ ਉਦੇਸ਼ ਸੀ ਤਾਂ ਕਿ ਉਹ ਲੋਕ ਜੋ ਪਛੜੇ ਹੋਏ ਕਹੇ ਜਾਂਦੇ ਹਨ, ਜਿਨ੍ਹਾਂ ਨੂੰ ਸਮਾਜਕ ਅਤੇ ਆਰਥਕ ਮੰਦਹਾਲੀ ਕਾਰਨ ਨੀਵੇਂ ਸਮਝਿਆ ਜਾਂਦਾ ਹੈ, ਉਨ੍ਹਾਂ ਦਾ ਉਥਾਨ ਹੋ ਸਕੇ। ਆਪ ਜੀ ਨੇ ਇਨ੍ਹਾਂ ਲੋਕਾਂ ਤੋਂ ਦੀਵਾਨ ਸਜਾਣ ਲਈ ਕਦੇ ਕੋਈ ਸਹਾਇਤਾ ਨਹੀਂ ਲਈ, ਸਗੋਂ ਹਰ ਤਰ੍ਹਾਂ ਦਾ ਖਰਚਾ ਆਪਣੇ ਪਾਸੋਂ ਕੀਤਾ ਅਤੇ ਆਪਣੇ ਪੀਣ ਲਈ ਪਾਣੀ ਤੱਕ ਆਪਣੇ ਘਰ ਤੋਂ ਨਾਲ ਲੈ ਕੇ ਜਾਂਦੇ ਸੀ। ਆਪ ਜੀ ਦਾ ਉਦੇਸ਼ ਇਹ ਸੀ ਕਿ ਲੋਕ ਸਮਾਜਕ ਬੁਰਾਈਆਂ ਤੋਂ ਮੁਕਤ ਹੋਣ, ਤਮਾਕੂ ਪੀਣ ਅਤੇ ਬੀਜਣ ਤੋਂ ਹਟ ਜਾਣ, ਸ਼ਰਾਬ ਅਤੇ ਹੋਰ ਨਸ਼ਿਆਂ ਤੋਂ ਨਿਕਲ ਕੇ ਸਵੱਛ ਜੀਵਨ ਜੀਉਣ ਅਤੇ ਗੁਰੂ ਉਪਦੇਸ਼ਾਂ ਤੇ ਚਲ ਕੇ ਸੱਚੀ ਸਿਖੀ ਧਾਰਨ ਕਰਨ। ਆਪਣੇ ਘਰ-ਬਾਰ ਦੀ ਸੰਭਾਲ ਕਰਨ, ਸਾਫ ਤੇ ਸਾਦਾ ਜੀਵਨ ਜੀਉਣ, ਮਿਹਨਤ ਕਰਨ ਅਤੇ ਪਾਠ ਬਾਣੀ ਨਾਲ ਜੁੜਨ ਜੋ ਸਿੱਖੀ ਦੇ ਮੁੱਖ ਉਪਦੇਸ਼ ਹਨ। ਆਪ ਜੀ ਨੇ ਆਪਣੇ ਆਪ ਨੂੰ ਸਮੇਂ ਦੀ ਗੰਦੀ ਸਿਆਸਤ ਤੋਂ ਦੂਰ ਰਖਿਆ ਜਿਸ ਨੇ ਇਸ ਸੂਬੇ ਨੂੰ ਅਤੇ ਪੂਰੇ ਦੇਸ਼ ਨੂੰ ਆਪਣੀ ਵਲਗਣ ਵਿਚ ਲਿਆ ਹੋਇਆ ਸੀ। ਜੇ ਉਨ੍ਹਾਂ ਦੇ ਦੀਵਾਨ ਵਿਚ ਕੋਈ ਨੇਤਾ ਆ ਜਾਂਦਾ ਤਾਂ ਆਪ ਜੀ ਉਸ ਦਾ ਨਿਰਾਦਰ ਨਹੀਂ ਸੀ ਕਰਦੇ, ਸਗੋਂ ਪੂਰਾ ਮਾਣ ਦਿੰਦੇ ਸੀ। ਪਰ ਜੇ ਕੋਈ ਪਿੰਡ ਦਾ ਮੁੱਖੀ ਜਾਂ ਇਲਾਕੇ ਦਾ ਨੇਤਾ ਦੀਵਾਨ ਵਿਚ ਨਹੀਂ ਵੀ ਆਇਆ ਤਾਂ ਆਪ ਜੀ ਨੇ ਪਰਵਾਹ ਨਹੀਂ ਕੀਤੀ, ਸ਼ਿਕਵਾ ਨਹੀਂ ਕੀਤਾ। ਅਸਲ ਵਿਚ ਆਪ ਜੀ ਸਭ ਅੰਦਰ ਪਰਮਜੋਤਿ ਵਾਹਿਗੁਰੂ ਜੀ ਦੀ ਪਿਆਰ ਭਾਵਨਾ ਪ੍ਰਫੁਲਤ ਕਰਨਾ ਲੋਚਦੇ ਅਤੇ ਇਸ ਲਈ ਬਿਨਾਂ ਕਿਸੇ ਤਰ੍ਹਾਂ ਦੇ ਵਿਤਕਰੇ ਤੋਂ, ਬਿਨਾਂ ਕਿਸੇ ਜਾਤ ਪਾਤ, ਊਚ ਨੀਚ, ਵੱਡੇ ਛੋਟੇ, ਅਤੇ ਧਰਮ ਦੇਸ਼ ਦੀਆਂ ਵੰਡਾਂ ਤੋਂ ਹਰ ਵਰਗ ਦੇ ਲੋਕ ਆਪ ਜੀ ਦੇ ਦੀਵਾਨਾਂ ਵਿਚ ਆ ਕੇ ਰੂਹਾਨੀ ਉਪਦੇਸ਼ ਸੁਣਦੇ ਅਤੇ ਜੀਵਨ ਨੂੰ ਨਵਾਂ ਰੁੱਖ ਦੇਣ ਲਈ ਉਤਸਾਹਤ ਹੁੰਦੇ ਰਹੇ ਹਨ। ਇਸ ਤਰ੍ਹਾਂ ਹੌਲੀ-ਹੌਲੀ ਇਸ ਉਤਮ ਕਾਰਜ ਵਿਚ ਹਰ ਵਰਗ ਦੇ ਲੋਕ-ਸਕੂਲ ਅਧਿਆਪਕ, ਪ੍ਰੋਫੈਸਰ, ਕਰਮਚਾਰੀ, ਵਪਾਰੀ, ਡਾਕਟਰ ਅਤੇ ਪ੍ਰਬੰਧਕੀ ਅਫਸਰ ਅਤੇ ਨੇਤਾ ਅਤੇ ਪ੍ਰਧਾਨ ਮੰਤਰੀ ਤੱਕ ਸਭ ਆਪ ਜੀ ਨਾਲ ਆ ਜੁੜੇ। ਆਪ ਜੀ ਦੀ ਪਾਰਖੂ ਅੱਖ ਹਰ ਮਨੁੱਖ ਵਿਚ ਛੁਪੇ ਗੁਣਾਂ ਨੂੰ ਦੇਖ ਲੈਂਦੀ ਅਤੇ ਆਪ ਜੀ ਉਸ ਪਾਸੋਂ ਵੈਸੀ ਹੀ ਗੁਰੂ ਪਿਆਰ ਦੀ ਸੇਵਾ ਲੈ ਲੈਂਦੇ। ਆਪ ਜੀ ਨੇ ਮਹਾਨ ਸਾਧਨਾ ਰਾਹੀਂ ਸੱਚੀ ਟਕਸਾਲ ਵਿਚ ਆਪਣੇ ਆਪ ਨੂੰ ਢਾਲਿਆ ਜਿੱਥੇ ਉਸਤਤ ਜਾਂ ਨਿੰਦਿਆ, ਲਾਭ ਜਾਂ ਹਾਨ, ਦੁਖ ਜਾਂ ਸੁਖ ਨਹੀਂ ਪਹੁੰਚਦੇ। ਆਪ ਜੀ ਐਸੀ ਹਰਮਨ ਪਿਆਰੀ ਸੁਹਿਰਦ ਦਿਲ ਅਤੇ ਰੌਸ਼ਨ ਦਿਮਾਗ ਸਖਸ਼ੀਅਤ ਦੇ ਮਾਲਕ ਸਨ ਜਿਸ ਵਿਚ ਸਹਿਜ, ਅਨੰਦ, ਵਿਗਾਸ, ਸਭ ਲਈ ਪਿਆਰ, ਹਮਦਰਦੀ, ਸਦ ਭਾਵਨਾ, ਕੰਮ ਆਉਣ ਦਾ ਚਾਅ, ਅਤੇ ਜਿਸ ਨੇ ਪੰਜਾਬ, ਭਾਰਤ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਰੂਹਾਨੀ ਇਨਕਲਾਬ ਲੈ ਆਂਦਾ। ਆਪ ਜੀ ਪਿਆਰ ਦਾ ਸਾਗਰ ਅਤੇ ਗਿਆਨ ਦਾ ਭੰਡਾਰ ਅਤੇ ਭਾਈ ਦਇਆ ਸਿੰਘ ਜੀ (ਜੋ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰਿਆਂ ਵਿਚੋਂ ਪਹਿਲੇ

ਪਿਆਰੇ ਸਨ) ਦੀ ਰੂਹਾਨੀ ਪਰੰਪਰਾ ਦੇ ਸੱਚੇ ਵਾਰਸ ਸਿੱਧ ਹੋਏ। ਜਿਸ ਪਰੰਪਰਾ ਦੇ ਗੁਰੂ ਮਹਾਰਾਜ ਜੀ ਆਪ ਹੀ ਸੰਚਾਲਕ ਹਨ। ਐਸੀ ਮਹਾਨ ਆਤਮਾ ਦੀ ਪਹਿਲੀ ਝਲਕ ਹੀ ਮਨ ਨੂੰ ਮੋਹ ਲੈਂਦੀ, ਉਨ੍ਹਾਂ ਦੀਆਂ ਅੱਖਾਂ ਵਿਚੋਂ ਹਰ ਸਮੇਂ ਠੰਢੀ ਅੰਮ੍ਰਿਤ-ਫੁਹਾਰ ਵਰ੍ਹਦੀ ਰਹਿੰਦੀ, ਜਿਨ੍ਹਾਂ ਦੀ ਇਕ ਪਿਆਰ ਦ੍ਰਿਸ਼ਟੀ ਨਾਲ ਹੀ ਜਗਿਆਸੂ ਨਿਹਾਲ ਹੋ ਜਾਂਦਾ ਅਤੇ ਉਨ੍ਹਾਂ ਦੀ ਰਸਨਾ ਤੋਂ ਨਿਕਲੇ ਮਿੱਠੇ ਪ੍ਰਵਚਨ, ਗਿਆਨ ਦਾ ਭੰਡਾਰ ਹਨ, ਅਤੇ ਨਵਾਂ ਜੀਵਨ ਬਖਸ਼ਸ਼ ਕਰਦੇ ਹਨ। ਆਪ ਜੀ ਸਦਾ ਸਹਿਜ ਵਿਚ ਵਿਚਰਦੇ, ਕਦੇ ਕਿਸੇ ਕਾਰਨ ਉਨ੍ਹਾਂ ਨੂੰ ਕ੍ਰੋਧਵਾਨ ਹੁੰਦਿਆਂ ਨਹੀਂ ਵੇਖਿਆ ਗਿਆ, ਨਾ ਕਿਸੇ ਨਾਲ ਵੈਰ ਹੈ, ਨਾ ਵਿਰੋਧ, ਜੇ ਵਿਰੋਧ ਹੈ ਤਾਂ ਛਲ, ਕਪਟ, ਝੂਠ, ਨਿੰਦਿਆ ਅਤੇ ਵਿਸ਼ੇ ਵਿਕਾਰਾਂ ਅਤੇ ਨਸ਼ਿਆਂ ਨਾਲ ਹੈ। ਆਪ ਜੀ ਦੀ ਹਰਮਨ ਪਿਆਰੀ ਰੂਹਾਨੀ ਸ਼ਖਸੀਅਤ ਦਾ ਉਠਣਾ, ਬੈਠਣਾ, ਹਰ ਕਦਮ, ਹਰ ਹਰਕਤ ਵਿਚੋਂ ਦੈਵੀ ਰੰਗ ਅਤੇ ਖੂਬਸੂਰਤੀ ਦੀ ਝਲਕ ਵਜਦੀ ਅਤੇ ਆਪ ਜੀ ਦੇ ਨਿਕਟ ਬੈਠਿਆਂ ਹਿਰਦੇ ਵਿਚ ਸ਼ੁਧਤਾ ਆਉਂਦੀ, ਮਨ ਖਿੜ ਜਾਂਦਾ, ਭਰਮ ਭੁਲੇਖੇ, ਵੈਰ-ਵਿਰੋਧ ਦੂਰ ਹੁੰਦੇ, ਇੰਜ ਜਾਪਦਾ ਜਿਵੇਂ ਕਿਸੇ ਅਲੌਕਿਕ ਵਾਯੂ ਮੰਡਲ ਵਿਚ ਸੁਖ ਸਹਜ ਘਰ ਵਿਚ ਪ੍ਰਵੇਸ਼ ਹੋ ਗਿਆ ਹੋਵੇ।

ਸੰਤਾਂ ਮਹਾਂਪੁਰਸ਼ਾਂ ਦੇ ਜੀਵਨ ਨੂੰ ਸਮਝਣਾ ਅਤੇ ਬੁਝਣਾ ਸਾਧਾਰਨ ਵਿਅਕਤੀ ਦੇ ਵਸ ਵਿਚ ਨਹੀਂ ਹੁੰਦਾ। ਉਨ੍ਹਾਂ ਬਾਰੇ ਲਿਖਣਾ ਤਾਂ ਹੋਰ ਵੀ ਮੁਸ਼ਕਲ ਘਾਟੀ ਹੈ। ਇਸ ਲਈ ਉਨ੍ਹਾਂ ਦੇ ਜੀਵਨ ਸੰਬੰਧੀ ਹੋਰ ਲਿਖਣ ਤੋਂ ਪਹਿਲਾਂ ਭੁੱਲਾਂ ਦੀ ਖਿਮਾ ਪਹਿਲਾਂ ਹੀ ਮੰਗ ਲੈਣੀ ਉਚਿਤ ਹੈ।



**ਪਰਮ ਸਤਿਕਾਰਯੋਗ ਬੀਜੀ ਚੇਅਰਪਰਸਨ ਰਤਵਾੜਾ ਸਾਹਿਬ**

ਆਪ ਜੀ ਦਾ ਜਨਮ ਪਿੰਡ ਧਮੋਟ, ਤਹਿਸੀਲ ਪਾਇਲ, ਜ਼ਿਲਾ ਲੁਧਿਆਣਾ (ਪੰਜਾਬ) ਵਿਖੇ 17 ਜੂਨ 1918 ਨੂੰ ਹੋਇਆ। ਇਹ ਉਹ ਸਮਾਂ ਸੀ ਜਦੋਂ ਦੇਸ਼ ਦੀ ਆਜ਼ਾਦੀ ਲਈ ਮੁਹਿੰਮਾਂ ਚਲ ਰਹੀਆਂ ਸਨ ਅਤੇ ਗੁਲਾਮੀ ਦੇ ਜੂਲੇ ਨੂੰ ਲਾਹ ਸੁੱਟਣ ਲਈ ਹਰ ਪਾਸੇ ਜਦੋਂ ਜਹਿਦ ਹੋ ਰਹੀ ਸੀ। ਧਾਰਮਿਕ ਖੇਤਰ ਵਿਚ ਵੀ ਸ਼ੁੱਧੀ ਲਹਿਰ ਜ਼ੋਰਾ ਤੇ ਸੀ, ਹਰ ਧਰਮ ਪਾਖੰਡਵਾਦ ਦੇ ਖਿਲਾਫ ਜੂਝ ਰਿਹਾ ਸੀ ਤੇ ਲੋਕਾਂ ਨੂੰ ਸੱਚੀ ਧਰਮ ਕਿਰਿਆ ਨਾਲ ਜੋੜਨ ਲਈ ਉਤਸਕ ਸੀ। ਈਸਾਈ ਪ੍ਰਚਾਰ ਜ਼ੋਰਾਂ ਤੇ ਸੀ ਤੇ ਹਰ ਤਰ੍ਹਾਂ ਦੀਆਂ ਸਹੂਲਤਾਂ ਰਾਹੀਂ, ਮਾਇਕ ਸਹਾਇਤਾ ਰਾਹੀਂ, ਉਚ ਪਦਵੀਆਂ ਦੇ ਲਾਲਚ ਰਾਹੀਂ ਲੋਕਾਂ ਨੂੰ ਈਸਾਈ ਬਣਨ ਲਈ ਪ੍ਰੇਰਿਆ ਜਾ ਰਿਹਾ ਸੀ। ਇਸ ਸਮੇਂ ਹੀ ਸਿੰਘ ਸਭਾ ਲਹਿਰ ਨੇ ਜ਼ੋਰ ਪਕੜਿਆ ਜਿਸ ਨੇ ਸਿਖ ਧਰਮ ਵਿਚ ਆਏ ਵਿਗਾੜ ਨੂੰ ਸੋਧਨ ਦੇ ਯਤਨ ਕੀਤੇ, ਸਿਖ ਧਰਮ ਵਿਚ ਆ ਚੁੱਕੀਆਂ ਕੁਰੀਤੀਆਂ ਤੋਂ ਲੋਕਾਂ ਨੂੰ ਜਾਣੂ ਕਰਾਇਆ, ਸਿਖ ਧਰਮ ਦੀਆਂ ਵਿਸ਼ੇਸ਼ਤਾਈਆਂ ਨੂੰ ਉਭਾਰਿਆ ਅਤੇ ਨੌਜਵਾਨਾਂ ਨੂੰ ਆਪਣੇ ਵਿਰਸੇ ਨਾਲ ਜੋੜਨ ਦੇ ਉਪਰਾਲੇ ਕੀਤੇ। ਇਸ ਮਹਾਨ ਕਾਰਜ ਲਈ ਸਾਹਿਤ ਰਚਿਆ ਗਿਆ, ਟ੍ਰੈਕਟ ਲਿਖੇ ਗਏ, ਪੁਸਤਕਾਂ ਲਿਖੀਆਂ ਗਈਆਂ ਅਤੇ ਥਾ-ਥਾਂ ਧਾਰਮਿਕ ਦੀਵਾਨਾਂ ਦਾ ਸਿਲਸਿਲਾ ਸ਼ੁਰੂ ਹੋਇਆ। ਆਪ ਜੀ ਦੇ ਪਿਤਾ ਜਥੇਦਾਰ ਕਰਤਾਰ ਸਿੰਘ ਜੀ ਦ੍ਰਿੜ੍ਹਤਾ ਵਾਲੇ ਪੂਰਨ ਗੁਰਸਿਖ ਸਨ। ਇਸ ਸਾਰੇ ਧਾਰਮਿਕ ਵਾਯੂ ਮੰਡਲ ਵਿਚ ਆਪ ਜੀ ਦਾ ਪਾਲਣ ਪੋਸਣ ਹੋਇਆ ਅਤੇ ਧਰਮ ਦੀ ਗੁੜ੍ਹਤੀ ਆਪ ਜੀ ਨੂੰ ਜਨਮ ਤੋਂ ਹੀ ਪ੍ਰਾਪਤ ਹੋਈ। ਆਪ ਜੀ ਦੀ ਆਯੂ ਤਿੰਨ ਵਰ੍ਹਿਆਂ ਦੀ ਹੀ ਸੀ ਜਦੋਂ ਆਪ ਜੀ ਨੂੰ ਗੁਰੂ ਮਹਾਰਾਜ ਜੀ ਦੀ ਮਹਾਨ ਬਖਸ਼ਿਸ਼ ਦੁਆਰਾ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਈ। ਬਚਪਨ ਤੋਂ ਹੀ ਸਾਧੂ ਬਿਰਤੀ ਦੇ ਧਾਰਨੀ ਹੋਣ ਕਾਰਨ ਪਾਠ, ਭਜਨ, ਬੰਦਗੀ, ਕੀਰਤਨ, ਸਤਿਸੰਗ ਵੱਲ ਆਪ ਜੀ ਦਾ ਕੁਦਰਤੀ ਰੁਝਾਨ ਸੀ। ਘਰ ਦੇ ਧਾਰਮਿਕ ਵਾਤਾਵਰਣ ਵਿਚ ਆਪ ਜੀ ਨੂੰ ਇਹ ਖੁਰਾਕ ਸੁਭਾਵਕ ਹੀ ਮਿਲਦੀ ਰਹੀ। ਮਹਾਂਪੁਰਸ਼ਾਂ, ਸਾਧੂਆਂ, ਸੰਤਾਂ ਦੀ ਸੰਗਤ ਆਪ ਜੀ ਨੂੰ ਬਹੁਤ ਚੰਗੀ ਲਗਦੀ ਸੀ। ਇਸੇ ਕਾਰਨ ਆਪ ਜੀ ਨੂੰ ਸੰਤ ਅਤਰ ਸਿੰਘ ਮਸਤੂਆਣਾ ਵਾਲੇ, ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲੇ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ (ਜੋ ਗੁਰਬਾਣੀ ਦੇ ਮਹਾਨ ਰਸੀਏ ਅਤੇ ਕੀਰਤਨੀਏ ਵੀ ਸਨ ਅਤੇ ਦੇਸ਼ ਦੀ ਆਜ਼ਾਦੀ ਦੇ ਪਰਵਾਨੇ ਵੀ), ਦੀ ਸੰਗਤ ਵਿਸ਼ੇਸ਼ ਕਰਕੇ ਪ੍ਰਾਪਤ ਸੀ। ਭਾਈ ਸਾਹਿਬ ਅਤੇ ਉਨ੍ਹਾਂ ਦਾ ਜਥਾ ਆਪ ਜੀ ਦੀ ਪਤਨੀ ਬੀਬੀ ਰਣਜੀਤ ਕੌਰ (ਉਦਮ ਕੌਰ) ਸੰਤ ਭਾਈ ਹੀਰਾ ਸਿੰਘ ਦਾਉਦਪੁਰ ਜੀ ਦੇ ਪਿਆਰ ਕਾਰਨ ਮਹੀਨਾ ਮਹੀਨਾ ਉਨ੍ਹਾਂ ਪਾਸ ਦਾਉਦਪੁਰ ਠਹਿਰ ਕੇ ਅਖੰਡਪਾਠ ਅਤੇ ਅਖੰਡ ਕੀਰਤਨ ਦੀ ਝੜੀ ਲਾਈ ਰਖਦੇ। ਆਪ ਜੀ ਨੂੰ ਇਹ ਅਵਸਰ ਕੁਦਰਤੀ ਪ੍ਰਾਪਤ ਹੁੰਦਾ ਰਿਹਾ, ਸਗੋਂ ਆਪ ਜੀ ਨੂੰ ਮਨ-ਭਾਉਂਦੀ ਖੁਰਾਕ ਮਿਲਦੀ ਰਹੀ। ਇਸ ਤੋਂ ਬਿਨਾਂ ਆਪ ਜੀ ਨੂੰ ਸਿੰਧ ਦੇ ਹਿੰਦੂਆਂ ਨੂੰ ਕੁਝ ਮੁਸਲਮਾਨ ਧਾੜਵੀ ਬਹੁਤ ਤੰਗ ਕਰਿਆ ਕਰਦੇ ਸਨ, ਮਾਲ ਅਸਬਾਬ ਲੁੱਟ ਕੇ ਲੈ ਜਾਇਆ ਕਰਦੇ ਸੀ, ਅੱਗੋਂ ਇਨ੍ਹਾਂ ਵਿਚ ਰੋਕ ਲਾਉਣ ਦਾ ਨਾ ਹੌਂਸਲਾ ਸੀ ਨਾ ਸ਼ਕਤੀ। ਆਪ ਜੀ ਦੇ ਸਮੇਂ 'ਹੁਰ' ਜਾਤੀ ਦੇ ਮੁਸਲਮਾਨ ਧਾੜਵੀਆਂ ਦੀ ਉਸ ਇਲਾਕੇ ਵਿਚ ਬੜੀ ਦਹਿਸ਼ਤ ਸੀ। ਇਕ ਹਿੰਦੂ ਅਮੀਰ ਵਪਾਰੀ ਆਪ ਜੀ ਪਾਸ ਬੇਨਤੀ ਲੈ ਕੇ ਆਇਆ ਕਿ 'ਹੁਰ' ਉਸ ਨੂੰ ਲੁੱਟਣ ਲਈ ਆ ਰਹੇ ਹਨ, ਕੁਝ ਉਪਰਾਲਾ ਕਰੋ। ਆਪ ਜੀ ਨੇ 20 ਸਿੰਘ ਇਕੱਠੇ ਕਰ ਲਏ। 10 ਦੇ ਹੱਥਾਂ ਵਿਚ ਵੱਡੀਆਂ ਡਾਗਾਂ ਵਾਲੇ ਬਰਛੇ ਦੇ ਦਿਤੇ, 10 ਨੂੰ ਵੱਡੀਆਂ ਕਿਰਪਾਨਾਂ ਫੜਾ ਦਿਤੀਆਂ, ਸਭਨੂੰ ਦੋ ਕਤਾਰਾਂ ਵਿਚ ਗਲੀ ਮੂਹਰੇ ਖੜ੍ਹਾ ਕਰ ਦਿਤਾ, ਆਪ ਵਿਚਕਾਰ ਖੜ੍ਹੇ ਹੋ ਕੇ ਡੱਟ ਗਏ। ਉਸ ਹਿੰਦੂ ਵਪਾਰੀ ਨੂੰ ਬੰਦੂਕ ਦੇ ਕੇ ਕੋਠੇ ਚੜ੍ਹਾ ਦਿਤਾ ਕਿ ਤੂੰ ਸਿਰਫ ਵਿਖਾਵੇ ਲਈ ਬੰਦੂਕ ਫੜੀ ਰੱਖੀਂ, ਚਲਾਣੀ ਨਹੀਂ। ਫਿਰ ਵੀ ਉਹ ਡਰਦਾ ਸੀ। ਆਖਰ 'ਹੁਰ' ਆਏ, ਸਿੰਘਾਂ ਦੇ ਬਰਛੇ ਤੇ ਕਿਰਪਾਨਾਂ ਵੇਖ ਕੇ ਭੱਜ ਗਏ। ਉਹ ਵਪਾਰੀ ਡਰ ਨਾਲ ਹੀ ਬੇਹੋਸ਼ ਹੋ ਗਿਆ, ਬੰਦੂਕ ਹੱਥੋਂ ਗਿਰ ਗਈ। ਆਪ ਜੀ ਨੇ ਜਾ ਕੇ ਉਸ ਨੂੰ ਹੌਂਸਲਾ ਦਿਤਾ। 'ਹੁਰਾਂ' ਨੇ ਵੀ ਆਪ ਜੀ ਨੂੰ ਪੇਸ਼ਕਸ਼ ਕੀਤੀ ਕਿ ਸਮਝੌਤਾ ਕਰ ਲਓ, ਜੋ ਹਿੰਦੂ ਤੁਹਾਡੀ ਸ਼ਰਨ ਵਿਚ ਆ ਜਾਣਗੇ, ਉਨ੍ਹਾਂ ਨੂੰ ਕੁਝ ਨਹੀਂ ਕਹਾਂਗੇ। ਇਸ ਤਰ੍ਹਾਂ ਸਿੰਧ ਵਾਸੀ ਆਪ ਜੀ ਦੇ ਸੰਤ-ਸਿਪਾਹੀ ਰੂਪ ਤੋਂ ਬਹੁਤ ਪ੍ਰਭਾਵਤ ਸਨ ਅਤੇ ਸਿੱਖੀ ਧਾਰਨ ਕਰਨ

ਵਲ ਪ੍ਰੇਰਤ ਹੁੰਦੇ ਰਹੇ। ਆਪ ਜੀ ਨੂੰ ਵੱਡੇ ਮਹਾਂਪੁਰਸ਼ਾਂ (ਸੰਤ ਮਹਾਰਾਜ ਈਸ਼ਰ ਸਿੰਘ ਜੀ ਰਾੜੇ ਸਾਹਿਬ ਵਾਲਿਆਂ) ਦਾ ਵਾਪਸ ਸਿੰਧ ਤੋਂ ਪੰਜਾਬ ਆਉਣ ਲਈ ਹੁਕਮ ਆ ਗਿਆ। ਕੁਝ ਚਿਰ ਹੋਰ ਰਹਿੰਦੇ ਤਾਂ ਸਿੰਧ ਵਿਚ ਸਿੱਖੀ ਹੋਰ ਫੈਲਣੀ ਸੀ। ਸੰਤ ਦਸੌਂਧਾ ਸਿੰਘ ਜੀ ਨਾਮਧਾਰੀ, ਪਿੰਡ ਨਗਰ ਨਿਵਾਸੀ ਸੰਤ ਜੋਧ ਸਿੰਘ ਜੀ ਅਤੇ ਸੰਤ ਅਤਰ ਸਿੰਘ ਜੀ ਅਤਲੇ ਵਾਲਿਆਂ ਦੀ ਸੰਗਤ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ।

ਭਾਵੇਂ ਆਪ ਜੀ ਕੀਰਤਨ ਅਤੇ ਪ੍ਰਵਚਨ ਕਰਦੇ ਸੀ, ਦੀਵਾਨ ਲਗਾਉਂਦੇ ਸੀ, ਸਿੱਖੀ ਰਹਿਤ ਬਹਿਤ ਦੇ ਉਚੇ-ਸੁੱਚੇ ਜੀਵਨ ਦੇ ਧਾਰਨੀ ਸੀ, ਤਾਂ ਵੀ ਰੂਹਾਨੀਅਤ ਦੀਆਂ ਆਖਰੀ ਮੰਜ਼ਲਾਂ ਤਹਿ ਕਰਨ ਦੀ ਜਗਿਆਸਾ ਦੀ ਪੂਰਤੀ ਹਿਤ ਕਿਸੇ ਕਾਮਲ ਪਹੁੰਚੀ ਹੋਈ ਹਸਤੀ ਦੀ ਤਲਾਸ਼ ਵਿਚ ਸਨ। ਆਪ ਜੀ ਦੀ ਰੂਹਾਨੀਅਤ ਦੀ ਤ੍ਰਿਪਤੀ ਦੀ ਉਹ ਸੁਭਾਗ ਘੜੀ ਆ ਪਹੁੰਚੀ ਜਦੋਂ 1935 ਵਿਚ ਆਪ ਜੀ ਦੀ ਮਾਤਾ ਜੀ ਨੇ, ਜੋ ਮਨ ਕਰਕੇ ਬਹੁਤ ਦ੍ਰਿੜਤਾ ਵਾਲੇ ਅਤੇ ਸਰੀਰ ਕਰਕੇ ਚੰਗੇ ਤਕੜੇ ਸਨ, ਇਕ ਤਰ੍ਹਾਂ ਨਾਲ ਮੱਲੋ ਜ਼ੋਰੀ ਆਪ ਜੀ ਨੂੰ ਸੰਤ ਈਸ਼ਰ ਸਿੰਘ ਜੀ ਮਹਾਰਾਜ ਪਾਸ ਰਾੜਾ ਸਾਹਿਬ ਲਿਆ ਹਾਜ਼ਰ ਕੀਤਾ ਜਦ ਕਿ ਆਪ ਜੀ ਸਦਾ ਹੀ ਉਨ੍ਹਾਂ ਪਾਸ ਜਾਣ ਤੋਂ ਝਿਜਕਦੇ ਰਹਿੰਦੇ ਸੀ। ਕਾਰਨ ਇਹ ਸੀ ਕਿ ਉਸ ਸਮੇਂ ਅਕਾਲੀ ਵਰਕਰ ਤਹਿਸੀਲ ਪਾਇਲ ਵਾਲੇ ਸੰਤ ਮਹਾਰਾਜ ਜੀ ਦੀ ਧੂਆਂ ਧਾਰ ਨਿੰਦਿਆ ਕਰਦੇ ਸਨ। ਉਸ ਦਾ ਅਸਰ ਇਨ੍ਹਾਂ ਉਪਰ ਭੀ ਸੀ। ਸੋ ਇਹ ਰਾੜੇ ਸਾਹਿਬ ਜਾਣ ਵਿਚ ਸੰਕੋਚ ਕਰਦੇ ਰਹਿੰਦੇ ਸਨ। ਆਪ ਜੀ ਨੂੰ ਸੰਸਾਰੀ ਵਰਤੋਂ ਵਿਹਾਰ ਦਾ ਪੂਰਾ ਗਿਆਨ ਨਾ ਹੋਣ ਕਾਰਨ ਇਹ ਭਾਵਨਾ ਨਹੀਂ ਸੀ ਬਣੀ ਕਿ ਸੰਤਗੀਰੀ ਤਾਂ ਅੰਦਰਲੀ ਰੂਹਾਨੀ ਅਵਸਥਾ ਹੁੰਦੀ ਹੈ, ਇਸ ਦਾ ਬਾਹਰਲੇ ਪਹਿਰਾਵੇ ਨਾਲ ਕੋਈ ਸੰਬੰਧ ਨਹੀਂ ਹੁੰਦਾ। ਇਹ ਅਵਸਥਾ ਕਠਨ ਘਾਲਣਾ, ਨਾਮ ਅਭਿਆਸ ਅਤੇ ਗੁਰੂ ਸਿਦਕ ਤੇ ਨਦਰ ਰਾਹੀਂ ਪ੍ਰਾਪਤ ਹੁੰਦੀ ਹੈ ਜਿਸ ਦੀ ਬਖਸ਼ਿਸ਼ ਰਾੜੇ ਸਾਹਿਬ ਵਾਲੇ ਮਹਾਂਪੁਰਸ਼ਾਂ ਨੂੰ ਪ੍ਰਾਪਤ ਸੀ। ਮਹਾਂਪੁਰਸ਼ਾਂ ਨਾਲ ਪਹਿਲੀ ਮਿਲਣੀ ਨੇ ਹੀ ਕਰਾਮਾਤੀ ਕਲਾ ਵਰਤਾ ਦਿੱਤੀ। ਜੋ ਸੰਵਾਦ ਵੱਡੇ ਮਹਾਂਪੁਰਸ਼ਾ ਨਾਲ ਆਪ ਜੀ ਦਾ ਹੋਇਆ ਇਸ ਦਾ ਵਖਿਆਨ ਸਭ ਸੰਗਤਾਂ ਨੂੰ ਕਈ ਵਾਰੀ ਸਤਿਸੰਗ ਵਿਚ ਸੁਣਨ ਦਾ ਅਵਸਰ ਮਿਲਿਆ ਹੈ। ਇਹ ਨਾਟਕੀ ਵੀ ਸੀ, ਅਨੁਭਵੀ ਵੀ। ਮਹਾਂਪੁਰਸ਼ਾਂ ਨੇ ਆਪ ਜੀ ਨੂੰ ਪੁਛਿਆ ਕਿ ਤੂੰ ਕੌਣ ਹੈਂ? ਇਹ ਸੁਣ ਕੇ ਆਪ ਖਾਮੋਸ਼ ਰਹੇ ਪਰ ਕਿਸੇ ਗਹਿਰੀ ਸੋਚ ਰਾਹੀਂ ਅੰਦਰੋਂ ਉਤਰ ਲੱਭਣ ਲਈ ਅੰਦਰਲੇ ਗਹਿਰੇ ਤਲਾਂ ਤੇ ਖੋਜ ਕਰਨ ਲੱਗੇ। ਇਕ ਮਿੰਟ ਪਿਛੋਂ ਮਹਾਂਪੁਰਸ਼ਾਂ ਨੇ ਪ੍ਰਸ਼ਨ ਦੁਹਰਾਇਆ ਪਰ ਆਪ ਚੁੱਪ ਹੀ ਰਹੇ। ਮਹਾਂਪੁਰਸ਼ ਪ੍ਰਤੱਖ ਰੂਪ ਵਿਚ ਇਸ ਅੰਦਰ ਚਲ ਰਹੀ ਖੋਜ ਨੂੰ ਤੱਕ ਰਹੇ ਸਨ ਕਿ 'ਕੌਣ' ਦਾ ਕੁਝ ਭੇਤ ਲਗਦਾ ਹੈ ਜਾਂ ਨਹੀਂ। ਤੀਸਰੀ ਵਾਰੀ ਪ੍ਰਸ਼ਨ ਤਿੰਨ ਮਿੰਟਾਂ ਵਿਚ ਫੇਰ ਹੋਇਆ, ਹੁਣ ਆਪ ਨੇ ਕਿਹਾ ਕਿ ਮੈਂ ਨਹੀਂ ਜਾਣਦਾ ਕਿ ਮੈਂ ਕੌਣ ਹਾਂ। ਇਹ ਪਤਾ ਜ਼ਰੂਰ ਲਗ ਰਿਹਾ ਹੈ ਕਿ ਮੈਂ ਅਨਾਦੀ ਨਹੀਂ ਹਾਂ, ਮੇਰਾ ਕਿਸੇ ਸਮੇਂ ਕੋਈ ਆਦਿ ਜ਼ਰੂਰ ਹੋਇਆ ਹੈ ਅਤੇ ਮੈਂ ਕਿਸੇ ਬਹੁਤ ਮਹਾਨ ਸ਼ਕਤੀ ਤੋਂ ਅੱਡ ਹੋਇਆ ਹਾਂ। ਮੈਂ ਕੌਣ ਹਾਂ ਕੀ ਆਖਾਂ? ਮਹਾਂਪੁਰਸ਼ ਖਾਮੋਸ਼ ਹੋ ਕੇ ਸਮਾਧੀ ਸਥਿਤ ਹੋ ਗਏ ਅਤੇ 45 ਮਿੰਟ ਪਿਛੋਂ ਫੁਰਮਾਨ ਹੋਇਆ ਕਿ ਨੇਤਰ ਖੋਲ੍ਹੋ। ਜਿਸ ਹੋਂਦ ਦਾ ਤੂੰ ਜ਼ਿਕਰ ਕਰਦਾ ਹੈ। ਉਸ ਨੂੰ ਸ਼ਾਸਤਰ, ਸਿਆਣੇ ਜੀਵ ਆਤਮਾ ਕਹਿੰਦੇ ਹਨ। ਆਤਮਾ ਪਹਿਲਾਂ ਹੀ ਪਰੀਪੂਰਨ ਸੀ ਜੀਵ ਉਪਾਧੀ ਹਉਮੈ ਕਰਕੇ ਧਾਰਨ ਹੋ ਗਈ। ਜੀਵ ਭਾਵ ਕੂੜ ਹੈ, ਅਸਲ ਹਸਤੀ ਆਤਮਾ ਹੈ। ਦੋਬਾਰਾ ਪੁਛਿਆ ਆਪ ਚੁੱਪ ਸਨ। ਸੰਗਤ ਵਿਚੋਂ ਕਈ ਲੋਕ ਇਸ ਚੁੱਪ ਨੂੰ ਸਮਝ ਨਾ ਸਕੇ, ਹੱਸ ਪਏ। ਮਹਾਂਪੁਰਸ਼ਾਂ ਨੇ ਸੰਗਤ ਨੂੰ ਚੁੱਪ ਕਰਵਾ ਦਿੱਤਾ। ਸੰਗਤ ਵਿਚੋਂ ਕੋਈ ਹੀ ਇਹ ਰਮਜ਼ਾਂ ਜਾਣ ਸਕਿਆ ਪਰ ਮਹਾਂਪੁਰਸ਼ਾਂ ਨੇ ਪਛਾਣ ਲਿਆ ਤੇ ਰੱਜ ਕੇ ਪਿਆਰ ਕੀਤਾ ਤੇ ਕਿਹਾ, "ਅੱਜ ਇਕ ਸੁਹਾਗਣ ਦਾ ਸੁਹਾਗਣ ਨਾਲ ਮੇਲ ਹੋਇਆ ਹੈ।" ਆਪ ਜੀ ਤੇ ਐਸੀ ਕ੍ਰਿਪਾ ਦ੍ਰਿਸ਼ਟੀ ਹੋਈ ਕਿ ਆਪ ਸਦਾ ਲਈ ਰਾੜਾ ਸਾਹਿਬ ਨੂੰ ਹੀ ਸਮਰਪਨ ਹੋ ਗਏ। ਜੀਵਨ ਨੇ ਨਵਾਂ ਮੋੜ ਲਿਆ, ਰਾੜਾ ਸਾਹਿਬ ਆਪ ਜੀ ਦਾ ਮੱਕਾ ਬਣ ਗਿਆ, ਸਭ ਸ਼ੰਕੇ ਨਵਿਰਤ ਹੋ ਗਏ, ਵੱਡੇ ਮਹਾਰਾਜ ਲਈ ਅੰਦਰੋਂ ਪੂਰਨ ਪ੍ਰਤੀਤੀ ਹੋ ਗਈ ਅਤੇ ਜੀਵਨ ਨੂੰ ਨਵੀਂ ਸੇਧ ਪ੍ਰਾਪਤ ਹੋਈ। ਮਹਾਂਪੁਰਸ਼ਾਂ ਦੀ ਅਸੀਸ ਲੈ ਕੇ ਧਰਮ ਪ੍ਰਚਾਰ ਦਾ ਕਾਰਜ ਓਵੇਂ ਹੀ ਜਾਰੀ ਰਖਿਆ ਅਤੇ ਉਨ੍ਹਾਂ ਦੇ ਬਚਨਾਂ ਦੀ ਪਾਲਨਾ ਕਰਦਿਆਂ ਗ੍ਰਹਿਸਤੀ ਜੀਵਨ ਵੀ ਧਾਰਨ ਕੀਤਾ।



**ਮਿਊਜ਼ੀਅਮ ਕਾਰ ਸੇਵਾ ਦਾ ਦ੍ਰਿਸ਼ ।**

ਧਾਰਮਿਕ ਅਤੇ ਸੁਧਾਰਿਕ ਰੁੱਚੀ ਕਾਰਨ ਆਪ ਜੀ ਨੇ ਛੋਟੀ ਉਮਰ ਵਿਚ ਹੀ ਪ੍ਰਚਾਰ ਦਾ ਕਾਰਜ ਸ਼ੁਰੂ ਕਰ ਦਿਤਾ ਸੀ। ਆਪ ਜੀ ਦੀ ਆਯੂ 18 ਵਰ੍ਹਿਆਂ ਦੀ ਸੀ ਜਦੋਂ ਆਪ ਜੀ ਮਹਾਂਪੁਰਸ਼ਾਂ ਦੀ ਆਗਿਆ ਅਨੁਸਾਰ ਪ੍ਰਚਾਰ ਕਰਦੇ ਸਿੰਧ ਪੁੱਜੇ ਜਿਥੇ ਆਪ ਜੀ ਨੇ ਗੁਰਬਾਣੀ ਅਤੇ ਸਿਖੀ ਸਿਧਾਂਤਾ ਨਾਲ ਲੋਕਾਂ ਨੂੰ ਜੋੜਿਆ। ਬਹੁਤ ਲੋਕ ਆਪ ਜੀ ਤੋਂ ਪ੍ਰਭਾਵਤ ਹੋਏ ਅਤੇ ਦੇਵੀ ਦੇਵਤਿਆਂ ਦੀ ਪੂਜਾ ਅਤੇ ਕਰਮਕਾਂਡ ਛੱਡ ਕੇ ਗੁਰਬਾਣੀ ਨਾਲ ਜੁੜ ਗਏ। ਬਹੁਤ ਲੋਕਾਂ ਨੇ ਸ਼ਰਾਬ ਅਤੇ ਨਸ਼ਿਆਂ ਦਾ ਤਿਆਗ ਕਰਕੇ ਸੱਚਾ ਜੀਵਨ ਧਾਰਨ ਕੀਤਾ। ਨਵਾਬ ਸ਼ਾਹ ਸ਼ਹਿਰ ਦੇ 60 ਮੀਲ ਦੇ ਰਕਬੇ ਵਿਚ ਜਿਥੇ ਪੰਜਾਬ ਦੇ ਕਿਸਾਨ ਵਸਣ ਲਈ ਜੱਦੋ ਜਹਿਦ ਕਰ ਰਹੇ ਸੀ, ਆਪ ਜੀ ਦੇ ਦੀਵਾਨਾਂ ਤੋਂ ਪ੍ਰਭਾਵਿਤ ਹੋਏ ਅਤੇ ਨਸ਼ਿਆਂ ਨੂੰ ਛੱਡ ਕੇ ਸਿੱਖੀ ਧਾਰਨ ਕੀਤੀ। ਇਸ ਸਮੇਂ ਦੀਆਂ ਬੜੀਆਂ ਵਚਿੱਤਰ ਕਹਾਣੀਆਂ ਹਨ ਜੋ ਆਪ ਜੀ ਕਦੀ ਪ੍ਰਸੰਗ ਵਜੋਂ ਸੁਣਾਉਂਦੇ ਰਹਿੰਦੇ ਸਨ।

1941 ਵਿਚ ਆਪ ਜੀ ਨੇ ਆਰਮੀ ਹੈਡ ਕੁਆਟਰਜ਼ ਪਟਿਆਲਾ ਵਿਖੇ ਨੌਕਰੀ ਸ਼ੁਰੂ ਕਰ ਲਈ ਅਤੇ ਸੰਤ ਸਿਪਾਹੀ ਦੇ ਰੂਪ ਵਿਚ

ਕਿਰਿਆਸ਼ੀਲ ਹੋਣ ਲਗੇ। ਅੰਮ੍ਰਿਤ ਵੇਲੇ ਤਿੰਨ ਪਹਿਰ ਰਾਤ ਰਹਿੰਦੀ ਉਠ ਕੇ ਇਸ਼ਨਾਨ ਕਰਨਾ ਅਤੇ ਘੰਟਿਆਂ ਬੱਧੀ ਭਜਨ ਬੰਦਗੀ ਸਿਮਰਨ ਅਤੇ ਪਾਠ ਵਿਚ ਜੁੜ ਜਾਣਾ। ਇਸ ਸਮੇਂ ਦੀਆਂ ਸਤਿਸੰਗ ਦੀਆਂ ਅਨੇਕ ਕਥਾਵਾਂ ਪ੍ਰਸਿਧ ਹਨ। ਉਪਰੰਤ ਆਪ ਜੀ ਨੇ ਪੰਜਾਬ ਸਿਵਲ ਸੈਕਟਰੀਏਟ ਵਿਚ 1966 ਤੱਕ ਸਰਵਿਸ ਕੀਤੀ ਜਿਸ ਸਮੇਂ ਵਿਚ ਆਪ ਜੀ ਆਪਣੇ ਸੰਗੀ ਸਾਥੀਆਂ ਨੂੰ ਛੁੱਟੀ ਦੇ ਸਮੇਂ ਵਿਚ ਰੂਹਾਨੀਅਤ ਤੇ ਪ੍ਰਵਚਨ ਕਰਦੇ ਅਤੇ ਉਨ੍ਹਾਂ ਦੇ ਬੇਅੰਤ ਸ਼ੰਕਿਆਂ ਦੀ ਤਸੱਲੀਬਖ਼ਸ਼ ਨਵਿਰਤੀ ਕਰਦੇ। ਆਪ ਜੀ ਕਹਿੰਦੇ, ਸਾਰਾ ਸੰਸਾਰ ਹੀ ਮੇਰਾ ਘਰ ਹੈ ਅਤੇ ਇਸ ਬਿਰਤੀ ਨਾਲ ਪੰਜਾਬ ਦੀ ਸਮੱਸਿਆਵਾਂ ਹਲ ਕਰਨ ਵਿਚ ਜੁੱਟੇ ਰਹਿੰਦੇ। ਜਦੋਂ ਪੰਜਾਬ ਵਿਚ ਹੜ੍ਹ ਆਉਣ ਦਾ ਖਤਰਾ ਬਣਿਆ ਤਾਂ ਆਪ ਜੀ ਨੇ ਪੰਜਾਬ ਦੇ ਹਰ ਸ਼ਹਿਰ ਅਤੇ ਹਰ ਤਹਿਸੀਲ ਤੇ ਪਿੰਡ ਨੂੰ ਨਕਸ਼ਿਆਂ ਤੇ ਲਿਆ ਕੇ ਆਪਣੇ ਅਨੁਭਵ ਤੋਂ ਐਸੀਆਂ ਯੋਜਨਾਵਾਂ ਬਣਾਈਆਂ ਜਿਸ ਨਾਲ ਪੰਜਾਬ ਹੜਾਂ ਨਾਲ ਬਰਬਾਦ ਹੋਣੋ ਬਚ ਗਿਆ। ਇਸ ਕੰਮ ਦੀ ਕਮਿਸ਼ਨਰ ਫਲੈਚਰ ਨੇ ਬਹੁਤ ਪ੍ਰਸੰਸਾ ਕੀਤੀ। ਇਨ੍ਹਾਂ ਦਿਨਾਂ ਵਿਚ ਹੀ ਆਪ ਜੀ ਨੇ ਵੱਡੇ ਮਹਾਂਪੁਰਸ਼ਾਂ ਦੇ ਦੀਵਾਨ ਚੰਡੀਗੜ੍ਹ ਵਿਚ ਕਰਵਾਏ। ਪੰਜਾਬ ਦੇ ਸਮਰਾਲੇ ਵਾਲੇ ਮੰਤਰੀ ਦੀ ਕੋਠੀ ਵਿਚ ਸੰਗਤ ਸਵੇਰੇ ਸ਼ਾਮ ਜੁੜਦੀ ਅਤੇ ਆਪਣੇ ਸ਼ੰਕੇ ਨਵਿਰਤ ਕਰਦੀ। ਇਨ੍ਹਾਂ ਨੂੰ ਆਪ ਜੀ ਨੋਟ ਕਰਦੇ ਰਹੇ ਤੇ ਹੁਣ 'ਬਾਤ ਅਗੰਮ ਕੀ' ਸਿਰਲੇਖ ਹੇਠ ਵਿਚ ਛਾਪਿਆ ਗਿਆ ਹੈ ਜੋ 7 ਭਾਗਾਂ ਵਿਚ ਉਪਲਬਧ ਹੈ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸੈਕਟਰ 19 ਚੰਡੀਗੜ੍ਹ ਅਤੇ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ, ਦੇ ਨਿਰਮਾਣ ਵਿਚ ਵੀ ਆਪ ਜੀ ਦੀ ਮਹਾਨ ਸੇਵਾ ਹੈ।

***ਸੇਵਕ ਕਉ ਸੇਵਾ ਬਨਿ ਆਈ॥***
***ਹੁਕਮੁ ਬੂਝਿ ਪਰਮ ਪਦੁ ਪਾਈ॥***

***ਪੰਨਾ - 292***

1966 ਵਿਚ ਰਾੜਾ ਸਾਹਿਬ ਦੇ ਮਹਾਂਪੁਰਸ਼ਾਂ ਦੇ ਬਚਨਾਂ ਦੀ ਪਾਲਨਾ ਕਰਦਿਆਂ ਅਤੇ ਬਣਦੀ ਪੈਨਸ਼ਨ ਦੀ ਪ੍ਰਵਾਹ ਨਾ ਕਰਦਿਆਂ ਆਪ ਜੀ ਨੇ ਸਿਵਲ ਸਕੱਤਰੇਤ ਦੀ ਨੌਕਰੀ ਛੱਡ ਦਿਤੀ ਅਤੇ ਯੂ.ਪੀ. ਵਿਚ ਤਰਾਈ ਦੇ ਇਲਾਕੇ ਵਿਚ ਆਪਣੀਆਂ ਜ਼ਮੀਨਾਂ ਤੇ ਚਲੇ ਗਏ। ਆਪ ਜੀ ਨੇ ਜਿਸ ਕਾਰਜ ਨੂੰ ਵੀ ਅਰੰਭਿਆ, ਉਸ ਨੂੰ ਸਿਰੇ ਤਕ ਲਿਜਾ ਕੇ ਪੂਰਨਤਾ ਹਾਸਲ ਕੀਤੀ। ਖੇਤੀ ਬਾੜੀ ਵਿਚ ਵੀ ਆਪ ਜੀ ਨੇ Intensive Farming ਕਰਕੇ ਉਪਜਾਊ ਜੰਗਲੀ ਧਰਤੀ ਨੂੰ ਲਹਿ ਲਹਾਉਂਦੇ ਖੇਤਾਂ ਵਿਚ ਬਦਲ ਦਿਤਾ। ਆਪ ਜੀ ਦਾ ਫਾਰਮ ਹਾਊਸ ਵੇਖਣ ਲਈ ਦੂਰ ਦੂਰ ਤੋਂ ਲੋਕ ਆਉਂਦੇ ਸਨ। ਆਪ ਜੀ ਦੇ ਖੇਤਾਂ ਦੀ ਫੀ ਹੈਕਟਰ ਉਪਜ ਪੂਰੀ ਹੁੰਦੀ ਸੀ। ਏਥੇ ਆਪ ਜੀ ਨੇ ਵੇਖਿਆ ਕਿ ਸਿੱਖ ਕਿਸਾਨ ਆਪਣਾ ਵਿਰਸਾ ਭੁੱਲ ਕੇ ਗੁਰਸਿਖੀ ਭੁੱਲ ਕੇ ਵਿਕਾਰਾਂ ਅਤੇ ਮੰਦੇ ਕੰਮਾਂ ਵਿਚ ਪਏ ਹੋਏ ਸਨ। ਸ਼ਰਾਬਾਂ ਪੀਣੀਆਂ, ਨਸ਼ੇ ਕਰਨੇ, ਪਸ਼ੂ-ਡੰਗਰ ਚੋਰੀ ਕਰਨੇ, ਪੈਸੇ ਲੈ ਕੇ ਬੰਦੇ ਕਤਲ ਕਰਨੇ ਇਨ੍ਹਾਂ ਦਾ ਨਿਤ ਦਾ ਧੰਦਾ ਬਣ ਚੁਕਾ ਸੀ। ਇਨ੍ਹਾਂ ਅਪਰਾਧੀ ਬਣੇ ਲੋਕਾਂ ਵਿਚ ਆਪ ਜੀ ਨੇ ਪ੍ਰਚਾਰ ਦਾ ਕੰਮ ਸ਼ੁਰੂ ਕੀਤਾ। ਆਪਣੇ ਸਾਜ ਲੈ ਕੇ ਥਾਂ ਥਾਂ ਦੀਵਾਨ ਲਗਾਏ, ਲੋਕਾਂ ਨੂੰ ਗੁਰੂ ਮਹਾਰਾਜ ਜੀ ਦੇ ਉਪਦੇਸ਼ਾਂ ਤੋਂ ਜਾਣੂ ਕਰਵਾਇਆ, ਉਨ੍ਹਾਂ ਨਾਲ ਪਿਆਰ ਤੇ ਹਮਦਰਦੀ ਦੀ ਸਾਂਝ ਪਾਈ, ਗੁਰਬਾਣੀ ਸੁਣਨ ਪੜ੍ਹਨ ਦੀ ਜਗਿਆਸਾ ਪੈਦਾ ਕੀਤੀ ਅਤੇ ਹੌਲੀ ਹੌਲੀ ਉਨ੍ਹਾਂ ਨੂੰ ਚੰਗੇ ਮਨੁੱਖ ਬਣਨ ਲਈ ਪ੍ਰੇਰਤ ਕੀਤਾ। ਐਸੇ ਕਿਸਾਨ ਜਿਨ੍ਹਾਂ ਦੇ 10 ਨੰਬਰੀਆਂ ਵਿਚ ਨਾਮ ਲਿਖੇ ਹੋਏ ਸੀ, ਜਿਨ੍ਹਾਂ ਨੂੰ ਹਰ ਅਪਰਾਧ ਹੋਣ ਤੇ ਪੁਲੀਸ ਘੜੀਸੀ ਫਿਰਦੀ ਸੀ ਉਨ੍ਹਾਂ ਨੇ ਅਪਰਾਧਾਂ ਅਤੇ ਨਸ਼ਿਆਂ ਤੋਂ ਤੋਬਾ ਕੀਤੀ ਅਤੇ ਅੰਮ੍ਰਿਤ ਛਕ ਕੇ ਵਧੀਆ ਇਨਸਾਨ ਬਣੇ।

ਅੈਸੇ ਹਜ਼ਾਰਾਂ ਗੁਰਸਿਖ ਪਰਿਵਾਰਾਂ ਸਮੇਤ ਸਾਲਾਨਾ ਸਮਾਗਮਾਂ ਸਮੇਂ ਰਤਵਾੜਾ ਸਾਹਿਬ ਆਉਂਦੇ ਹਨ ਅਤੇ ਰੱਜ ਕੇ ਸੇਵਾ ਵਿਚ ਭਾਗ ਲੈਂਦੇ ਹਨ। ਤਰਾਈ ਦੇ ਪੋਲੀਸ ਅਫਸਰ ਅਤੇ ਸਰਕਾਰੀ ਕਰਮਚਾਰੀ ਵੀ ਇਸ ਤਬਦੀਲੀ ਤੇ ਹੈਰਾਨ ਸਨ।



**ਗੁ. ਰਤਵਾੜਾ ਸਾਹਿਬ ਕੰਪਲੈਕਸ ਅੰਦਰ ਅਕਾਲ ਬਿਰਧ ਆਸ਼ਰਮ ਕਾਰ ਸੇਵਾ ਦਾ ਦ੍ਰਿਸ਼**

ਗੁਰੂ ਨਾਨਕ ਦੇਵ ਜੀ ਦੀ ਇਕ ਸਾਖੀ ਆਉਂਦੀ ਹੈ, ਵਸਦੇ ਰਹੋ, ਉਜੜ ਜਾਵੋ। ਮਾੜੇ ਲੋਕਾਂ ਨੂੰ ਗੁਰੂ ਜੀ ਨੇ ਕਿਹਾ, ਵਸਦੇ ਰਹੋ, ਤਾਂ ਕਿ ਕਿਤੇ ਹੋਰ ਜਾ ਕੇ ਦੂਜਿਆਂ ਨੂੰ ਮਾੜੇ ਬਣਨ ਦੀ ਲਾਗ ਨਾ ਲਾਇਓ। ਚੰਗੇ ਪਰਉਪਕਾਰੀ ਜੀਵਾਂ ਨੂੰ ਕਿਹਾ, ਉਜੜ ਜਾਵੋ, ਤਾਂਕਿ ਲੋਕਾਂ ਦੀ ਸੇਵਾ ਕਰ ਸਕੋ, ਭਲਾਈ ਦੇ ਕੰਮ ਥਾਂ ਥਾਂ ਜਾ ਕੇ ਕਰੋ। ਐਸਾ ਹੀ ਸਾਡੇ ਮਹਾਂਪੁਰਸ਼ਾਂ ਨਾਲ ਵਾਪਰਿਆ। ਯੂ.ਪੀ. ਵਿਚ ਆਪ ਜੀ ਪਾਸ ਵੱਡੇ ਮਹਾਂਪੁਰਸ਼ ਰਾੜਾ ਸਾਹਿਬ ਵਾਲੇ ਅਕਸਰ ਜਾਂਦੇ ਰਹਿੰਦੇ ਸਨ ਅਤੇ ਦੀਵਾਨ ਲਗਦੇ ਰਹਿੰਦੇ ਸਨ। ਅਚਾਨਕ ਆਪ ਜੀ ਵਲੋਂ ਗੁਪਤ ਆਦੇਸ਼ ਹੋ ਗਿਆ ਕਿ ਫਾਰਮ ਵੇਚ ਦਿਓ ਅਤੇ ਚੰਡੀਗੜ੍ਹ ਦੇ ਆਸ ਪਾਸ ਦੇ ਇਲਾਕੇ ਵਿਚ ਜਾ ਕੇ ਪ੍ਰਚਾਰ ਕਰੋ, ਉਥੇ ਤੁਹਾਡੀ ਬਹੁਤ ਲੋੜ ਹੈ। ਆਪ ਜੀ ਦੇ ਸੰਪਰਕ ਵਿਚ ਆਏ ਯੂ.ਪੀ. ਦੇ ਕਿਸਾਨਾਂ ਲਈ ਇਹ ਵਿਛੋੜਾ ਸਹਿਣਾ ਬੜਾ ਕਠਨ ਸੀ। ਵਿਸ਼ੇਸ਼ ਕਰਕੇ ਤਰਾਈ ਦੇ ਕਿਸਾਨਾਂ ਲਈ ਇਹ ਬਹੁਤ ਵੱਡਾ ਸਦਮਾ ਸੀ। ਆਪ ਜੀ ਦੇ ਆਉਣ ਤੇ ਲੋਕੀ ਰੋਏ ਅਤੇ ਕੁਰਲਾਏ ਪਰ ਆਪ ਜੀ ਸ਼ਾਂਤ ਬਿਰਤੀ ਵਿਚ ਰਹੇ ਕਿਉਂਕਿ ਆਪ ਜੀ ਨੂੰ ਵਿਸ਼ਵਾਸ ਸੀ ਕਿ ਸਭ ਕੁਝ ਹੁਕਮ ਵਿਚ ਹੋ ਰਿਹਾ ਹੈ। ਜਦੋਂ ਆਪ ਜੀ ਨੇ ਫਾਰਮ ਵੇਚ ਕੇ ਵਿਦਾਇਗੀ ਲਈ ਤਾਂ ਪ੍ਰੇਮੀਆਂ ਦੀ ਬਿਰਹਾ ਪੀੜ ਤੇ ਵਿਰਲਾਪ ਝਲਿਆ ਨਹੀਂ ਸੀ ਜਾਂਦਾ ਅਤੇ ਲੋਕੀਂ ਆਪ ਜੀ ਦੀ ਕਾਰ ਦੇ ਅੱਗੇ ਆ ਕੇ ਲੇਟ ਗਏ,

ਇਹ ਦੱਸਣ ਲਈ ਕਿ ਇਸ ਵਿਛੋੜੇ ਨਾਲੋਂ ਤਾਂ ਮਰਨਾ ਬਿਹਤਰ ਹੈ। ਉਨ੍ਹਾਂ ਦੇ ਅੰਦਰ ਇਹ ਭਾਵਨਾ ਕੰਮ ਕਰ ਰਹੀ ਸੀ –

***ਜਿਸੁ ਪਿਆਰੇ ਸਿਉ ਨੇਹੁ***
***ਤਿਸੁ ਆਗੈ***
***ਮਰਿ ਚਲੀਐ॥***
***ਧ੍ਰਿਗੁ ਜੀਵਣੁ***
***ਸੰਸਾਰਿ***
***ਤਾ ਕੈ ਪਾਛੈ***
***ਜੀਵਣਾ॥***
***ਪੰਨਾ – 83***

ਐਸੀ ਦਸ਼ਾ ਵਿਚ 30 ਅਕਤੂਬਰ ਸੰਨ 1978 ਵਿਚ ਆਪ ਜੀ ਤਰਾਈ ਛੱਡ ਕੇ ਚੰਡੀਗੜ੍ਹ ਆ ਗਏ ਅਤੇ ਆਪਣੇ ਰਹਿਬਰ ਦੇ ਹੁਕਮ ਅਨੁਸਾਰ ਪ੍ਰਚਾਰ ਦਾ ਕੰਮ ਆਰੰਭ ਕਰ ਦਿੱਤਾ। ਸ਼ੁਰੂ ਸ਼ੁਰੂ ਵਿਚ ਆਪ ਜੀ ਨੇ ਸੈਕਟਰ 34 ਵਿਚ ਕਿਰਾਏ ਦੇ ਘਰ ਵਿਚ ਨਿਵਾਸ ਕੀਤਾ ਅਤੇ ਪ੍ਰਚਾਰ ਲਈ ਇਕ ਮਿਸ਼ਨ ਦੀ ਸਥਾਪਨਾ ਕੀਤੀ ਜਿਸ ਦਾ ਨਾਮ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਰਖਿਆ। ਆਪ ਜੀ ਨੇ ਪ੍ਰਚਾਰ ਲਈ ਚੰਡੀਗੜ੍ਹ ਦੇ ਆਸ ਪਾਸ ਪਿੰਡਾਂ ਅਤੇ ਰੋਪੜ ਦੇ ਪਿੰਡਾਂ ਨੂੰ ਚੁਣਿਆ। ਇਹ ਪਿੰਡ ਆਪ ਜੀ ਲਈ ਨਵੇਂ ਨਹੀਂ ਸਨ, ਕਿਉਂਕਿ ਪੰਜਾਬ ਸਕੱਤ੍ਰੇਤ ਵਿਚ ਕੰਮ ਕਰਦਿਆਂ ਆਪ ਜੀ ਕਈ ਵਾਰੀ ਇਨ੍ਹਾਂ ਪਿੰਡਾਂ ਵਿਚ ਪ੍ਰਚਾਰ ਕਰਕੇ ਆਏ ਹੋਏ ਸੀ ਅਤੇ ਲੋਕ ਬਿਰਤੀਆਂ ਨੂੰ, ਉਨ੍ਹਾਂ ਦੀ ਰਹਿਣੀ ਬਹਿਣੀ ਚੱਜ ਆਚਾਰ ਤੋਂ ਜਾਣੂ ਸਨ। ਆਪ ਜੀ ਨੇ ਯੋਜਨਾ ਬੱਧ ਤਰੀਕੇ ਨਾਲ ਇਕ ਇਕ ਪਿੰਡ ਜਾਣਾ ਸ਼ੁਰੂ ਕੀਤਾ ਅਤੇ ਲੋਕਾਂ ਨੂੰ ਗੁਰੂ ਮਹਾਰਾਜ ਜੀ ਦੇ ਉਚੇ ਸੁੱਚੇ ਜੀਵਨ ਉਪਦੇਸ਼ਾਂ ਤੋਂ ਜਾਣੂ ਕਰਵਾਇਆ। ਹੌਲੀ-ਹੌਲੀ ਲੋਕ ਮਨਾਂ ਵਿਚ ਆਪ ਜੀ ਲਈ ਪਿਆਰ ਤੇ ਸਤਿਕਾਰ ਜਾਗਿਆ ਅਤੇ ਆਪ ਜੀ ਇਸ ਇਲਾਕੇ ਦੀ ਹਰਮਨ ਪਿਆਰੀ ਸ਼ਖਸ਼ੀਅਤ ਵਜੋਂ ਪਰਵਾਨ ਹੋਏ। ਹੌਲੀ ਹੌਲੀ ਹੋਰ ਲੋਕ ਵੀ ਆਪ ਦੇ ਮਿਸ਼ਨ ਨਾਲ ਜੁੜਦੇ ਗਏ ਤੇ ਮਿਸ਼ਨ ਦਾ ਕੰਮ ਤੇਜ਼ ਹੁੰਦਾ ਗਿਆ। ਇਹ ਦੀਵਾਨ ਵਧੇਰੇ ਕਰਕੇ ਰਾਤ 8 ਵਜੇ ਅਰੰਭ ਹੁੰਦੇ ਤੇ ਰਾਤ 11, 12 ਵਜੇ ਤੱਕ ਚਲਦੇ ਰਹਿੰਦੇ। ਇਸ ਪ੍ਰਚਾਰ ਦੌਰਾਨ ਆਪ ਜੀ ਨੂੰ ਅਨੇਕ ਮੁਸ਼ਕਲਾਂ ਵੀ ਆਉਂਦੀਆਂ, ਰਸਤੇ ਪੱਕੇ ਨਹੀਂ ਸਨ, ਉਚੇ ਨੀਵੇਂ ਰਸਤਿਆਂ ਤੇ ਲੰਘ ਕੇ ਜਾਣਾ ਪੈਂਦਾ ਸੀ, ਕਦੀ ਗਰਮੀ, ਕਦੀ ਸਰਦੀ, ਕਦੀ ਮੀਂਹ ਹਨ੍ਹੇਰੀ ਵੀ ਆ ਜਾਂਦੇ ਪਰ ਆਪ ਦ੍ਰਿੜ੍ਹ ਇਰਾਦੇ ਤੇ ਕਾਇਮ ਰਹਿ ਕੇ ਮਿਥੇ ਦੀਵਾਨਾਂ ਵਿਚ ਕਦੀ ਨਾਗਾ ਨਾ ਪਾਉਂਦੇ।



4 ਸਤੰਬਰ ਦੀ ਪੂਰਨਮਾਸ਼ੀ ਤੇ ਗੁ. ਰਤਵਾੜਾ ਸਾਹਿਬ ਵਿਖੇ ਸੰਤ ਬਾਬਾ ਹਰਪਾਲ ਸਿੰਘ ਜੀ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ । ਹੇਠਾਂ ਸੰਗਤਾਂ ਦਾ ਵਿਸ਼ਾਲ ਇਕੱਠ ।

ਆਪ ਜੀ ਮਿਸ਼ਨ ਦਾ ਵਖਰਾ ਡੇਰਾ ਬਣਾਉਣ ਦੇ ਹੱਕ ਵਿਚ ਨਹੀਂ ਸਨ, ਕਿਉਂਕਿ ਆਪ ਤਾਂ ਕੇਵਲ ਪ੍ਰਚਾਰ ਕਰਨਾ ਚਾਹੁੰਦੇ ਸਨ ਅਤੇ ਡੇਰਿਆਂ ਵਿਚ ਗੁਰਦਵਾਰਿਆਂ ਵਿਚ ਹੁੰਦੇ ਝਗੜਿਆਂ ਤੋਂ ਨਿਰਲੇਪ ਰਹਿਣਾ ਚਾਹੁੰਦੇ ਸਨ ਪਰ ਪਰਮਾਤਮਾ ਨੂੰ ਜਿਵੇਂ ਮਨਜ਼ੂਰ ਸੀ, ਅਨੁਭਵੀ ਪੁਰਸ਼ਾਂ ਨੇ ਰਤਵਾੜਾ ਸਾਹਿਬ ਵਾਲੇ ਅਸਥਾਨ ਨੂੰ ਪ੍ਰਗਟ ਕੀਤਾ ਤੇ ਏਥੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦਾ ਹੈਡ ਕੁਆਟਰ ਸਥਾਪਤ ਹੋ ਗਿਆ। ਇਸ ਉਜਾੜ ਅਸਥਾਨ ਨੇ ਹਰਿਆਵਲਾ ਹੋਣਾ ਸੀ, ਏਥੇ ਭਜਨ ਬੰਦਗੀ ਦੇ ਪਰਵਾਹ ਚਲਣੇ ਸੀ, ਇਸ ਲਈ ਇਹ ਥੇਹ ਪ੍ਰਗਟ ਹੋਈ। ਇਸਨੂੰ ਪ੍ਰਗਟ ਕਰਨ ਵਾਲੇ ਮਹਾਂਪੁਰਸ਼ ਸਨ, ਬਾਬਾ ਅਜੀਤ ਸਿੰਘ ਜੀ ਨਥਲਪੁਰ ਵਾਲੇ ਅਤੇ ਬਾਬਾ ਕਰਤਾਰ ਸਿੰਘ ਜੀ ਭੈਰੋ ਮਾਜਰੇ ਵਾਲੇ। ਬਾਬਾ ਅਜੀਤ ਸਿੰਘ ਜੀ ਨੇ ਇਸ ਨੂੰ ਘੁੱਗ ਵਸਦੇ ਇਲਾਕੇ ਵਜੋਂ ਵੇਖਿਆ, ਭਵਿੱਖ ਬਾਣੀ ਕਾਤੀ ਅਤੇ ਦੱਸਿਆ ਕਿ ਇਹ ਸ਼ਹੀਦਾਂ ਦੀ ਪਵਿੱਤਰ ਧਰਤੀ ਹੈ, ਗੁਰੂ ਗੋਬਿੰਦ ਸਿੰਘ ਜੀ ਦੀਆਂ ਫੌਜਾਂ ਏਥੋਂ ਗੁਜ਼ਰੀਆਂ ਹਨ, ਬੰਦਾ ਸਿੰਘ ਬਹਾਦਰ ਦੇ ਕਿੰਨੇ ਸਿੰਘ ਏਥੇ ਸ਼ਹੀਦੀਆਂ ਨੂੰ ਪ੍ਰਾਪਤ ਹੋਏ। ਸਮਾਂ ਆ ਗਿਆ ਹੈ। ਇਹ ਧਰਤੀ ਆਬਾਦ ਹੋਣੀ ਹੈ, ਏਥੋਂ ਗੁਰੂ ਦਾ ਸੁਨੇਹਾ ਦੇਸ ਪ੍ਰਦੇਸ ਵਿਚ ਜਾਏ, ਸਕੂਲ ਕਾਲਜ ਖੁਲ੍ਹਣਗੇ, ਬੜਾ ਵੱਡਾ ਸਥਾਨ ਬਣੇਗਾ। ਐਸੇ ਪ੍ਰਵਚਨਾਂ ਕਾਰਨ ਹੀ ਏਥੇ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਸਥਾਪਤ ਹੋਇਆ ਤੇ ਏਥੋਂ ਪ੍ਰਚਾਰ ਦੇ ਕੰਮ ਹੋਰ ਤੇਜ਼ੀ ਨਾਲ ਆਰੰਭੇ ਗਏ।

ਸਭ ਤੋਂ ਪਹਿਲਾਂ ਪ੍ਰਚਾਰ ਹਿਤ ਵੀ.ਡੀ.ਓ ਫਿਲਮਾਂ ਅਤੇ ਕੈਸਟਾਂ ਤਿਆਰ ਕੀਤੀਆਂ ਗਈਆਂ। ਇਸ ਕਾਰਜ ਲਈ ਵੀ ਕਿਸੇ ਸਮੇਂ 1973 ਵਿਚ ਰਾੜਾ ਸਾਹਿਬ ਦੇ ਮਹਾਂਪੁਰਸ਼ਾਂ ਨੇ ਆਦੇਸ਼ ਦਿਤੇ ਸੀ ਅਤੇ ਇਕ ਲੱਖ ਰੁਪਿਆ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ ਪਰ ਆਪ ਜੀ ਨੇ ਇਹ ਰਕਮ ਨਾ ਲਈ ਸਗੋਂ ਅਸੀਸ ਹੀ ਮੰਗੀ। ਇਨ੍ਹਾਂ ਫਿਲਮਾਂ ਵਿਚ ਰੰਗੀਨੀ ਲਿਆਉਣ ਲਈ ਪ੍ਰਸੰਗ ਅਨੁਸਾਰ ਫੋਟੋਆਂ ਭਰੀਆਂ ਗਈਆਂ, ਗੁਰਬਾਣੀ ਦੇ ਅੰਗ੍ਰੇਜ਼ੀ ਹਿੰਦੀ ਵਿਚ ਅਨੁਵਾਦ ਦਿਤੇ ਗਏ ਅਤੇ ਰੋਮਨ ਅੱਖਰਾਂ ਵਿਚ ਵੀ ਗੁਰਬਾਣੀ ਲਿਖੀ ਗਈ ਤਾਂਕਿ ਦੇਸ਼ ਪ੍ਰਦੇਸ਼ ਵਿਚ ਸਾਰੇ ਇਨ੍ਹਾਂ ਪ੍ਰਵਚਨਾਂ ਨੂੰ ਸਮਝ ਤੇ ਮਾਣ ਸਕਣ। ਵਿਸਾਖੀ ਅਪ੍ਰੈਲ 1995 ਵਿਚ ਮੈਗਜ਼ੀਨ 'ਆਤਮ ਮਾਰਗ' ਦਾ ਨਿਰਮਾਣ ਹੋਇਆ ਜਿਸ ਰਾਹੀਂ ਗੁਰਬਾਣੀ ਦੇ ਰੂਹਾਨੀ ਉਪਦੇਸ਼ਾਂ ਨੂੰ ਘਰ ਘਰ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਗਈ। ਛੇਤੀ ਹੀ ਇਸ ਦਾ ਹਿੰਦੀ ਰੂਪਾਂਤਰ ਵੀ ਚਾਲੂ ਕਰ ਦਿਤਾ ਗਿਆ ਅਤੇ ਵਿਦੇਸ਼ ਬੈਠੀ ਸੰਗਤ ਦੀ ਸਹੂਲਤ ਲਈ 20 ਪੰਨੇ ਅੰਗ੍ਰੇਜ਼ੀ ਦੇ ਵੀ ਵਧਾ ਦਿਤੇ ਗਏ। ਅੱਜ ਇਹ ਮੈਗਜ਼ੀਨ ਦੇਸ਼ ਵਿਦੇਸ਼ ਵਿਚ ਹਜਾਰਾਂ ਘਰਾਂ ਵਿਚ ਜਾਂਦਾ ਹੈ। ਰੂਹਾਨੀਅਤ ਦੇ ਵਿਸ਼ੇ ਤੇ ਪੁਸਤਕਾਂ ਦੀ ਦੁਰਲੱਭਤਾ ਨੂੰ ਮੁਖ ਰਖਦਿਆਂ ਪੁਸਤਕਾਂ ਛਾਪਣ ਦਾ ਕਾਰਜ ਵੀ ਆਰੰਭਿਆ ਗਿਆ ਤੇ ਇਸ ਵੇਲੇ ਸੰਤ ਮਹਾਰਾਜ ਜੀ ਦੀਆਂ ਸੈਂਕੜੇ ਪੁਸਤਕਾਂ ਪੰਜਾਬੀ ਹਿੰਦੀ ਅਨੁਵਾਦ ਅਤੇ ਅੰਗ੍ਰੇਜ਼ੀ ਅਨੁਵਾਦ ਛੱਪ ਚੁਕੇ ਹਨ ਜਿਨ੍ਹਾਂ ਨੂੰ ਬਹੁਤ ਸਲਾਹਿਆ ਗਿਆ ਹੈ। ਇਨ੍ਹਾਂ ਵਿਚੋਂ ਪਹਿਲੀ ਪੁਸਤਕ 'ਸੁਰਤਿ ਸਬਦਿ ਮਾਰਗ' ਦੇ ਕਈ ਸੰਸਕਰਣ ਛਪ ਚੁੱਕੇ ਹਨ। ਇਹ ਪੁਸਤਕਾਂ ਹੋਰ ਬੋਲੀਆਂ ਵਿਚ ਛਾਪਣ ਦਾ ਉਪਰਾਲਾ ਵੀ ਕੀਤਾ ਗਿਆ ਹੈ।

ਇਸ ਦੇ ਨਾਲ ਨਾਲ ਇਕ ਸਾਲਾਨਾ ਗੁਰਮਤਿ ਸਮਾਗਮ ਵੀ 1990 ਤੋਂ ਨਿਰੰਤਰ ਕਰਵਾਏ ਜਾ ਰਹੇ ਹਨ ਜਿਨ੍ਹਾਂ ਵਿਚ ਮਹਾਨ ਤਪਸਵੀ, ਸੰਤ, ਮਹਾਂਪੁਰਸ਼, ਭਗਤ, ਰੂਹਾਨੀ ਸ਼ਖਸ਼ੀਅਤਾਂ ਅਤੇ ਸਬੁੱਧੀ ਜੀਵੀ ਵਿਦਵਾਨ ਆਪਣੇ ਪ੍ਰਵਚਨ ਲੱਖਾਂ ਦੀ ਗਿਣਤੀ ਵਿਚ ਇਕੱਤਰ ਹੋਈ ਸੰਗਤ ਨੂੰ ਸਰਵਣ ਕਰਵਾਉਂਦੇ ਹਨ। ਸਮਾਗਮ ਦਾ ਅਨੂਠਾ ਅਦਭੂਤ ਨਜ਼ਾਰਾ ਵੇਖਣ ਵਾਲਾ ਹੁੰਦਾ ਹੈ।

ਵਿਦੇਸ਼ਾਂ ਤੋਂ ਅਤੇ ਭਾਰਤ ਦੇ ਹਰ ਇਲਾਕੇ ਤੋਂ ਆਈ ਲੱਖਾਂ ਦੀ ਗਿਣਤੀ ਵਿਚ ਸੰਗਤ ਬੜੇ ਪਿਆਰ ਤੇ ਸ਼ਰਧਾ ਨਾਲ ਪ੍ਰਵਚਨ ਸੁਣਦੀ ਹੈ ਅਤੇ ਗੁਰਮਤਿ ਦੇ ਸੁਚੱਜੇ ਜੀਵਨ ਆਦਰਸ਼ਾਂ ਨਾਲ ਸਰਸ਼ਾਰ ਹੋ ਕੇ ਮੁੜਦੀ ਹੈ। ਵੱਡੀ ਗਿਣਤੀ ਵਿਚ ਆਉਂਦੀ ਸੰਗਤ ਲਈ ਪੰਡਾਲ, ਰਿਹਾਇਸ਼, ਲੰਗਰ, ਆਵਾਜਾਈ ਦੇ ਸਾਧਨ, ਪਾਰਕਿੰਗ ਇਤਿਆਦਿ ਪੂਰੀ ਨਿਪੁੰਨਤਾ ਨਾਲ ਚਲਦਾ ਹੈ ਜਿਸ ਦਾ ਸਾਰਾ ਪ੍ਰਬੰਧ ਪਰਮ ਪੂਜਯ ਸਤਿਕਾਰਯੋਗ ਬੀਜੀ ਮਹਾਂਪੁਰਸ਼ਾਂ ਦੀ ਸੁਪ੍ਰਸਤੀ ਹੇਠ ਹੁੰਦਾ ਹੈ ਜੋ ਉਨ੍ਹਾਂ ਦੀ ਵਡਿਆਈ ਤੇ ਕਾਬਲੀਅਤ ਦਾ ਪ੍ਰਤੱਖ ਪ੍ਰਮਾਣ ਹੈ।

ਆਪ ਜੀ ਦਾ ਸਾਰਾ ਜੀਵਨ ਹੀ ਪਰਉਪਕਾਰੀ ਹੈ, ਦੂਜਿਆਂ ਦੇ ਦੁੱਖ ਵੰਡਣੇ, ਗਰੀਬਾਂ ਨਿਆਸਰਿਆਂ ਦੀ ਆਰਥਕ ਸਹਾਇਤਾ ਕਰਨੀ, ਮੁਸੀਬਤ ਸਮੇਂ ਹਰ ਤਰ੍ਹਾਂ ਦੀ ਮਦਦ ਕਰਨੀ, ਆਪ ਜੀ ਦੇ ਸੁਭਾਅ ਵਿਚ ਸ਼ਾਮਲ ਹੈ। ਜਦ 1993 ਵਿਚ ਹੜ੍ਹ ਆਏ, ਤਾਂ ਆਪ ਜੀ ਸੇਵਕਾਂ ਸਾਥੀਆਂ ਨੂੰ ਨਾਲ ਲੈ ਕੇ ਪਿੰਡ ਪਿੰਡ, ਘਰ-ਘਰ ਪੁੱਜੇ ਅਤੇ ਇਕ ਕ੍ਰੋੜ 20 ਲੱਖ ਦੀ ਸਮੱਗਰੀ, ਰਾਸ਼ਨ, ਵਸਤਰ, ਬਰਤਨ, ਬੱਚਿਆਂ ਦੀਆਂ ਕਾਪੀਆਂ, ਕਿਤਾਬਾਂ, ਬੈਗ ਸਭ ਕੁਝ ਹੱਥੀਂ ਦੇ ਕੇ ਆਏ। ਪਿਛੇ ਫਰਵਰੀ 2001 ਵਿਚ ਗੁਜਰਾਤ ਵਿਚ ਭੂਚਾਲ ਕਾਰਨ ਲੱਖਾਂ ਲੋਕ ਨਿਆਸਰੇ ਹੋ ਗਏ। ਆਪ ਜੀ ਦਾ ਕੋਮਲ ਹਿਰਦਾ ਪੀੜਤ ਹੋ ਉਠਿਆ ਅਤੇ ਆਪ ਜੀ ਨੇ 56 ਟਰੱਕਾਂ ਰਾਹੀਂ ਲਗਭੱਗ ਡੇਢ ਕ੍ਰੋੜ ਦੀ ਸਮੱਗਰੀ, ਰਾਸ਼ਨ, ਵਸਤਰ, ਟੈਂਟ ਆਦਿ ਸਹਾਇਤਾ ਲਈ ਭੇਜੇ। ਜੱਥੇ ਨੇ ਗੁਜਰਾਤ ਵਿਚ 28 ਦਿਨ ਕੈਂਪ ਲਾਈ ਰੱਖਿਆ ਅਤੇ 36 ਪਿੰਡਾਂ ਵਿਚ ਨਿੱਜੀ ਤੌਰ ਤੇ ਜਾ ਜਾ ਕੇ ਸਾਰੀਆਂ ਲੋੜੀਂਦੀਆਂ ਵਸਤਾਂ ਦਿਤੀਆਂ। ਜੇ ਨੇੜੇ ਦੇ ਪਿੰਡ ਚਾਹੜਮਾਜਰਾ ਦੇ ਮੁਸਲਮਾਨਾਂ ਨੇ ਆ ਫਰਿਆਦ ਕੀਤੀ ਤਾਂ ਉਨ੍ਹਾਂ ਦੀਆਂ ਧਾਰਮਿਕ ਭਾਵਨਾਨਾਂ ਦੀ ਕਦਰ ਕਰਦਿਆਂ ਆਪਣੇ ਪਾਸੋਂ ਖਰਚ ਕਰਕੇ ਉਨ੍ਹਾਂ ਲਈ 'ਮਸਜਿਦ' ਦਾ ਨਿਰਮਾਣ ਕੀਤਾ। ਇਨ੍ਹਾਂ ਸਭਨਾਂ ਕਾਰਜਾਂ ਦੀ ਅਖਬਾਰਾਂ ਨੇ ਰੱਜ ਕੇ ਪ੍ਰਸੰਸਾ ਕੀਤੀ ਹੈ ਅਤੇ ਲੇਖ ਲਿਖੇ ਹਨ ਪਰ ਆਪ ਜੀ ਨੇ ਨਿਰਮਾਣਤਾ ਵਿਚ ਰਹਿ ਕੇ ਇਹ ਕਾਰਜ ਸੁਭਾਵਿਕ ਹੀ ਕੀਤੇ ਹਨ।



**ਪੂਰਨਮਾਸ਼ੀ ਦੀ ਰਾਤ ਸਮੇਂ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਸੰਗਤਾਂ ਨੂੰ ਔਸ਼ਧੀਆਂ ਪਰਭੂਰ ਖੀਰ ਵਰਤਾਉਣ ਦਾ ਅਲੌਕਿਕ ਦ੍ਰਿਸ਼**

ਅਗਸਤ 3, 1994 ਨੂੰ ਜਗਤ ਪ੍ਰਸਿੱਧ ਸਵਾਮੀ ਰਾਮ ਆਪ ਜੀ ਦੇ ਦਰਸ਼ਨਾਂ ਲਈ ਰਤਵਾੜਾ ਸਾਹਿਬ ਆਏ ਅਤੇ ਆਪ ਜੀ ਨਾਲ ਪ੍ਰਵਚਨ ਕਰਕੇ ਐਨੇ ਮੁਤਾਸਰ ਹੋਏ ਕਿ ਆਪ ਜੀ ਨੂੰ ਜੌਲੀ ਗਰਾਂਟ ਵਿਚ ਏਸ਼ੀਆ ਦੇ ਸਭ ਤੋਂ ਵੱਡੇ ਨਿਰਮਾਣਤ ਹਸਪਤਾਲ ਦਾ ਨੀਂਹ ਪੱਥਰ ਰੱਖਣ ਲਈ ਬੇਨਤੀ ਕੀਤੀ। ਇਹ ਦੋ ਮਹਾਨ ਰੂਹਾਂ ਦਾ ਮਿਲਾਪ ਸਵਾਮੀ ਜੀ ਦੀ ਅੰਤਮ ਯਾਤਰਾ (1996) ਤਕ ਪੂਰੀ ਤਰ੍ਹਾਂ ਨਿਭਿਆ ਤੇ ਹੁਣ ਵੀ

ਉਨ੍ਹਾਂ ਦੇ ਅਨੁਆਈ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਹਾਜ਼ਰ ਹੁੰਦੇ ਰਹਿੰਦੇ ਹਨ। ਸਵਾਮੀ ਜੀ ਦੋ ਸਾਲ ਮਤਵਾਤਰ ਸਾਲਾਨਾ ਸਮਾਗਮਾਂ ਤੇ ਰਤਵਾੜਾ ਸਾਹਿਬ ਆਉਂਦੇ ਰਹੇ ਅਤੇ ਸੰਗਤਾਂ ਨੂੰ ਆਪਣੇ ਪ੍ਰਵਚਨਾਂ ਨਾਲ ਨਿਹਾਲ ਕਰਦੇ ਰਹੇ। ਇਨ੍ਹਾਂ ਦੇ ਨਾਲ ਹੀ ਡਾ. ਸਵਾਮੀ ਵੇਦ ਭਾਰਤੀ ਨੇ ਵੀ ਆਪ ਜੀ ਦੀ ਸੰਗਤ ਮਾਣੀ ਹੈ ਅਤੇ ਉਹ ਵੀ ਹਰ ਸਾਲ ਸਮਾਗਮ ਤੇ ਦਰਸ਼ਨ ਦਿੰਦੇ ਹਨ।

ਰਤਵਾੜਾ ਸਾਹਿਬ ਵਿਖੇ ਗੁਰਦੁਆਰਾ ਸਾਹਿਬ ਦੀ ਆਪਣੀ ਵਖਰੀ ਇਮਾਰਤ ਨਹੀਂ ਸੀ। 26 ਜਨਵਰੀ 2000 ਹੀ ਆਪ ਜੀ ਨੇ ਇਕ ਸੁੰਦਰ ਇਮਾਰਤ ਬਣਾਉਣ ਦਾ ਸੁਪਨਾ ਲਿਆ, ਪੰਜ ਮਹਾਂਪੁਰਸ਼ਾਂ ਤੋਂ ਇਸ ਦਾ ਨੀਂਹ ਪੱਥਰ ਰਖਵਾਇਆ ਤੇ ਇਕ ਸਾਲ ਦੇ ਅੰਦਰ ਅੰਦਰ ਸੁੰਦਰ, ਸਫੈਦ ਸੰਗਮਰਰੀ ਗੁੰਬਦਾਂ ਤੇ ਮਮਟੀਆਂ ਵਾਲੀ ਸੋਹਣੀ ਇਮਾਰਤ ਦਾ ਨਿਰਮਾਣ ਹੋ ਗਿਆ ਜਿਵੇਂ ਰਾਤੋ ਰਾਤ ਕੋਈ ਸਫੈਦ ਕਮਲ ਫੁੱਲ ਖਿੜ ਕੇ ਰਤਵਾੜਾ ਸਾਹਿਬ ਦੀ ਪਵਿੱਤਰ ਧਰਤੀ ਦਾ ਸ਼ਿੰਗਾਰ ਬਣ ਗਿਆ ਹੋਵੇ। 10ਵੇਂ ਸਾਲਾਨਾ ਗੁਰਮਤਿ ਸਮਾਗਮ ਸਤੰਬਰ ਅਕਤੂਬਰ 2000 ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਏਥੇ ਪਹਿਲਾ ਪ੍ਰਕਾਸ਼ ਹੋਇਆ ਅਤੇ ਗੁਰਦੁਆਰਾ ਈਸ਼ਰ ਪ੍ਰਕਾਸ਼ ਦੇ ਦਰਵਾਜ਼ੇ ਲੱਖਾਂ ਦੀ ਗਿਣਤੀ ਵਿਚ ਇਕੱਤਰ ਹੋਈ ਸੰਗਤਾਂ ਦੇ ਦਰਸ਼ਨਾਂ ਦੀਦਾਰਾਂ ਲਈ ਖੋਲ੍ਹ ਦਿਤੇ ਗਏ। ਆਲੇ ਦੁਆਲੇ ਫੁਲਾਂ ਦੀਆਂ ਬਗੀਚੀਆਂ ਤੇ ਫੁਹਾਰਿਆਂ ਨੇ ਇਸ ਦੀ ਸੁੰਦਰਤਾ ਵਿਚ ਵਾਧਾ ਕੀਤਾ ਹੈ ਅਤੇ ਇਹ ਇਕ ਵੇਖਣਯੋਗ ਸੁੰਦਰ ਗੁਰਦੁਆਰਾ ਸਾਹਿਬ ਦੇ ਰੂਪ ਵਿਚ ਪ੍ਰਗਟ ਹੋਇਆ ਹੈ। ਇਹ ਸੁੰਦਰ ਇਮਾਰਤ ਵੀ ਆਪ ਜੀ ਦੀ ਦੂਰ ਦ੍ਰਿਸ਼ਟਤਾ ਦਾ ਪ੍ਰਤੱਖ ਪ੍ਰਮਾਣ ਹੈ।



ਸੰਤ ਈਸ਼ਰ ਸਿੰਘ ਜੀ ਮਾਰਗ ਰਤਵਾੜਾ ਸਾਹਿਬ ਤੋਂ ਮੁੱਲਾਂਪੁਰ ਗਰੀਬਦਾਸ ਤੱਕ ਪਿੱਪਲ ਬਰੋਟੇ

ਇਸ ਇਲਾਕੇ ਦੇ ਨਿਰਮਾਣ ਲਈ 2001 ਸਾਲ ਤੋਂ ਆਪ ਜੀ ਨੇ ਕਈ ਹੋਰ ਕਾਰਜ ਵੀ ਅਰੰਭੇ ਸਨ। ਵਿਦਿਆ ਦੇ ਖੇਤਰ ਵਿਚ ਇਹ ਇਲਾਕਾ ਬਹੁਤ ਪਛੜਿਆ ਹੋਇਆ ਹੈ। ਭਾਵੇਂ ਨਾਲ ਲਗਦੇ ਇਲਾਕੇ ਚੰਡੀਗੜ੍ਹ ਵਿਚ ਵਿਦਿਅਕ ਅਦਾਰਿਆਂ ਦੀ ਭਰਮਾਰ ਹੈ ਪਰ ਪਿੰਡਾਂ ਵਿਚ ਵਸਦੇ ਲੋਕ ਇਨ੍ਹਾਂ ਦਾ ਪੂਰਾ ਲਾਭ ਲੈਣ ਤੋਂ ਅਸਮਰੱਥ ਹਨ। ਦੂਜਾ ਆਪ ਜੀ ਮਹਿਸੂਸ ਕਰਦੇ ਸਨ ਕਿ ਅੱਜਕਲ੍ਹ ਦੀ ਵਿਦਿਆ 'ਪੜਿਆ ਮੂਰਖ ਆਖੀਐ ਜਿਸ ਲਬੁ ਲੋਭ ਅਹੰਕਾਰ।' ਅਨੁਸਾਰੀ ਹੈ। ਉਚੀ ਵਿਦਿਆ ਦੇ ਨਾਲ ਨਾਲ ਸੱਚੇ ਸੁੱਚੇ ਈਮਾਨਦਾਰ ਧਰਮੀ ਬੰਦੇ ਪੈਦਾ ਕਰਨ ਹਿਤ ਆਪ ਜੀ ਨੇ 'ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਸਕੂਲ ਵਿਦਿਆ ਮੰਦਰ' ਅਪ੍ਰੈਲ 2001 ਤੋਂ ਪ੍ਰਾਰੰਭ ਕੀਤਾ । ਜਿਸ ਵਿੱਚ ਅੱਜ 1200 ਬੱਚੇ ਧਾਰਮਿਕ ਵਿਦਿਆ ਦੇ ਨਾਲ ਨਾਲ ਰੂਹਾਨੀ ਸੇਧ ਵੀ ਹਾਸਲ ਕਰ ਰਹੇ ਹਨ।

ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਹਾਈ ਸਕੂਲ ਦੇ (ਐਫੀਲੀਏਟਡ ਪੰਜਾਬ ਸਕੂਲ ਸਿਖਿਆ ਬੋਰਡ) ਨਾਲ ਸਬੰਧਤ ਜਿਸ ਵਿੱਚ 1000 ਬੱਚਾ ਵਿਦਿਆ ਲੈ ਰਿਹਾ ਹੈ ।

ਅਤਿ-ਅਧੁਨਿਕ ਯੂਨੀਵਰਸਿਟੀ ਬਣਨ ਜਾ ਰਹੀ ਹੈ।

ਬਿਰਧ ਆਸ਼ਰਮ ਦਿਸੰਬਰ ਤੱਕ ਬਣ ਕੇ ਤਿਆਰ ਹੋ ਜਾਵੇਗਾ ।

ਵਿਦੇਸ਼ ਬੈਠੇ ਪ੍ਰੇਮੀਆਂ ਦੀ ਮੰਗ ਤੇ ਕੈਨੇਡਾ ਅਮਰੀਕਾ ਅਤੇ ਇੰਗਲੈਂਡ ਜਾਂਦੇ ਰਹੇ। ਇਨ੍ਹਾਂ ਥਾਵਾਂ ਤੇ ਹਜ਼ਾਰਾਂ ਦੀ ਗਿਣਤੀ ਵਿਚ ਬੜੇ ਧਿਆਨ ਨਾਲ ਸੰਗਤਾਂ ਆਪ ਜੀ ਦੇ ਪ੍ਰਵਚਨ ਸੁਣਦੀਆਂ। ਆਪ ਜੀ ਦੀ ਬੇਲਾਗ ਸੇਵਾ ਤੋਂ ਸਭ ਪ੍ਰਭਾਵਤ ਹੁੰਦੇ, ਕੀਰਤਨ ਸਮੇਂ ਵਾਜੇ ਤੇ ਭੇਟਾ ਨਹੀਂ ਰੱਖਣ ਦਿੰਦੇ, ਨਾ ਹੀ ਸਿਰੋਪਾ ਸਵੀਕਾਰ ਕਰਦੇ ਸਨ। ਤਿਆਗ ਦੀ ਇਸ ਬਿਰਤੀ ਨੇ ਲੋਕ ਮਨਾਂ ਅਤੇ ਗੁਰਦੁਆਰਾ ਕਮੇਟੀਆਂ ਨੂੰ ਬਹੁਤ ਪ੍ਰਭਾਵ ਕੀਤਾ। ਇੰਗਲੈਂਡ ਬਰਮਿੰਘਮ ਦੀ ਨਿਸ਼ਕਾਮ ਸੇਵਾ ਸੋਸਾਇਟੀ ਨੇ ਆਪ ਜੀ ਨੂੰ ਬਹੁਤ ਸਨਮਾਨਤ ਕੀਤਾ ਹੈ।

ਅਮਰੀਕਾ ਫੇਰੀ ਸਮੇਂ ਆਪ ਜੀ ਨੇ ਵੇਖਿਆ ਕਿ ਪੰਜਾਬੀ ਨੌਜਵਾਨ ਵਿਦਿਆ ਦੀ ਘਾਟ ਕਾਰਨ ਬੜੀ ਤੰਗੀ ਦਾ ਜੀਵਨ ਗੁਜ਼ਾਰ ਰਹੇ ਹਨ। ਦੂਜੇ ਬੰਨੇ ਇਨਫਰਮੇਸ਼ਨ ਟੈਕਨਾਲੌਜੀ ਵਿਚ ਹਜ਼ਾਰਾਂ ਬੰਦਿਆਂ ਦੀ ਮੰਗ ਆ ਰਹੀ ਹੈ। ਆਪ ਜੀ ਨੇ ਨੌਜਵਾਨਾਂ ਨੂੰ ਆਧੁਨਿਕ ਵਿਦਿਆ ਰਾਹੀਂ ਰੋਜ਼ਗਾਰ ਲਈ ਤਿਆਰ ਕਰਨ ਹਿਤ ਇਨਫਰਮੇਸ਼ਨ ਟੈਕਨਾਲੌਜੀ ਦਾ ਕੇਂਦਰ ਰਤਵਾੜਾ ਸਾਹਿਬ ਵਿਖੇ ਇਸੇ ਸਾਲ 2001 ਵਿਚ ਖੋਲ੍ਹ ਦਿਤਾ ਹੈ ਜਿਸਨੂੰ ਪੰਜਾਬ ਟੈਕਨੀਕਲ ਯੂਨੀਵਰਸਿਟੀ ਜਾਲੰਧਰ ਨੇ ਮਾਨਤਾ ਵੀ ਦੇ ਦਿਤੀ ਹੈ। 80 ਵਿਦਿਆਰਥੀ ਇਸ ਸਮੇਂ ਬਿਸਨਿਸ ਮੈਨੇਜਮੈਂਟ ਅਤੇ ਇਨਫਰਮੇਸ਼ਨ ਟੈਕਨਾਲੌਜੀ ਦੇ ਡਿਪਲੋਮਾ ਲੈਵਲ ਦੇ ਕੋਰਸ ਕਰ ਰਹੇ ਹਨ ਹੋਰ ਯੂਨੀਵਰਸਿਟੀਆਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ

ਆਪ ਜੀ ਦੀ ਬਹੁ-ਪੱਖੀ ਸ਼ਖ਼ਸ਼ੀਅਤ ਦੇ ਸਾਰੇ ਗੁਣ ਦਸਣੇ ਮੁਸ਼ਕਲ ਹੀ ਨਹੀਂ, ਅਸੰਭਵ ਜਾਪਦੇ ਹਨ।

ਜਿਵੇਂ ਜਿਵੇਂ 31 ਅਕਤੂਬਰ ਦਿਨ ਨੇੜੇ ਆ ਰਿਹਾ ਹੈ । ਪਿਆਰੇ ਦਾ ਅਸਹਿ ਵਿਛੋੜਾ ਇਕ ਅਜੀਬ ਜਿਹਾ ਵਾਤਾਵਰਣ ਪੈਦਾ ਕਰਦਾ ਜਾ ਰਿਹਾ ਹੈ । ਸੰਤ ਮਹਾਰਾਜ ਰਤਵਾੜਾ ਸਾਹਿਬ ਨੇ ਆਪਣੇ ਪੰਜ ਭੂਤਕ ਸਰੀਰ ਦਾ ਪਰਿਤਿਆਗ

ਕਰਕੇ ਸਾਡੀ ਸੁਰਤ ਵਿਚੋਂ ਵਿਦਾਇਗੀ ਲੈ ਲਈ । ਉਨ੍ਹਾ ਪਿਆਰ ਕਰਨ ਵਾਲੀਆਂ ਲੱਖਾਂ ਸੰਗਤਾਂ ਦੇਸ਼ਾਂ ਵਿਦੇਸ਼ਾਂ ਵਿੱਚ ਬੈਠੀਆਂ ਉਨ੍ਹਾਂ ਦੀ ਇਕ ਨਿੱਕੀ ਜਿਹੀ ਝਲਕ ਆਪਣੇ ਹਿਰਦੇ ਦੇ ਵਿੱਚ ਸਮੋਈ ਬੈਠੀਆਂ ਹਨ । ਜਦੋਂ ਵੀ ਕੋਈ ਕਿਸੇ ਕਿਸਮ ਦੀ ਦੁਨਿਆਵੀ ਸਫਰ ਤਹਿ ਕਰਦੇ ਹੋਏ ਔਕੜ ਅਉਂਦੀ ਹੈ । ਮੱਲੋ ਮੱਲੀ ਮਹਾਂਪੁਰਸ਼ਾਂ ਵੱਲ ਧਿਆਨ ਚਲੇ ਜਾਂਦਾ ਹੈ । ਦਿਲੋਂ ਅਰਦਾਸ ਅਰਜੋਈ ਆਪ ਮੁਹਾਰੇ ਨਿਕਲਦੀ ਹੈ । ਸਾਡੀ ਸਹਾਇਤਾ ਕਰੋ । ਪਤਾ ਵੀ ਨਹੀਂ ਚਲਦਾ ਸਾਰਾ ਕੰਮ ਆਪਣੇ ਆਪ ਠੀਕ ਹੋ ਜਾਂਦਾ ਹੈ । ਮਹਾਂਪੁਰਖਾਂ ਦੀ ਆਪਾਂ 8ਵੀਂ ਬਰਸੀ ਮਨਾਉਣ ਜਾ ਰਹੇ ਹਾਂ । ਆਪ ਜੀ ਨੇ ਜੋ ਆਪਣੇ ਜੀਵਨ ਦੇ ਅੰਦਰ ਸੰਸਾਰ ਰੂਪੀ ਰੰਗ ਮੰਚ ਤੇ ਆ ਕੇ ਗੁਰਮਤਿ ਅਨੁਸਾਰ ਜੀਵਨ ਜਿਉਣ ਦੀ ਸੇਧ ਜਿਉਂ ਕੇ ਹੀ ਦਿਤੀ ਹੈ । ਮਹਾਂਪੁਰਖਾਂ ਨੂੰ ਪਿਆਰ ਕਰਨ ਵਾਲੇ ਆਪਾਂ ਸਾਰੇ ਹੀ ਜਾਣਦੇ ਹਾਂ । 'ਆਤਮ ਮਾਰਗ' ਵਿੱਚ ਛਪੇ ਉਨ੍ਹਾਂ ਦੇ ਇਕ ਇਕ ਬਚਨ ਨੂੰ ਬਹੁਤ ਪਿਆਰ ਨਾਲ ਪੜ੍ਹਨ ਵਾਲੀਆਂ ਸੰਗਤਾਂ ਜਾਣਦੀਆਂ ਹਨ । ਇਹ ਬਚਨ ਆਪ ਜੀ ਹਰ ਮਹੀਨੇ ਹੀ ਘਰ ਬੈਠੇ ਹੀ ਪੜ੍ਹਨ ਨੂੰ ਮਿਲ ਜਾਂਦੇ ਹਨ । ਇਹ ਮਹਾਂਪੁਰਖਾਂ ਨੇ ਆਪਣੀ ਕਈ ਜਨਮਾਂ ਦੀ ਅਣੱਥਕ ਘਾਲਣਾ ਕਮਾਈ ਕਰਕੇ ਆਪ ਜੀ ਦੇ ਸਮਖਸ਼ ਰੱਖੇ ਹਨ । ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੂੜ੍ਹ ਫਿਲਾਸਫੀ ਨੂੰ 'ਆਤਮ ਮਾਰਗ' ਮੈਗਜੀਨ ਦੇ 64 ਅੰਗ ਹਰ ਮਹੀਨੇ ਹੀ ਆਪ ਜੀ ਕੋਲ ਪਹੁੰਚ ਕੇ ਆਪ ਜੀ ਨੂੰ ਨਾਮ ਜਪਣ, ਸੇਵਾ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ । ਜਿਥੇ ਆਪ ਜੀ ਪੜ੍ਹ ਕੇ ਅਨੰਦ ਲੈ ਰਹੇ ਹੋ । ਦੇਸ਼ਾਂ ਵਿਦੇਸ਼ਾਂ ਵਿੱਚ ਬੈਠੇ ਅਨੇਕਾਂ ਪ੍ਰੇਮੀ ਕਲਜੁਗ ਦੀਆਂ ਤੱਤੀਆਂ ਹਵਾਵਾਂ ਤੋਂ ਬਚ ਕੇ ਮਹਾਂਪੁਰਖਾਂ ਨੂੰ ਪਿਆਰ ਕਰਨ ਵਾਲੇ ਦਰਗਾਹੀ ਡਿਊਟੀ ਸਮਝਦੇ ਹੋਏ ਅੱਜ ਵੀ ਮਹਾਂਪੁਰਖਾਂ ਦੇ ਬਚਨਾਂ ਤੇ ਪੂਰਾ-ਪੂਰਾ ਪਹਿਰਾ ਦੇ ਰਹੇ ਹਨ । ਆਪਣੇ ਕੀਮਤੀ ਸਮੇਂ ਵਿਚੋਂ ਸਮਾਂ ਕੱਢ ਕੇ ਉਨ੍ਹਾਂ ਵੱਲੋਂ ਪ੍ਰਕਾਸ਼ਿਤ ਕੀਤਾ ਇਹ 'ਆਤਮ ਮਾਰਗ' ਗੁਰ-ਸ਼ਬਦ ਲੰਗਰ ਘਰੋ ਘਰੀ ਜਾ ਕੇ ਹੱਥੀਂ ਵੰਡਣ ਦੀ ਸੇਵਾ ਸਕੂਟਰਾਂ, ਕਾਰਾਂ, ਜਾਂ ਸਾਇਕਲਾਂ ਰਾਹੀਂ ਕਰ ਰਹੇ ਹਨ, ਨਵੇਂ ਮੈਂਬਰ ਬਣਾਉਣ ਦੀ ਸੇਵਾ, ਰਿਨੀਉਵਲ ਦੀ ਸੇਵਾ ਨਿਰੰਤਰ ਜਾਰੀ ਰੱਖ ਕੇ ਇਸ ਮਹਾਨ ਕੁੰਭ ਗੁਰ-ਸ਼ਬਦ ਲੰਗਰ ਵਿੱਚ ਲਗਾਤਾਰ ਪਿਛਲੇ 15 ਸਾਲ ਤੋਂ ਹਿੱਸਾ ਪਾ ਰਹੇ ਹਨ । ਜੋ ਕਿ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖ ਆਮ ਆਪਣੇ ਦਿਵਾਨਾਂ ਵਿੱਚ ਬਚਨ ਕਰਿਆ ਕਰਦੇ ਸਨ ਕਿ ਇਹ ਮੈਂ ਨਹੀਂ ਕਰ ਰਿਹਾ ਇਹ ਮੈਥੋਂ ਕਰਵਾਇਆ ਜਾ ਰਿਹਾ ਹੈ । ਕਈ ਪ੍ਰੇਮੀਆਂ ਨੇ ਆਪਣੇ ਘਰ ਚਰਨ ਪਾਉਣ ਲਈ ਬੇਨਤੀ ਕਰਨੀ । ਮਹਾਂਪੁਰਖਾਂ ਨੇ ਬਚਨ ਕਰਨੇ ਆਪ ਜੀ ਦੇ ਘਰ 'ਆਤਮ ਮਾਰਗ' ਮੈਗਜੀਨ ਦੇ ਰੂਪ ਵਿੱਚ ਹਰ ਮਹੀਨੇ ਚਰਨ ਪਾਉਂਦੇ ਹਾਂ। ਮਹਾਂਪੁਰਖਾਂ ਦੀ ਇਹ ਪਵਿੱਤਰ ਨਿਸ਼ਾਨੀ 'ਆਤਮ ਮਾਰਗ' ਪਤ੍ਰਿਕਾ ਹਰ ਇਕ ਪ੍ਰਾਣੀ ਨੂੰ ਚਾਹੇ ਉਹ ਕਿਸੇ ਮਜ੍ਹਬ ਦਾ ਹੋਵੇ –

***ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥***
***ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ***
***ਘਟਿ ਘਟਿ ਨਾਨਕ ਮਾਝਾ ॥ ੪ ॥ ਅੰਗ – ੭੪੭***



**ਰਤਵਾੜਾ ਸਾਹਿਬ ਵਿਖੇ ਵੱਖ ਵੱਖ ਸੰਪ੍ਰਦਾਇ ਦੇ ਸਾਧੂ ਸੰਤ ਮਨ ਮੋਹਕ ਵਾਤਾਵਰਣ ਦਾ ਅਨੰਦ ਮਾਣਦੇ ਹੋਏ ।**

ਅਨੇਕਾਂ ਪੁਸਤਕਾਂ ਹਿੰਦੀ, ਅੰਗਰੇਜੀ ਅਤੇ ਪੰਜਾਬੀ ਭਾਸ਼ਾ ਵਿੱਚ ਮਹਾਂਪੁਰਖਾਂ ਨੇ ਆਪਣੀ ਪਵਿੱਤਰ ਰਸਨਾਂ ਤੋਂ ਡਿਕਟੇਟ ਕਰਵਾ ਕੇ ਜਗਿਆਸੂਆਂ ਦੇ ਭਲੇ ਹਿੱਤ ਪ੍ਰਕਾਸ਼ਿਤ ਕੀਤੀਆਂ । ਜੋ ਕਿ ਅੱਜ ਸੰਸਾਰ ਭਰ ਵਿੱਚ ਗੁਰਮਤਿ ਨਾਮ ਅਭਿਆਸੀ ਸੱਜਣਾਂ ਨੂੰ ਰੂਹਾਨੀ ਰਸਤਾ ਦਿਖਾ ਰਹੀਆਂ ਹਨ । ਆਉਣ ਵਾਲੇ ਸਮੇਂ ਅੰਦਰ ਦਿਖਾਉਂਦੀਆਂ ਰਹਿਣਗੀਆਂ । ਅੱਜ ਸਾਡੇ ਦਰਵਾਜੇ ਅੱਗੇ ਸਵੇਰੇ ਉਠਦੇ ਹੀ ੨੦-੨੦ ਪੇਜਾਂ ਦੇ ਅੱਖਬਾਰ ਮਿਲ ਜਾਂਦੇ ਹਨ ਜਿਨ੍ਹਾਂ ਵਿੱਚ ਰਾਗ ਦਵੈਸ਼ ਦੀਆਂ ਗੱਲਾਂ ਹੋਣ ਕਰਕੇ ਖਬਰਾਂ ਪੜ੍ਹ ਕੇ ਅਸ਼ਲੀਲ ਫੋਟੋਆਂ ਵੇਖ ਸਾਡੇ ਅੰਦਰ ਉਥਲ-ਪੁਥਲ ਮਚ ਜਾਂਦੀ ਹੈ । ਮਹਾਂਪੁਰਖਾਂ ਨੇ ਆਉਣ ਵਾਲੇ ਸਮੇਂ ਨੂੰ ਪਹਿਲਾਂ ਹੀ ਭਾਂਪ ਲਿਆ ਸੀ ਜਿਸ ਕਾਰਨ ਇਕ ਠੰਡੇ ਰੂਹਾਨੀ 'ਆਤਮ ਮਾਰਗ' ਮੈਗਜੀਨ ਦੀ ਸ਼ੁਰੂਆਤ ਕੀਤੀ । ਜਿਥੇ ਮਹਾਂਪੁਰਖਾਂ ਨੇ ਐਨਾ ਸਾਡੇ ਵਾਸਤੇ ਸੋਚਿਆ ਸਾਡਾ ਵੀ ਉਨ੍ਹਾਂ ਪ੍ਰਤੀ ਕੋਈ ਫਰਜ ਬਣ ਜਾਂਦਾ ਹੈ, ਸਾਨੂੰ ਚਾਹੀਦਾ ਹੈ ਕਿ ਅਸੀਂ ਇਸ ਮੈਗਜੀਨ ਨੂੰ ਪੜ੍ਹਦੇ ਹਾਂ ਹੋਰਨਾਂ ਨੂੰ ਵੀ ਇਸ ਗੁਰ-ਸ਼ਬਦ ਬਾਰੇ ਜਾਣੂੰ ਕਰਵਾਈਏ ਤਾਂ ਜੋ ਸਾਡੇ ਪ੍ਰਥਾਇ ਸਾਡਾ ਤੇ ਹੋਰਨਾਂ ਦਾ ਭਲਾ ਹੋ ਸਕੇ ਅਤੇ ਮਹਾਂਪੁਰਖਾਂ ਦੀ ਖੁਸ਼ੀ ਪ੍ਰਾਪਤ ਕਰ ਸਕੀਏ । ਮਹਾਂਪੁਰਖਾਂ ਦੇ ਮਹਾਂ ਸਮਾਧੀ ਦਿਵਸ ਜੋ ਕਿ 31 ਅਕਤੂਬਰ 2009 ਨੂੰ ਰਤਵਾੜਾ ਸਾਹਿਬ ਦੀ ਮਹਾਂ ਪਵਿੱਤਰ ਤਪੋ ਭੂਮੀ ਉਪੱਰ ਮਨਾਏ ਜਾਣੇ ਹਨ । ਅਸੀਂ ਵੀ ਮਹਾਂਪੁਰਖਾਂ ਨੂੰ ਸ਼ਰਧਾਂਜਲੀ ਦੇ ਰੂਪ ਵਿੱਚ ਪੰਜ-ਪੰਜ ਮੈਂਬਰ ਆਤਮ ਮਾਰਗ ਪਤ੍ਰਿਕਾ ਦੇ ਬਣਾ ਕੇ ਮਹਾਂਪੁਰਖਾਂ ਦੀਆਂ ਖੁਸ਼ੀਆਂ ਦੇ ਪਾਤਰ ਬਣੀਏ ।

ਮਹਾਂਪੁਰਖਾਂ ਨੇ ਆਪਣੀ ਜਿੰਦਗੀ ਦੇ ਆਖਰੀ 15 ਸਾਲ ਦਾ ਸਮਾਂ ਰਤਵਾੜਾ ਸਾਹਿਬ ਵਿਖੇ ਗੁਜਾਰਿਆ ਆਪਣੇ ਚਰਨਾਂ ਦੀ ਛੋਹ ਬਖਸ਼ਿਸ਼ ਕਰਕੇ ਇਸ ਨੂੰ ਪਵਿੱਤਰ ਕੀਤਾ । 1986 ਤੋਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਪਾਵਨ ਸਰੂਪ ਅਸਥਾਨ ਵਿਖੇ ਸੁਭਾਇਮਾਨ ਕੀਤੇ ਗਏ ਲਗਾਤਾਰ ਸੰਗਤਾਂ ਤੋਂ ਸ੍ਰੀ ਅਖੰਡਪਾਠ, ਗੁਰ ਮੰਤਰ ਨਾਮ ਅਭਿਆਸ, ਮੂਲ ਮੰਤਰ ਦੇ ਲੱਖਾਂ ਪਾਠ ਕਰਵਾਏ ਇਸ ਨੂੰ ਪੁੰਨ ਭੂਮੀ ਬਣਾ ਦਿਤਾ । ਲਗਾਤਾਰ 11 ਅੰਤਰਾਸ਼ਟਰੀ ਪ੍ਰਸਿੱਧਤਾ ਦੀ ਅਮਿੱਟ ਛਾਪ ਛੱਡਣ ਵਾਲੇ ਵੱਡੇ ਸਮਾਗਮ ਕੀਤੇ ਗਏ ਜਿਨ੍ਹਾਂ ਵਿੱਚ ਲਖਾਂ ਦੀ ਤਾਦਾਦ ਵਿੱਚ ਸੰਗਤਾਂ ਨੇ ਹਜਰੀਆਂ ਭਰੀਆਂ ਅਤੇ ਆਪਣੇ ਸਮੇਂ ਅਤੇ ਸੁਆਸਾਂ ਨੂੰ ਸਫਲੇ ਬਣਾਇਆ ।

ਆਉਣ ਵਾਲੀ 31 ਅਕਤੂਬਰ ਦੀਆਂ ਤਿਆਰੀਆਂ ਬਹੁਤ ਜੋਰਾਂ ਤੇ ਅਸਥਾਨ ਵਿਖੇ ਚਲ ਰਹੀਆਂ ਹਨ । ਸੰਗਤਾਂ ਦੀ ਰਿਹਾਇਸ਼ ਦਾ ਪੂਰਾ-ਪੂਰਾ ਪ੍ਰਬੰਧ ਅਸਥਾਨ ਵਿਖੇ ਕੀਤਾ ਜਾ ਰਿਹਾ ਹੈ। ਦੇਹਰਾਦੂਨ ਜੌਲੀਗਰਾਂਟ ਤੋਂ ਕਾਬਲ ਡਾਕਟਰਾਂ ਦੀ ਟੀਮ ਪਹੁੰਚ ਰਹੀ ਹੈ । ਤੱਖਰ ਪਰਿਵਾਰ ਇੰਗਲੈਂਡ ਵੱਲੋਂ ਅੱਖਾਂ ਦਾ ਫਰੀ ਮੈਡੀਕਲ ਕੈਂਪ ਲਗਾਈਆ ਜਾਣਾ ਹੈ, ਜਿਸ ਵਿੱਚ ਅੱਖਾਂ ਦੇ ਫਰੀ ਓਪਰੇਸ਼ਨ, ਲੈਂਨਸ ਐਨਕਾਂ ਫਰੀ ਦਿਤੀਆਂ ਜਾਣੀਆਂ ਹਨ । ਆਪ ਜੀ ਚਰਨਾਂ ਵਿੱਚ ਬੇਨਤੀ ਹੈ ਆਪ ਆਓ ਅਤੇ ਹੋਰਨਾਂ ਨੂੰ ਲਿਅਓ ।

(ਪੰਨਾ 28 ਦੀ ਬਾਕੀ)

***ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥***
***ਜਹ ਜਹ ਕਾਜ ਕਿਰਤਿ ਸੇਵਕ ਕੀ***
***ਤਹਾ ਤਹਾ ਉਠਿ ਧਾਵੈ ॥੧॥***
***ਸੇਵਕ ਕਉ ਨਿਕਟੀ ਹੋਇ ਦਿਖਾਵੈ ॥***
***ਜੋ ਜੋ ਕਹੈ ਠਾਕੁਰ ਪਹਿ ਸੇਵਕੁ***
***ਤਤਕਾਲ ਹੋਇ ਆਵੈ ॥ ਅੰਗ - ੪੦੩***

'ਤਤਕਾਲ' ਕਹਿੰਦੇ ਨੇ Immediately; ਉਸੇ ਵੇਲੇ ਗੱਲ ਹੋ ਜਾਂਦੀ ਹੈ। ਸਾਹਮਣੇ ਆ ਗਏ ਪ੍ਰਭੂ, ਕਹਿੰਦੇ, "ਪ੍ਰੇਮੀਆਂ! ਕੀ ਗੱਲ ਹੈ?" ਕਹਿੰਦਾ, "ਪਛਾਣਿਆ ਨਹੀਂ। ਇਹ ਚਿੱਠੀ ਲੈ ਕੇ ਜਾਣੀ ਹੈ, ਮੈਨੂੰ ਡਰ ਲਗਦਾ ਹੈ ਕਿ ਕਿਤੇ ਮੇਰੀ ਨਾਮ ਦੀ ਲਿਵ ਨਾ ਟੁੱਟ ਜਾਵੇ।" ਕਹਿੰਦੇ, "ਲਿਆ, ਮੈਂ ਹੁਣੇ ਹੀ ਲਿਆ ਦਿੰਦਾ ਹਾਂ।" ਜਵਾਬ ਲਿਆ ਕੇ ਦੇ ਦਿੱਤਾ ਪੰਜਾਂ ਮਿੰਟਾਂ ਵਿੱਚ, ਤੇ ਕਹਿੰਦਾ, "ਲੈ, ਸੰਤਾਂ ਨੂੰ ਦੇ ਆ।" ਓਥੋਂ ਵਿਦਾ ਹੋ ਕੇ ਆ ਗਿਆ। ਜਦ ਮਹਾਤਮਾ ਕੋਲ ਦੁਬਾਰਾ ਆਇਆ, ਕਹਿੰਦਾ -

"ਮਹਾਰਾਜ! ਮੈਂ ਜਵਾਬ ਲੈ ਆਇਆ ਹਾਂ।"

ਹੈਰਾਨ ਹੁੰਦੇ ਨੇ ਕਿ ਇਹ ਬੰਦਾ ਕਿਹੋ ਜਿਹਾ ਹੈ। ਕਹਿਣ ਲੱਗੇ -

"ਉਹ ਤਾਂ ੪੦ ਮੀਲ ਤੇ ਹੈ?"

"ਹਾਂ ਜੀ, ਉਥੋਂ ਹੀ ਲਿਆਂਦਾ ਹੈ।"

"ਤੂੰ ਗਿਆ ਸੀ?"

"ਨਾ।"

"ਕੌਣ ਲਿਆਇਆ ਹੈ?"

"ਪਰ੍ਹੇ-ਪਰ੍ਹੇ।"

ਹੈਰਾਨ ਹੋ ਗਏ, ਇਹ ਪਰ੍ਹੇ-ਪਰ੍ਹੇ ਕੀ ਕਹਿੰਦਾ ਹੈ। ਫੇਰ ਚਿੱਠੀ ਫੜ ਲਈ, ਸਮਝ ਗਏ ਕਿ ਕੋਈ ਕੌਤਕ ਵਰਤ ਗਿਆ ਹੈ। ਆਪ ਅਰਾਧਨਾ ਵਿੱਚ ਜੁੜ ਗਏ। ਪ੍ਰਭੂ ਨੂੰ ਅਰਾਧਿਆ, ਲੀਨ ਹੋ ਗਏ ਅਤੇ ਪ੍ਰਭੂ ਨੂੰ ਬੇਨਤੀ ਕੀਤੀ -

"ਹੇ ਪ੍ਰਭੂ! ਇਹ ਕੀ ਕੌਤਕ ਹੈ?"

"ਇਹ ਮੈਂ ਹੀ ਜਵਾਬ ਲਿਆ ਕੇ ਦਿੱਤਾ ਹੈ।"

"ਇਹ ਪਰ੍ਹੇ-ਪਰ੍ਹੇ ਕਹਿੰਦਾ ਹੈ।"

"ਬੁਲਾ ਕੇ ਪੁੱਛ ਲੈ।"

ਉਸ ਪ੍ਰੇਮੀ ਨੂੰ ਬੁਲਾ ਲਿਆ ਤੇ ਕਹਿਣ ਲੱਗੇ -

"ਇਹ ਪਰ੍ਹੇ-ਪਰ੍ਹੇ ਕੀ ਹੈ?"

"ਮਹਾਂਪੁਰਸ਼ੋ! ਜਿਹੜਾ ਤੁਸੀਂ ਮੈਨੂੰ ਨਾਮ ਦਿੱਤਾ ਸੀ।"

"ਪਰ੍ਹੇ-ਪਰ੍ਹੇ ਅਸੀਂ ਦਿਤਾ ਸੀ?"

"ਹਾਂ ਜੀ।"

ਖਿਆਲ ਆ ਗਿਆ ਕਿ ਅਸੀਂ ਤਾਂ ਸਹਿਜ ਸੁਭਾਵ 'ਪਰ੍ਹੇ-ਪਰ੍ਹੇ, ਪਰ੍ਹੇ-ਪਰ੍ਹੇ' ਕਿਹਾ ਸੀ। ਉਸ ਵੇਲੇ ਅਰਾਧਨਾ ਕਰੀ, "ਹੇ ਪ੍ਰਭੂ! ਇਹ ਕਿਹੜਾ ਨਾਮ ਹੈ ਤੁਹਾਡਾ?" ਕਹਿੰਦੇ, ਅਸਲੀ ਨਾਮ ਤਾਂ ਮੇਰਾ ਇਹੀ ਹੈ ਕਿਉਂਕਿ ਮੈਨੂੰ 'ਅਪਰੰਪਰ' ਕਹਿੰਦੇ ਨੇ, ਮੈਂ ਪਰ੍ਹੇ ਤੋਂ ਪਰ੍ਹੇ ਹਾਂ - ਤ੍ਰਿਗੁਣ ਮਾਇਆ, ਮਾਇਆ ਦੇ ਸਾਰੇ ਦ੍ਰਿਸ਼ਾਂ, ਤਿੰਨਾਂ ਸਰੀਰਾਂ ਤੋਂ, ਪੰਜਾਂ ਤੱਤਾਂ ਤੋਂ, ਪੰਜਾਂ ਪ੍ਰਾਣਾਂ ਤੋਂ, ਪੰਜੇ ਗਿਆਨ ਇੰਦ੍ਰਿਆਂ ਤੋਂ, ਪੰਜੇ ਕਰਮ ਇੰਦ੍ਰਿਆਂ ਤੋਂ, ਮਨ, ਬੁੱਧ, ਚਿੱਤ, ਅਹੰਭਾਵ, ਜਿਥੇ ਜਾ ਕੇ ਸਾਰੀ ਪ੍ਰਕਿਰਤੀ ਮੁਕਦੀ ਹੈ, ਮਹਾਤਮਾ ਜੀ! ਉਸ ਤੋਂ ਪਰ੍ਹੇ ਮੈਂ ਹਾਂ, ਮੈਥੋਂ ਪਰ੍ਹੇ ਕੁਛ ਨਹੀਂ - ਮੈਂ ਹੀ ਮੈਂ ਹੀ ਹਾਂ। ਸੋ ਇਹਨੇ ਮੇਰਾ ਨਾਉਂ 'ਅਪਰੰਪਰ' ਜਪਿਆ ਹੈ।"

***ਅਪਰੰਪਰ ਪਾਰਬ੍ਰਹਮੁ ਪਰਮੇਸਰੁ***
***ਨਾਨਕ ਗੁਰੁ ਮਿਲਿਆ ਸੋਈ ਜੀਉ ॥***
***ਅੰਗ - ੫੯੯***

ਸੋ ਜੋ ਵੀ ਨਾਮ ਪ੍ਰਾਪਤ ਹੋ ਗਿਆ - ਇਹਦੇ ਵਿੱਚ ਨਾਵਾਂ ਦੀਆਂ ਗਿਣਤੀਆਂ ਮਿਣਤੀਆਂ ਕਰਨੀਆਂ, ਇਹ ਆਦਮੀ ਡਾਵਾਂਡੋਲ ਹੋ ਜਾਇਆ ਕਰਦਾ ਹੈ। ਕਿਸੇ ਨੇ ਕਹਿ ਦਿੱਤਾ ਕਿ ਉਹ ਨਾਮ ਠੀਕ ਹੈ ਜੀ, ਕਿਸੇ ਨੇ ਕਹਿ ਦਿੱਤਾ - ਇਹ ਨਾਮ ਠੀਕ ਹੈ, ਔਹ ਨਾਮ ਜਪੇ ਤੇ ਪਾਰ ਉਤਾਰਾ ਹੋਊ। ਕਿਸੇ ਤੋਂ ਨਹੀਂ ਹੋਣਾ, ਇਹ ਸਾਰੀ ਤੁਹਾਡੀ ਸ਼ਰਧਾ ਭਾਵਨਾ ਹੈ ਤੇ ਤੁਹਾਡੀ ਲਗਨ ਹੈ ਜਿਹਨੇ ਪਾਰ ਲੰਘਾਉਣਾ ਹੈ। ਮਹਾਤਮਾ ਨੇ ਨਾਮ ਦੇਣਾ ਹੈ, ਕ੍ਰਿਪਾ ਕਰਨੀ ਹੈ, ਪਰ ਅਗਲੇ ਪਾਸੇ ਵੀ ਕੋਈ ਚੀਜ਼ ਚਾਹੀਦੀ ਹੈ - ਸਾਂਭਣ ਵਾਸਤੇ। ਰਹਿਤਾਂ ਦੇ ਵਿੱਚ ਪੂਰਾ ਹੋਣਾ ਚਾਹੀਦਾ ਹੈ।

ਸੋ ਮਹਾਰਾਜ ਕਹਿਣ ਲੱਗੇ ਕਿ ਨਾਮ ਤੇ, ਮੰਤਰ ਤੇ - ਜੋ ਗੁਰੂ ਤੋਂ ਮਿਲਿਆ ਹੈ, ਉਸ ਉਤੇ ਵਿਸ਼ਵਾਸ਼ ਹੋਵੇ। ਦੂਸਰਾ ਇਹ ਹੁੰਦਾ ਹੈ ਕਿ ਗੁਰੂ ਦੇ ਬਚਨਾਂ ਤੇ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਜਦ ਤੱਕ ਗੁਰੂ ਦੇ ਬਚਨਾਂ ਤੇ ਵਿਸ਼ਵਾਸ਼ ਨਹੀਂ ਹੈ, ਓਨੀ ਦੇਰ ਤੱਕ ਫਿਲੌਸਫੀਆਂ, ਕਿਤਾਬਾਂ ਪੜ੍ਹ ਕੇ - ਪੜ੍ਹ ਲਓ ਜਿੰਨੀਆਂ ਪੜ੍ਹਨੀਆਂ ਨੇ; ਅਰਥ ਪੜ੍ਹਨੇ ਨੇ ਪੜ੍ਹ ਲਓ; ਜੋ ਕੁਛ ਕਰਨਾ ਹੈ ਕਰ ਲਓ - ਜਦੋਂ ਤੱਕ ਗੁਰੂ ਦਾ ਉਪਦੇਸ਼ ਨਹੀਂ ਕਮਾਇਆ ਜਾਂਦਾ, ਓਨੀਂ ਦੇਰ ਤੱਕ ਪਾਰ ਨਹੀਂ ਲੰਘਦਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਪ੍ਰੀਤਮ ਕੇ ਦੇਸ, ਕੈਸੇ,***
***ਬਾਤਨ ਸੇ ਜਾਈਏ - ੨***
***ਪੂਛਤ ਪਥਿਕ, ਤਿਹ ਮਾਰਗਿ ਨ ਧਾਰੈ ਪਗਿ,***
***ਪ੍ਰੀਤਮ ਕੈ ਦੇਸ ਕੈਸੇ ਬਾਤਨ ਸੇ ਜਾਈਐ॥***
***ਪੂਛਤ ਹੈ ਬੈਦ, ਖਾਤ ਔਖਧਿ ਨ ਸੰਜਮ ਸੈ,***
***ਕੈਸੇ ਮਿਟੈ ਰੋਗ ਸੁਖ ਸਹਜਿ ਸਮਾਈਐ॥***
***ਪੂਛਤਿ ਸੁਹਾਗਨਿ ਹੈ, ਕਰਮਿ ਦੁਹਾਗਨਿ ਕੈ,***
***ਰਿਦੈ ਬਿਭਚਾਰ, ਕਤ ਸਿਹਜਾ ਬੁਲਾਈਐ॥***
***ਗਾਇ ਸੁਨੈ ਆਂਖੇ ਮੀਚੈ ਪਾਈਐ ਨ ਪਰਮ ਪਦੁ,***
***ਗੁਰੁ ਉਪਦੇਸ ਗਹਿ ਜੌ ਲੌ ਨ ਕਮਾਈਐ॥***
***ਭਾਈ ਗੁਰਦਾਸ ਜੀ - ਕਬਿੱਤ - ੪੩੯***

ਸੁਣਦਾ ਤੁਰਿਆ ਜਾਂਦਾ ਹੈ ਗੀਤ। ਗੁਰੂ ਉਪਦੇਸ਼ ਦਿੰਦਾ ਹੈ ਕਿ ਨਿੰਦਿਆ ਨਾ ਕਰੀਂ, ਚੁਗਲੀ ਨਾ ਕਰੀਂ, ਈਰਖਾ ਨਾ ਕਰੀਂ - ਨਾਮ ਨਹੀਂ ਤੈਥੋਂ ਜਪ ਹੋਣਾ। ਪਰ ਇਹ ਕਮਾਉਂਦਾ ਨਹੀਂ ਹੈ। ਸੁਣਦਾ ਹੀ ਸੁਣਦਾ ਤੁਰਿਆ ਜਾਂਦਾ ਹੈ। ਮਹਾਰਾਜ ਕਹਿੰਦੇ, ਇਉਂ ਹੀ ਕੁਛ ਬਣਨਾ, ਪ੍ਰੇਮੀਆਂ! ਤੈਨੂੰ ਤਾਂ ਆਗਿਆ ਮੰਨਣੀ ਪੈਣੀ ਹੈ -

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥***
***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ***
***ਸਤਿ ਸਤਿ ਕਰਿ ਮਾਨੀ ॥ ਅੰਗ - ੬੬੯***

ਗਾਉਂਦੇ ਸੁਣਦੇ ਤਾਂ ਸਾਰੇ ਹੀ ਹਾਂ ਆਪਾਂ, ਪਰ ***'ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ।'*** ਜੇ ਆਗਿਆ ਹੀ ਨਹੀਂ ਮੰਨਣੀ, ਫਿਰ ਤਾਂ ਗੱਲ ਅਗਾਹਾਂ ਚੱਲਦੀ ਨਹੀਂ - ਏਥੇ ਹੀ ਟੁੱਟ ਜਾਂਦੀ ਹੈ। ਅਸੀਂ ਮਨ ਦੇ ਸਿੱਖ ਹਾਂ, ਗੁਰੂ ਦੇ ਸਿੱਖ ਨਹੀਂ, ਤੇ ਮਨ ਦਾ ਸਿੱਖ ਹੋਣ ਕਰਕੇ 'ਮਨਮੁਖ' ਕਹਾਉਂਦੇ ਹਾਂ। ਜੇ ਗੁਰੂ ਦੇ ਹੋਈਏ ਤਾਂ 'ਗੁਰਮੁਖ' ਕਹਾਈਏ। ਫੇਰ ਸ਼ਰਾਬਾਂ ਕਿਉਂ ਪੀਈਏ ਜੇ ਗੁਰੂ ਦੇ ਸਿੱਖ ਹੋਈਏ। ਕੇਸ ਰੱਖਣ ਨਾਲ ਤਾਂ ਸਿੱਖੀ ਨਹੀਂ ਮਿਲਦੀ, ਨਾਓਂ 'ਸਿੰਘ' ਧਰਾ ਕੇ ਸਿੱਖੀ ਨਹੀਂ ਮਿਲਦੀ। ਸਿੱਖੀ ਤਾਂ ਜਿੰਨੀ ਦੇਰ ਤੱਕ ਸਿੱਖ ਕਰਮ ਨਹੀਂ ਕਰਦਾ, ਓਨੀ ਦੇਰ ਤੱਕ ਸਿੱਖ ਕੋਈ ਕਿਵੇਂ ਬਣ ਗਿਆ? ਮਹਾਰਾਜ ਤਾਂ ਕਹਿੰਦੇ ਨੇ ਕਿ -

***ਧਰੈ ਕੇਸ ਪਾਹੁਲ ਬਿਨਾ ਭੇਖੀ ਮੂਰਖ ਸਿੱਖ॥***
***ਮੇਰਾ ਦਰਸ਼ਨ ਨਹੀਂ ਤਿਸ ਪਾਪੀ ਤਯਾਗੇ ਭਿਖ॥***
***ਪੰਨਾ - ੨੮੩ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਉਹ ਤਾਂ ਭੇਖੀ ਹੈ, ਮੂਰਖ ਸਿੱਖ ਹੈ ਜਿਹੜਾ ਰੀਸ ਕਰਦਾ ਹੈ - ਸਿੱਖਾਂ ਦੀ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਦਾ ਉਪਦੇਸ਼ ਕਮਾਉ। ਗੁਰੂ ਇਹ ਕਹਿੰਦਾ ਹੈ -

***ਤਜਿ ਅਭਿਮਾਨੁ ਲੇਹੁ ਮਨ ਮੋਲਿ॥***
***ਰਾਮ ਨਾਮੁ ਹਿਰਦੇ ਮਹਿ ਤੋਲਿ॥ ਅੰਗ - ੨੮੩***

ਪਹਿਲਾਂ ਅਭਿਮਾਨ ਛੱਡ ਦੇ। ਜੇ ਤੇਰੇ ਵਿੱਚ ਅਭਿਮਾਨ ਹੈ, ਨਾਮ ਤੇਰੇ ਹਿਰਦੇ ਵਿੱਚ ਫਲੀਭੂਤ ਨਹੀਂ ਹੋਣਾ। ਅਭਿਮਾਨ ਕਾਹਦਾ ਹੁੰਦਾ ਹੈ। ਛੇ ਕਿਸਮ ਦੇ ਅਭਿਮਾਨ ਨੇ ਮੋਟੇ-ਮੋਟੇ, ਤੇ ਕੋਈ ਨਹੀਂ ਇਨ੍ਹਾਂ ਤੋਂ ਬਚ ਸਕਦਾ; ਇਨ੍ਹਾਂ ਨੂੰ ਮਹਾਰਾਜ ਨੇ 'ਠੱਗ ਕਿਹਾ ਹੈ - 'ਠੱਗ' ਤੇ ਸਾਨੂੰ warning (ਚਿਤਾਵਨੀ) ਦਿੰਦੇ ਨੇ -

***ਧਾਰਨਾ - ਫਿਰਦੇ ਠਗਵਾੜੇ ਓਇ,***
***ਵੇਖੀਂ ਨ ਠੱਗਿਆ ਜਾਵੀਂ - ੨, ੨.***

ਮਹਾਰਾਜ ਕਹਿੰਦੇ, ਪੰਜ ਠੱਗ ਤੇਰੇ ਅੰਦਰ ਤੁਰੇ ਫਿਰਦੇ ਨੇ -

***ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥***
***ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥***
***ਅੰਗ - ੧੨੮੮***

ਕਹਿੰਦੇ, ਕੋਈ ਨਹੀਂ ਬਚਿਆ ਇਨ੍ਹਾਂ ਤੋਂ, ਸਾਰਿਆਂ ਨੂੰ ਠੱਗ ਦਿਤਾ ਇਨ੍ਹਾਂ ਨੇ। ਇਕ-ਇਕ ਦੇ ਵਿੱਚ ਕਿੰਨੀ-ਕਿੰਨੀ ਤਾਕਤ ਹੈ।

ਬਾਬਾ ਫਰੀਦ ਜੀ ਤੁਰੇ ਜਾ ਰਹੇ ਨੇ ਤੇ ਜਾਂਦੇ-ਜਾਂਦੇ ਇੱਕ ਚੀਕ ਸੁਣੀ - ਆਪ ਨੇ। ਆਪ ਦਾ ਇੱਕ ਕਦਮ ਅੱਗੇ ਨਾ ਉਠ ਸਕਿਆ; ਬੜੀ ਦਰਦਨਾਕ ਚੀਕ ਸੁਣਾਈ ਦਿਤੀ। ਆਪ ਖੜ੍ਹੇ ਹੋ ਗਏ ਦਰਵਾਜ਼ੇ ਦੇ ਕੋਲ ਜਾ ਕੇ - ਦਰਵਾਜ਼ਾ ਅੰਦਰੋਂ ਬੰਦ ਹੈ। ਦਸਤਕ ਦਿੱਤੀ, ਕਾਫੀ ਸਮੇਂ ਤੋਂ ਬਾਅਦ ਦਰਵਾਜ਼ਾ ਖੁੱਲ੍ਹਿਆ। ਕੀ ਦੇਖਦੇ ਨੇ ਕਿ ਇਕ ਬੀਬੀ; ਨੇਤਰ ਲਾਲ ਹੋਏ ਪਏ ਨੇ, ਚਿਹਰੇ ਦਾ ਰੰਗ ਬਦਲਿਆ ਪਿਆ ਹੈ, ਤੇ ਹੱਥ ਵਿੱਚ ਹੰਟਰ ਹੈ। "ਬੇਟੀ! ਕੀ ਗੱਲ ਹੈ? ਏਥੇ ਕੌਣ ਹੈ ਐਨੇ ਦਰਦ ਦੇ ਅੰਦਰ ਜਿਹਨੇ ਚੀਕ ਮਾਰੀ ਹੈ। ਸਾਥੋਂ ਸਹਿ ਨਹੀਂ ਹੋਈ।" ਕਹਿਣ ਲੱਗੀ, "ਦਰਵੇਸ਼ ਸਾਈਂ! ਇਹ ਗ੍ਰਿਹਸਤੀਆਂ ਦੇ ਘਰ ਨੇ। ਤੁਸੀਂ ਕੀ ਲੈਣਾ ਹੈ? ਤੁਸੀਂ ਜਾ ਕੇ 'ਅੱਲਾ-ਅੱਲਾ' ਕਰੋ, ਤਸਬੀ ਫੇਰੋ; ਇਨ੍ਹਾਂ ਗੱਲਾਂ ਵਿੱਚ ਪੈਣ ਦੀ ਲੋੜ ਨਹੀਂ।"

ਕਹਿੰਦੇ, "ਬੇਟਾ! ਕੋਈ ਦੁੱਖ ਹੋਵੇ ਤਾਂ ਨਿਵਾਰਿਆ ਜਾ ਸਕਦਾ ਹੈ, ਕੋਈ ਵਿਘਨ ਹੋਵੇ ਤਾਂ ਕੱਟਿਆ ਜਾ ਸਕਦਾ ਹੈ - ਦੱਸ ਤਾਂ ਸਹੀ?"

ਕਹਿਣ ਲੱਗੀ, "ਬਾਬਾ ਜੀ! ਤੂੰ ਇੱਕ ਵੇਸਵਾ ਦੇ ਘਰ ਅੱਗੇ ਖੜ੍ਹਾ ਹੈਂ। ਏਥੇ ਹੁਸਨ ਦਾ ਸੌਦਾ ਹੁੰਦਾ ਹੈ ਤੇ ਤੂੰ ਸਾਧ ਸੰਤ ਹੈਂ, ਤੇਰਾ ਏਥੇ ਖੜ੍ਹਨਾ ਹੀ ਤੈਨੂੰ ਕਲੰਕਤ ਕਰਦਾ ਹੈ।" "ਬੇਟੀ! ਦੱਸ ਤਾਂ ਸਹੀਂ, ਗੱਲ ਕੀ ਐ?"

ਕਹਿੰਦੀ, "ਕੀ ਗੱਲ ਹੋਣੀ ਐਂ, ਇਹ ਅਸੀਂ ਕੱਜਲਾ ਪਾਉਂਦੇ ਹਾਂ ਤਾਂ ਕਿ ਸੁਹਣਾ ਲੱਗੀਏ ਤੇ ਗਾਹਕ ਦਾ ਮਨ ਟਿਕੇ। ਇਹ ਮੇਰੀ ਗੋਲੀ ਨੇ ਕੱਜਲਾ ਰਗੜਿਆ ਹੈ, ਸੁਰਮਾ ਰਗੜਿਆ ਹੈ; ਮੋਟਾ ਰਹਿ ਗਿਆ ਥੋੜ੍ਹਾ। ਇਹ ਮੈਂ ਪਾਇਆ ਤੇ ਜਿਹੜੀ ਮੈਂ ਧਾਰ ਬਣਾਈ ਸੀ - ਨੇਤਰਾਂ ਦੇ ਅੰਦਰ, ਉਹ ਪਾਣੀ ਬਹਿ ਕੇ ਫਿੱਕੀ ਪੈ ਗਈ। ਇਸ ਕਰਕੇ ਮੱਤ ਦੇਣ ਵਾਸਤੇ ਹੰਟਰ ਨਾਲ ਇਹਨੂੰ ਮੈਂ ਕੁੱਟ ਰਹੀ ਸੀ।"

ਫਰੀਦ ਜੀ ਕਹਿਣ ਲੱਗੇ ਕਿ ਬੇਟੀ! ਇਹ ਸਰੀਰ ਤਾਂ ਰਿਹਾ ਨਹੀਂ ਕਰਦਾ, ਕਿਉਂਕਿ ਇਹਦੀਆਂ ਤਿੰਨ ਅਵਸਥਾ ਨੇ -

***ਬਾਲ ਜੁਆਨੀ ਅਰੁ ਬਿਰਧਿ***
***ਫੁਨਿ ਤੀਨਿ ਅਵਸਥਾ ਜਾਨਿ ॥ ਅੰਗ - ੧੪੨੮***

ਪਹਿਲੀ ਬਚਪਨ ਹੁੰਦਾ ਹੈ। ਬਚਪਨ ਨੂੰ ਜੁਆਨੀ ਖਾ ਜਾਂਦੀ ਹੈ, ਨਾਂ-ਨਿਸ਼ਾਨ ਨਹੀਂ ਬਚਪਨ ਦਾ ਰਹਿੰਦਾ; ਜੁਆਨੀ ਨੂੰ ਆ ਕੇ ਬੁਢੇਪਾ ਖਾ ਜਾਂਦਾ ਹੈ। ਬੰਦਾ ਲੋਚਦਾ ਹੈ ਕਿ ਮੁੜ ਕੇ ਜੁਆਨ ਹੋ ਜਾਵਾਂ, ਕਿਹੜੇ ਵਿਟਾਮਿਨ ਖਾਂਵਾਂ, ਕਿਹੜਾ ਰੰਗ ਬਾਜ਼ਾਰ 'ਚੋਂ ਖਰੀਦ ਕੇ ਦਾੜ੍ਹੀ ਨੂੰ ਲਾਵਾਂ, ਕਿਹੜਾ ਰੰਗ ਸਿਰ ਨੂੰ ਲਾਵਾਂ - ਧੌਲੇ ਨ ਨਜ਼ਰ ਆਉਣ। ਨਹੀਂ ਆਉਂਦੀ ਜੁਆਨੀ ਮੁੜ ਕੇ - ਇਕੋ ਵਾਰੀ ਆਉਂਦੀ ਹੈ। ਜੁਆਨੀ ਤੇ ਮਾਪੇ ਦੁਬਾਰਾ ਨਹੀਂ ਮਿਲਿਆ ਕਰਦੇ। ਲੰਘ ਗਈ ਸੋ ਲੰਘ ਗਈ। ਗੁਰੂ ਮਹਾਰਾਜ ਕਹਿੰਦੇ, ਇਹਦਾ ਕਾਹਦਾ ਮਾਣ ਹੈ। ਇਹ ਸਰੀਰ ਤਾਂ - 'ਇਤਨਾ ਕੁ ਲਾਗੈ ਠਨਕਾ' - ਐਨਾ ਵੀ ਨਹੀਂ ਸਹਿ ਸਕਦਾ। ਹੁਣ ਇਹਦੇ ਵਿਚ ਹੈ ਕੀ? ਕਿਹੜੇ ਭੁਲੇਖੇ ਦੇ ਵਿੱਚ ਪੈ ਗਈ ਬੀਬੀ ਤੂੰ?

***ਬਿਸਟਾ ਅਸਤ ਰਕਤੁ ਪਰੇਟੇ ਚਾਮ ॥***
***ਇਸੁ ਊਪਰਿ ਲੇ ਰਾਖਿਓ ਗੁਮਾਨ ॥ ਅੰਗ - ੩੭੪***

ਦੇਹ ਅਧਿਆਸ ਹੋ ਗਿਆ। ਇਹ ਤਾਂ ਇਕ ਪਤਲੇ ਜਿਹੇ

ਪਲਾਸਟਕ ਦੀ ਤਹਿ ਦੇ ਵਿਚ ਵਿਸ਼ਟਾ ਪਿਆ ਹੈ, ਮੂਤਰ ਪਿਆ ਹੈ, ਮੈਲ ਪਈ ਐ। ਸਾਢੇ ਤਿੰਨ ਕਰੋੜ ਰੋਮ ਹੈ, ਜਿਨ੍ਹਾਂ ਵਿਚੋਂ ਹਰ ਵਕਤ ਮੈਲ ਨਿਕਲਦੀ ਹੈ। ਇਹਦੀ ਸੁਹੱਪਣ ਕਾਹਦੀ ਹੈ, ਇਹਨੇ ਹੀ ਠੱਗ ਲਿਆ ਤੈਨੂੰ - ਠੱਗ ਨੇ। ਜੋਬਨ ਵਾਲੇ ਠੱਗ ਨੇ ਠੱਗ ਲਿਆ ਤੈਨੂੰ। ਇਹ ਜੋਬਨ ਸਦਾ ਨਹੀਂ ਕਾਇਮ ਰਹਿਣਾ - ਇਹ ਲੰਘ ਜਾਂਦਾ ਹੈ।

ਵੇਸਵਾ ਕਹਿਣ ਲੱਗੀ, "ਬਾਬਾ! ਤੂੰ ਆਪਣੇ ਪੈ। ਇਹ ਉਪਦੇਸ਼ ਕਿਸੇ ਸਤਿਸੰਗੀ ਨੂੰ ਦੇਈਂ, ਇਹ ਮੈਨੂੰ ਨਹੀਂ ਭਾਉਂਦਾ ਕਿਉਂਕਿ ਜਿਥੇ ਤੂੰ ਖੜ੍ਹਾ ਹੈਂ, ਇਹ ਉਪਦੇਸ਼ ਲੈਣ ਵਾਲੀ ਥਾਂ ਨਹੀਂ ਹੈ, ਇਹ ਤਾਂ ਪੈਸਿਆਂ ਦਾ ਥਾਂ ਹੈ - ਪੈਸੇ ਲੈਣੇ ਨੇ ਮੈਂ, ਪੈਸੇ ਕਮਾਉਣੇ ਨੇ, ਗੁਜ਼ਾਰਾ ਮੇਰਾ, ਤਾਂ ਹੋਣਾ ਹੈ। ਜਾਓ ਤੁਸੀਂ, ਆਪਣੀ ਦਰਵੇਸ਼ੀ ਕਿਤੇ ਹੋਰ ਦਿਖਾਓ।"

ਬਾਬਾ ਫਰੀਦ ਜੀ ਤੁਰ ਗਏ। ਸਮਾਂ ਲੰਘਦਾ ਗਿਆ। ਅੱਜ ਬਹੁਤ ਸਾਰੇ ਮੁਰੀਦਾਂ ਦੇ ਨਾਲ ਤੁਰੇ ਆ ਰਹੇ ਨੇ। ਝਾੜ ਨੇ - ਕਬਰਸਤਾਨ ਦੇ ਅੰਦਰ; ਇਕ ਸੰਘਣਾ ਝਾੜ ਹੈ - ਥੋੜ੍ਹਾ ਉੱਚਾ ਹੈ। ਕੀ ਦੇਖਦੇ ਨੇ - ਉਹਦੇ ਉਪਰ ਇਕ ਖੋਪੜੀ ਪਈ ਹੈ ਤੇ ਅੱਖਾਂ ਦੇ ਵਿਚੋਂ ਛੋਟੇ-ਛੋਟੇ ਬੱਚੇ ਚੁੰਝਾਂ ਕੱਢ-ਕੱਢ ਕੇ ਦੇਖ ਰਹੇ ਨੇ - ਆਲ੍ਹਣਾ ਬਣਾਇਆ ਹੋਇਆ ਹੈ ਵਿਚ। ਜਿਹੋ ਜਿਹਾ ਬਈਏ ਚਿੜੀ ਦਾ ਆਲ੍ਹਣਾ ਹੁੰਦਾ ਹੈ, ਉਹੋ ਜਿਹਾਂ ਆਲ੍ਹਣਾ ਬਣਿਆ ਹੋਇਆ ਹੈ। ਉਸੇ ਵੇਲੇ ਅੰਤਰ ਧਿਆਨ ਹੋ ਗਏ, ਵਾਚਿਆ ਭੂਤਕਾਲ ਕਿ ਕੌਣ ਹੈ? ਦੇਖਿਆ, ਤਾਂ ਉਹ ਹੰਟਰ ਵਾਲੀ ਬੀਬੀ ਸਾਮ੍ਹਣੇ ਖੜ੍ਹੀ ਹੈ। ਹੁਸਨ ਦੀ ਤਾਰੀਫ ਕਰ ਰਹੀ ਹੈ, ਉਹਨੂੰ ਕਾਇਮ ਰੱਖਣਾ ਚਾਹੁੰਦੀ ਹੈ। ਬਜਦ ਵਿੱਚ ਆ ਗਏ। ਉਸ ਵੇਲੇ ਬਜਦ ਵਿੱਚ ਆ ਕੇ ਆਪ ਦੇ ਮੁੱਖ ਤੋਂ ਇਸ ਤਰ੍ਹਾਂ ਫੁਰਮਾਨ ਹੋਇਆ -

***ਧਾਰਨਾ - ਜਿਹੜੀਆਂ ਕੱਜਲ ਰੇਖ ਨ ਸੀ ਸਹਿੰਦੀਆਂ,***
***ਪੰਛੀਆਂ ਨੇ ਪਾ ਲਏ ਆਲ੍ਹਣੇ।***
***ਫਰੀਦਾ ਜਿਨ੍ਹ ਲੋਇਣ ਜਗੁ ਮੋਹਿਆ***
***ਸੇ ਲੋਇਣ ਮੈ ਡਿਠੁ ॥***
***ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥***
***ਅੰਗ - ੧੩੭੮***

ਮੁਰੀਦ ਕਹਿਣ ਲੱਗੇ, "ਮੁਰਸ਼ਦ! ਇਹ ਸਿਜਦਾ ਕਿਸ ਵਾਸਤੇ ਆਪ ਨੇ ਕੀਤਾ?" ਕਹਿਣ ਲੱਗੇ, "ਪ੍ਰੇਮੀਓ! ਇੱਕ ਦਿਨ ਅਸੀਂ ਆ ਰਹੇ ਸੀ। ਇਹ ਬੀਬੀ, ਆਪਣੀ ਇੱਕ ਨੌਕਰਾਣੀ ਨੂੰ ਇਸ ਵਾਸਤੇ ਬੇ-ਰਹਿਮੀ ਨਾਲ ਕੁੱਟ ਰਹੀ ਸੀ ਕਿ ਮੇਰੀ ਕੱਜਲ ਦੀ ਰੇਖ ਖਰਾਬ ਹੋ ਗਈ, ਪਾਣੀ ਨਿਕਲ ਆਇਆ ਮੇਰੀਆਂ ਅੱਖਾਂ ਵਿਚੋਂ - ਸੁਰਮੇ ਦੀ ਧਾਰ ਖਰਾਬ ਹੋ ਗਈ। ਅਸੀਂ ਅੱਲਾ ਤਾਲਾ ਦੀ, ਬੇਅੰਤ ਕੁਦਰਤ ਨੂੰ ਦੇਖ ਕੇ ਸਿਜਦਾ ਕਰ ਰਹੇ ਹਾਂ। ਹੇ ਅੱਲਾ ਤਾਲਾ! ਉਹੀ ਖੋਪੜੀ ਹੈ ਤੇ ਅੱਜ ਕੀ ਹੋਇਆ ਕਿ ਇਹਦੇ ਵਿੱਚ ਪੰਛੀਆਂ ਨੇ ਆਲ੍ਹਣੇ ਪਾਏ ਹੋਏ ਨੇ; ਛੋਟੇ-ਛੋਟੇ ਬੱਚੇ ਅੱਖਾਂ ਵਿਚੋਂ ਚੁੰਝਾਂ ਕੱਢ-ਕੱਢ ਝਾਕ ਰਹੇ ਨੇ।"

ਇਹ ਜੋਬਨ ਦਾ ਅਖੀਰ ਹੋਇਆ ਕਰਦਾ ਹੈ। ਫਰੀਦ ਜੀ ਕਹਿੰਦੇ ਨੇ ਕਿ -

***ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥***
***ਅੰਗ - ੧੩੭੯***

ਮੈਂ ਨਹੀਂ ਡਰਦਾ, ਜੇ ਮੇਰੀ ਪਿਆਰੇ ਨਾਲੋਂ ਪ੍ਰੀਤ ਨਾ ਜਾਵੇ, ਜੋਬਨ ਜਾਂਦਾ ਹੈ ਜਾਣ ਦੇ -

***ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ***
***ਸੁਕਿ ਗਏ ਕੁਮਲਾਇ ॥ ਅੰਗ - ੧੩੭੯***

ਕਿੰਨੇ ਹੀ ਜੋਬਨ ਸੁੱਕ ਗਏ। ਪ੍ਰੀਤ ਤਾਂ ਸੁੱਕਿਆ ਨਹੀਂ ਕਰਦੀ, ਪ੍ਰੀਤ ਸਦਾ ਰਿਹਾ ਕਰਦੀ ਹੈ। ਸੋ, 'ਠੱਗ' ਹੈ - ਇਹ ਵੀ।

***ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥***
***ਅੰਗ - ੧੨੮੮***

ਜਾਤ ਵੀ ਠੱਗ ਹੈ, ਪੈਸਾ-ਟਕਾ ਵੀ ਠੱਗ ਹੈ, ਆਦਮੀ ਨੂੰ ਪੋਲੂਟਏ (ਮਲੀਨ) ਕਰ ਦਿੰਦਾ ਹੈ। ਬਹੁਤਾ ਪੈਸਾ ਬੈਂਕ ਵਿੱਚ ਜਮ੍ਹਾਂ ਹੈ, ਕਿਸੇ ਨਾਲ ਗੱਲ ਹੀ ਨਹੀਂ ਕਰਦਾ।

ਗੁਰੂ ਮਹਾਰਾਜ ਇੱਕ ਬਹੁਤ ਵੱਡੇ ਧਨੀ ਕੋਲ ਚਲੇ ਗਏ ਜਿਸ ਨੇ ਆਪਣਾ ਉਦੇਸ਼ ਪੈਸਾ ਜੋੜਨਾ ਹੀ ਰੱਖਿਆ ਸੀ। ਓਥੇ ਜਾ ਕੇ ਰਾਜ ਦੇ ਵਿੱਚ ਹਾਲ ਦੇਖਿਆ ਤੇ ਲੋਕਾਂ ਤੋਂ ਪੁੱਛਣ ਲੱਗੇ-

"ਇਹ ਕਿਸ ਦਾ ਰਾਜ ਹੈ?"

ਕਾਰੂੰ ਦਾ ਰਾਜ ਹੈ - ਕਾਰੂੰ ਬਾਦਸ਼ਾਹ ਦਾ।"

"ਐਨੂ ਖਸਤਾ ਹਾਲਤ ਕਿਉਂ ਹੈ?"

ਇਹ ਦਾਰਸ ਦੀ ਬਾਤ ਹੈ - ਇਰਾਨ ਦੀ। ਕਹਿੰਦੇ, ਮਹਾਰਾਜ! ਕੋਈ ਵੀ ਸਿੱਕਾ ਸਰਕੂਲੇਸ਼ਨ ਵਿਚ ਨਹੀਂ ਆਉਂਦਾ ਤੇ ਐਨੀ ਮਾੜੀ ਗੱਲ ਹੈ ਕਿ ਬਹੁਤ ਬੇ-ਰਹਿਮ ਬਾਦਸ਼ਾਹ ਹੈ। ਇਕ ਵਾਰ ਇਹਦੇ ਅਮੀਰਾਂ ਵਜੀਰਾਂ ਨੇ ਇਹ ਗੱਲ ਕਹੀ ਕਿ ਅਸੀਂ ਸਿੱਕਾ ਸਾਰਾ ਖੋਹ ਲਿਆ ਹੈ ਪਬਲਿਕ ਤੋਂ, ਹੁਣ ਕਿਸੇ ਦੇ ਪਾਸ ਨਹੀਂ ਹੈ। ਬਾਦਸ਼ਾਹ ਕਹਿਣ ਲੱਗਿਆ, ਨਹੀਂ ਹੈਗਾ। ਇਨ੍ਹਾਂ ਨੇ ਇੱਕ ਬਹੁਤ ਖੂਬਸੂਰਤ ਵੇਰਵਾ ਇਕ ਰੁਪਏ ਤੋਂ ਵੇਚਣੀ ਕਰਕੇ ਬਾਜ਼ਾਰ ਵਿੱਚ ਢੰਡੋਰਾ ਫਿਰਾ ਦਿੱਤਾ। ਇੱਕ ਨੌ-ਜਵਾਨ ਬੱਚਾ ਮਾਂ ਦੇ ਕੋਲ ਆਇਆ ਤੇ ਕਹਿਣ ਲੱਗਾ -

"ਮਾਤਾ! ਮੈਂ ਇੱਕ ਔਰਤ ਖਰੀਦਣੀ ਹੈ।"

"ਬੇਟਾ! ਪੈਸਾ ਤਾਂ ਕੋਈ ਹੈ ਨਹੀਂ।"

"ਇੱਕ ਰੁਪਿਆ ਦੇਹ, ਨਹੀਂ ਤਾਂ ਮੈਂ ਮਰ ਜਾਊਂਗਾ।"

"ਬੇਟਾ! ਉਹ ਗੱਲ ਤੂੰ ਕਰਾਉਣ ਲੱਗਿਆ -

"ਦਰਵੇਸ਼ ਸਾਂਈਂ! ਇਹ ਕਿਸ ਤਰ੍ਹਾਂ ਨਾਲ ਚਲੀ ਜਾਏਗੀ, ਜਦ ਸਰੀਰ ਹੀ ਨਹੀਂ ਨਾਲ ਜਾਂਦਾ?"

"ਕਾਰੂੰ! ਜਿਥੇ ੪੦ ਗੰਜ ਤੇਰੇ ਜੋੜੇ ਹੋਏ ਜਾਣਗੇ, ਉਥੇ ਨਾਲ ਇਹ ਵੀ ਰੱਖ ਲਈਂ। ਇਹ ਨਹੀਂ ਜਾਊ ਥੋੜ੍ਹੀ ਜਿਹੀ ਚੀਜ਼?"

ਨੇਤਰ ਖੋਲ੍ਹ ਦਿਤੇ ਤੇ ਮਹਾਰਾਜ ਕਹਿੰਦੇ -

***ਕੀਚੈ ਨੇਕਨਾਮੀ ਜੋ ਦੇਵੈ ਖੁਦਾਇ॥***
***ਜੋ ਦੀਸੈ ਜਿਮੀਂ ਪਰ ਸੁ ਹੋਸੀ ਫਨਾਇ॥***
***ਦਾਯਮ ਨ ਦੌਲਤ ਕਸੇ ਬੇਸ਼ੁਮਾਰ॥***
***ਨ ਰਹਿੰਗੇ ਕਰੋੜੀ ਨ ਰਹਿੰਗੇ ਹਜ਼ਾਰ॥***

*ਦਮੜਾ ਤਿਸੀ ਕਾ ਜੋ ਖਰਚੈ ਅਰ ਖਾਇ॥*
*ਦੇਵੈ ਦਿਲਾਵੈ ਰਜਾਵੈ ਖੁਦਾਇ॥*
*ਹੋਤਾ ਨ ਰਾਖੈ ਅਕੇਲਾ ਨ ਖਾਇ॥*
*ਤਹਕੀਕ ਦਿਲ ਦਾਨੀ ਵਹੀ ਭਿਸਤ ਜਾਇ॥*

*ਨਸੀਹਤਨਾਮਾ*

ਮਹਾਰਾਜ ਕਹਿੰਦੇ, "ਉਲਟ ਰਸਤੇ ਵਿੱਚ ਪਿਆ ਹੋਇਆ ਹੈਂ ਤੇ ਪਰਜਾ ਦੀ ਤੂੰ ਸੰਭਾਲ ਨਹੀਂ ਕਰਦਾ। ਪਰਜਾ ਤੇਰੀ ਨੂੰ ਚੋਰ, ਡਾਕੂ ਲੁੱਟ ਰਹੇ ਨੇ; ਕੱਪੜਾ ਉਨ੍ਹਾਂ ਕੋਲ ਨਹੀਂ ਹੈ, ਕੁਛ ਵੀ ਨਹੀਂ ਹੈ।"

ਸੋ, ਧਨ ਹੋ ਜੇ, ਸਾਧ ਸੰਗਤਿ ਜੀ! ਇਸ ਤਰ੍ਹਾਂ ਦੇ ਨਾਲ ਸਾਰੀ ਜ਼ਿੰਦਗੀ ਆਦਮੀ - ਕੀ ਛੋਟਾ, ਕੀ ਵੱਡਾ - ਧਨ ਦੇ ਪਿੱਛੇ ਬਰਬਾਦ ਕਰ ਦਿੰਦਾ ਹੈ -

*ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ॥*
*ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥*
*ਅੰਗ - ੧੩੬੫*

ਲੱਖ ਕ੍ਰੋੜ ਕਹਿੰਦੇ ਨੇ - ੧੦੦ ਖਰਬ ਰੁਪਿਆ। ਐਨੇ ਵਾਲੇ ਵੀ ਜਦੋਂ ਸੰਸਾਰ ਤੋਂ ਜਾਂਦੇ ਨੇ, ਨੰਗੇ ਪੈਰੀਂ ਤੇ ਖਾਲੀ ਹੱਥ ਜਾਂਦੇ ਨੇ। ਫੇਰ ਇਹ ਕਿੱਡਾ ਠੱਗ ਹੈ, ਸਾਰੀ ਜ਼ਿੰਦਗੀ ਪਰਮੇਸ਼ਰ ਦਾ ਨਹੀਂ ਲੈਣ ਦਿੰਦਾ।

ਸੋ ਇਸ ਤਰ੍ਹਾਂ ਰਾਜਸੀ ਸ਼ਕਤੀ ਕਿੰਨੀ ਮਾੜੀ ਹੁੰਦੀ ਹੈ। ਇੱਕ ਵਾਰੀ ਆਦਮੀ ਦੇ ਹੱਥ ਵਿੱਚ ਆ ਜਾਵੇ, ਲੱਖ ਬੰਦਾ ਮਾਰਨਾ ਪੈ ਜਾਵੇ - ਮਾਮੂਲੀ ਗੱਲ ਹੈ - ਕੁਰਸੀ ਵਾਸਤੇ ਮਾਰ ਦਿੰਦਾ ਹੈ। ਕ੍ਰੋੜ ਮਾਰਨਾ ਪੈ ਜਾਵੇ, ਕਿੱਡਾ ਹੀ ਵੱਡੇ ਤੋਂ ਵੱਡਾ ਪਾਪ ਕਰਨਾ ਹੈ ਜਾਵੇ, ਕਰ ਦਿੰਦਾ ਹੈ। ਪਿਓ ਨੂੰ ਮਾਰ ਦਿੱਤਾ ਔਰੰਗਜ਼ੇਬ ਨੇ। ਕਿੱਥੇ ਪਿਆ ਹੈ ਪਿਉ? ਪਿਆ ਹੈ ਔਰੰਗਜ਼ੇਬ ਦੀ ਕੈਦ ਵਿੱਚ। ਪਿਆ ਹੈ ਔਰੰਗਜ਼ੇਬ ਦੀ ਕੈਦ ਵਿੱਚ। ਗਰਮੀ ਦਾ ਮਹੀਨਾ ਹੈ ਤੇ ਜਿਹਨੇ ਵੱਡੇ-ਵੱਡੇ ਕੰਮ ਕਰੇ ਨੇ ਤੇ ਰਿਆਇਆ ਦੇ ਅੰਦਰ ਬੇਅੰਤ ਪਰਉਪਕਾਰ ਦੇ ਕੰਮ ਕਰਕੇ ਪਿਆਸਿਆਂ ਨੂੰ ਪਾਣੀ ਦੇ ਵਾਸਤੇ ਖੂਹ ਲਵਾਏ ਤੇ ਅੱਜ ਉਹ ਇਕ ਘੁੱਟ ਦੇ ਵਾਸਤੇ ਤਰਸ ਰਿਹਾ ਤੇ ਕਹਿ ਰਿਹਾ ਹੈ ਕਿ ਤੂੰ ਮੈਨੂੰ ਇੱਕ ਪਿਆਲਾ ਪਾਣੀ ਦਾ ਹੋਰ ਦੇ ਦੇ। ਔਰੰਗਜ਼ੇਬ ਨੇ ਜਵਾਬ ਦਿੱਤਾ, "ਐ ਬਾਦਸ਼ਾਹ! ਤੇਰੇ ਵਾਸਤੇ ਹੋਰ ਪਾਣੀ ਨਹੀਂ ਹੈ। ਤੂੰ ਜਿਹੜੀ ਸਿਆਹੀ ਦੇ ਨਾਲ ਚਿੱਠੀ ਲਿਖ ਰਿਹਾ ਹੈਂ, ਇਸਦੇ ਸੂਫ ਨੂੰ ਚੂਸ ਲੈ ਤਾਂ ਕਿ ਤੇਰੀ ਪਿਆਸ ਬੁਝ ਜਾਵੇ।" ਕਿੱਡਾ ਵੱਡਾ ਜ਼ੁਲਮ ਹੈ - ਇਕ ਪਾਣੀ ਦਾ ਪਿਆਲਾ ਨਹੀਂ ਦੇ ਸਕਿਆ। ਭਰਾ ਨੂੰ ਕਤਲ ਕਰਾ ਦਿਤਾ, ਦੂਜੇ ਭਰਾ ਦੀਆਂ ਅੱਖਾਂ ਕਢਾ ਦਿਤੀਆਂ, ਕਿੰਨੇ ਪੀਰ ਮਾਰ ਦਿੱਤੇ, ਕਿੰਨੇ ਸਾਧੂਆਂ ਦਾ ਖੂਨ ਕਰ ਦਿਤਾ, ਦੂਜੇ ਭਰਾ ਦੀਆਂ ਅੱਖਾਂ ਕਢਾ ਦਿਤੀਆਂ, ਕਿੰਨੇ ਪੀਰ ਮਾਰ ਦਿਤੇ, ਕਿੰਨੇ ਸਾਧੂਆਂ ਦਾ ਖੂਨ ਕਰ ਦਿਤਾ। ਅਖੀਰ ਜਦ ਅੰਤ ਸਮਾਂ ਆਇਆ, ਡਰ ਰਿਹਾ; ਪੰਧਨਾਮਾ ਲਿਖ ਰਿਹਾ ਹੈ; ਪੁੱਤਰਾਂ ਨੂੰ ਚਿੱਠੀ ਲਿਖ ਰਿਹਾ ਹੈ ਕਿ ਐ ਪੁਤਰੋ! ਮੈਂ ਜ਼ਿੰਦਗੀ ਦੇ ਅੰਦਰ ਪਾਪ ਹੀ ਪਾਪ ਕੀਤੇ ਨੇ ਤੇ ਮੈਂ ਇਬਾਦਤ ਨਹੀਂ ਕੀਤੀ। ਬੜਾ ਭੁਲੇਖਾ ਮੈਂ ਖਾਧਾ, ਮੈਂ ਛਲ ਦੇ ਨਾਲ ਦੁਨੀਆਂ ਦੇ ਵਿੱਚ ਨੇਕ ਬੰਦਾ ਕਹਾਉਂਦਾ ਰਿਹਾ। ਹੁਣ ਮੇਰਾ ਕੀ ਹਾਲ ਹੋਵੇਗਾ ਜਦੋਂ ਦਰਗਾਹ ਵਿੱਚ ਜਾਵਾਂਗਾ? ਮੇਰੀ ਜ਼ਮੀਰ ਮੇਰੇ ਤੇ ਲਾਹਨਤਾਂ ਪਾ ਰਹੀ ਹੈ। ਕਿੱਡਾ ਭੁਲੇਖਾ ਦਿਤਾ ਰਾਜਸੀ ਸ਼ਕਤੀ ਨੇ - ਖਾਲੀ ਹੱਥੀਂ ਚਲਿਆ ਗਿਆ।

ਸੋ ਇਸ ਤਰ੍ਹਾਂ ਦੇ ਨਾਲ ਮਾਹਰਾਜ ਕਹਿਣ ਲੱਗੇ ਕਿ ਇਹ ਮਾਣ ਜਿਹੜਾ ਹੈ, ਇਹ ਸਭ ਤੋਂ ਵੱਡੀ ਰੁਕਾਵਟ ਹੈ - ਭਜਨ ਦੇ ਰਸਤੇ ਵਿੱਚ। ਜਿਸ ਸੇ ਅੰਦਰ ਵੀ ਮਾਣ ਹੈ, ਉਹ ਭਜਨ ਦੇ ਰਸਤੇ ਨਹੀਂ ਚਲ ਸਕਦਾ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਤੇਰਾ ਮਾਣ, ਤੇਰਾ ਮਾਣ, ਤੇਰਾ ਮਾਣ ਓ,*
*ਗੁਰਾਂ ਨੂੰ ਨਾ ਭਾਵੇ ਭਾਈ, ਤੇਰਾ ਮਾਣ ਓ -੨, ੩.*

ਰੱਬ ਨੂੰ ਜੇ ਕੋਈ ਚੀਜ਼ ਨਹੀਂ ਭਾਉਂਦੀ -

*ਹਰਿ ਜੀਉ ਅਹੰਕਾਰੁ ਨ ਭਾਵਈ*
*ਵੇਦ ਕੂਕਿ ਸੁਣਾਵਹਿ॥ ਅੰਗ - ੧੦੮੯*

ਮਹਾਰਾਜ ਕਹਿੰਦੇ, ਜਿੰਨੇ ਧਰਮ ਗ੍ਰੰਥ ਨੇ, ਜਿੰਨੇ ਮਹਾਂਪੁਰਸ਼ ਨੇ, ਉਹ ਇੱਕੋ ਗੱਲ ਕਹਿੰਦੇ ਨੇ ਕਿ ਰੱਬ ਨੂੰ ਜੇ ਕੋਈ ਚੀਜ਼ ਨਹੀਂ ਭਾਉਂਦੀ - ਤਾਂ ਉਹ ਮਾਣ ਹੋਇਆ ਕਰਦਾ ਹੈ। ਸਾਧ ਸੰਗਤ ਜੀ! ਮਾਣ ਹੀ ਪ੍ਰਮੇਸ਼ਰ ਦੇ ਮਿਲਾਪ ਦੇ ਅੰਦਰ ਰੁਕਾਵਟ ਹੈ। ਮਾਣ ਛੱਡ ਕੇ ਹੀ ਨਾਮ ਮਿਲਦਾ ਹੈ -

*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥ ਅੰਗ - ੨੮੩*

ਨਾਮ ਨਹੀਂ ਮਿਲਦਾ, ਜੇ ਅਭਿਮਾਨੀ ਹੈ ਤਾਂ। ਅਭਿਮਾਨ ਦੀ ਦੂਜੀ ਸ਼ਕਲ 'ਹਉਮੈ' ਹੁੰਦੀ ਹੈ, ਈਗੋ ਹੁੰਦੀ ਹੈ ਜਿਹਨੂੰ 'ਅਹੰਭਾਵ' ਕਹਿੰਦੇ ਨੇ। ਇਹ 'ਮੈਂ' ਤੇ 'ਅਭਿਮਾਨ' ਨੇ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥ ਅੰਗ - ੧੨੬੩*
*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ*
*ਬਿਨੁ ਪੇਖੇ ਦੂਰਾਇਓ ॥ ਅੰਗ - ੬੨੪*

ਜੇ ਵਾਹਿਗੁਰੂ ਦੇ ਨਾਲ ਸਾਡੇ ਮਿਲਾਪ ਦੇ ਵਿਚ ਕੋਈ ਰੁਕਾਵਟ ਹੈ ਤਾਂ ਉਹ ਸਾਡਾ ਅਭਿਮਾਨ ਹੈ। ਮੋਟਾ ਅਭਿਮਾਨ ਵੀ ਹੁੰਦਾ ਹੈ, ਪਤਲੇ ਤੋਂ ਪਤਲਾ ਅਭਿਮਾਨ ਵੀ ਹੁੰਦਾ ਹੈ।

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਸਾਰੇ ਪ੍ਰੇਮੀ ਅਨੰਦ ਸਾਹਿਬ ਤੇ ਗੁਰ ਸਤੋਤਰ ਵਿਚ ਬੋਲਣ ਦੀ ਖੇਚਲ ਕਰੋ।

ਅਨੰਦ ਸਾਹਿਬ

ਗੁਰ ਸਤੋਤਰ

ਅਰਦਾਸਿ

# ਬਿਜੈ ਸਿੰਘ

***ਭਾਈ ਵੀਰ ਸਿੰਘ ਜੀ***

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ

## ਕਾਂਡ ਨੌਵਾਂ

ਧਰਤੀ ਦੇ ਟੋਇਆਂ ਤੇ ਨਿਵਾਣਾਂ ਵਿੱਚ ਰਹਿਣ ਵਾਲਾ ਨੀਵੀਂ ਜਾਤ ਰੱਖਣ ਵਾਲਾ ਜਲ ਸਮੁੰਦਰ ਵਿੱਚ ਬੈਠਾ ਭਾਵੇਂ ਕਿੱਡਾ ਜਸ ਉੱਦਮ ਤੇ ਬਹਾਦਰੀ ਨਾਲ ਸੂਰਜ ਵੰਨੇ ਘੂਰਦਾ ਹੈ, ਪਰ ਉਸ ਦਾ ਕੁਝ ਨਹੀਂ ਵਿਗਾੜ ਸਕਦਾ। ਸਗੋਂ ਸੂਰਜ ਉਸ ਨੂੰ ਸਮੁੰਦਰ ਤੋਂ ਵਿਛੋੜ ਦਿੰਦਾ ਹੈ। ਇਸ ਗੁੱਸੇ ਵਿੱਚ ਜਲ ਕਦੀ ਅਣਦਿੱਸਦੇ ਰੂਪ ਵਿੱਚ ਸੂਰਜ ਦੀਆਂ ਕਿਰਨਾਂ ਦਾ ਤੇਜ਼ ਘਟਾਉਣਾ ਚਾਹੁੰਦਾ ਹੈ ਕਦੇ ਦਿੱਸਦੇ ਰੂਪ ਧਾਰ ਕੇ (ਬੱਦਲ ਬਣ ਕੇ) ਸੂਰਜ ਦੀ ਧੁੱਪ ਦਾ ਮੂੰਹ ਮੋੜ ਦਿੰਦਾ ਹੈ ਤੇ ਕਦੇ ਸੂਰਜ ਨਾਲ ਮੁੱਠ ਭੇੜ ਕਰਨ ਲਈ ਉੱਚਾ ਚੜ੍ਹਦਾ ਚੜ੍ਹਦਾ ਮੀਂਹ, ਬਰਫ, ਗੜੇ ਬਣ ਕੇ ਡਿੱਗ ਪੈਂਦਾ ਹੈ। ਵਿਚਾਰਾ ਵਤਨ ਦੇ ਵਿਛੋੜੇ ਵਿੱਚ ਸਿਰ ਧੁਨਦਾ ਫਿਰਦਾ ਹੈ। ਸੂਰਜ ਦੀ ਚਲਾਈ ਹੋਈ ਤਿੱਖੀ ਪੌਣ ਉਸ ਨੂੰ ਅੱਗੇ ਲਾਈ ਫਿਰਦੀ ਹੈ। ਜਦ ਕਦੇ ਉਹ ਬੱਦਲ ਬਣ ਕੇ ਪਹਾੜਾਂ ਤੇ ਜਾ ਚੜ੍ਹਦਾ ਹੈ ਤਾਂ ਉਨ੍ਹਾਂ ਦੀਆਂ ਡਰਾਉਣੀਆਂ ਸ਼ਕਲਾਂ; ਭੈਦਾਇਕ ਚੋਟੀਆਂ, ਸਹਿਮ ਦੇਣ ਵਾਲੀਆਂ ਘਾਟੀਗਾਂ ਤੇ ਤ੍ਰਹਕਾ ਦੇਣ ਵਾਲੇ ਸੰਘਣੇ ਬ੍ਰਿਛਾਂ ਦੀਆ ਪੰਕਤੀਆਂ ਤੇ ਮੌਸਮ ਦੀ ਡਾਢੀ ਠੰਡ ਨਾਲ ਸਹਿਮ ਖਾ ਕੇ ਰੋ ਪੈਂਦਾ ਹੈ ਤਾਂ ਖੱਡਾਂ ਵਿੱਚ ਸਿਰ ਟਕਰਾਂਦਾ, ਹੇਠਾਂ ਡਿੱਗਦਾ ਢਹਿੰਦਾ ਮੈਦਾਨਾਂ ਵਿੱਚ ਅੱਪੜਦਾ ਹੈ। ਇੱਥੋਂ ਮਿੱਟੀ ਖੇਹ ਵਿੱਚ ਲੇਟਦਾ ਵਤਨ ਨੂੰ ਢੂੰਡਦਾ ਫਿਰਦਾ ਕਦੇ ਸਮੁੰਦਰ ਵਿੱਚ ਜਾ ਪਹੁੰਚਦਾ ਹੈ। ਉਥੇ ਸਾਰੀਆਂ ਮੈਲਾਂ ਤੇ ਸਾਰੇ ਥਕੇਵੇਂ ਦੂਰ ਹੁੰਦੇ ਹਨ। ਜਿੱਕੁਰ ਡਰਾਕੁਲ ਜਲ ਪਹਾੜਾਂ ਦੇ ਭੈ ਨਾਲ ਟਿਕਾਣੇ ਜਾ ਪੁੱਜਦਾ ਹੈ ਤਿਵੇਂ ਡਰਪੋਕ ਜੀਵ ਭੈ ਭੀਤ ਹੋਏ ਕਦੀ ਆਪਣੇ ਮਨਸੂਬੇ ਵਿੱਚ ਕਾਮਯਾਬ ਹੋ ਜਾਂਦੇ ਹਨ। ਇਸ ਪ੍ਰਕਾਰ ਭੈ ਦੀ ਖਰੈਤ ਪੰਡਤ ਜੀ ਦੌੜਦੇ ਦਾੜਦੇ ਨਗਰ ਅੱਪੜੇ, ਸਿੱਧੇ ਸਰਦਾਰ ਦੇ ਮਹਿਲਾਂ ਨੂੰ ਪਧਾਰੇ। ਉੱਥੇ ਭਲਾ ਐਸ ਵੇਲੇ ਕੌਣ ਕੰਨ ਖੜ੍ਹੇ ਕਰਕੇ ਬੈਠਾ ਸੀ, ਜੋ ਪ੍ਰੋਹਿਤ ਜੀ ਦੀ ਗੱਲ ਸੁਣ ਲੈਂਦਾ? ਦਰਬਾਨ ਦੀ ਸਖਤੀ ਵੇਖ ਕੇ ਆਪ ਲਿਫ ਗਏ। ਕੁਝ ਚਾਪਲੋਸੀ ਕੀਤੀ, ਕੁਝ ਮਾਇਆ ਦੇ ਕੇ ਹੱਥ ਤਰ ਕੀਤੇ। ਤਮਾ ਤੇਲ ਨਾਲ ਨਰਮ ਹੋ ਕੇ ਦਰਬਾਨ ਨੇ ਜਾਂ ਖਬਰ ਕੀਤੀ ਤੇ ਲੱਲੋ ਪੱਤੋ ਦੀਆਂ ਐਸੀਆਂ ਸੁਣਾਈਆਂ ਕਿ ਹੁਸ਼ਿਆਰ ਬੇਗ ਜਮਾਂਦਾਰ ਦੇ ਨਾਲ ਹੁਕਮ ਹੁਣ ਚੜ੍ਹ ਗਿਆ ਕਿ ਕੁਛ ਸਵਾਰ ਮੁਸੱਲਹ (ਸ਼ਸਤਰਧਾਰੀ) ਨਾਲ ਲੈ ਕੇ ਤੇ ਪੰਡਤ ਜੀ ਨੂੰ ਡੋਲੇ ਵਿੱਚ ਬਿਠਾ ਕੇ ਇਸੀ ਦਮ ਕੂਚ ਕਰ ਦੇਣ। ਸੋ ਤਿਆਰੀ ਹੋ ਹਵਾ ਕੇ ਕੂਚ ਹੋਈ। ਹਨ੍ਹੇਰੀ ਰਾਤ, ਬਨ ਦਾ ਰਸਤਾ, ਪੰਡਤ ਜੀ ਦਾ ਚੇਤਾ ਰਸਤਾ ਭੁੱਲ ਗਿਆ ਸਿਪਾਹੀ ਝੁੰਜਲਾਉਂਦੇ ਹਨ, ਉਸ ਨੂੰ ਡੋਲੇ ਵਿੱਚ ਦੇਖ ਦੇਖ ਸੜਦੇ ਹਨ ਪਰ ਵੱਢੀ ਨੇ ਸੂੰਹੀਏਂ ਜੀ ਦਾ ਕੰਮ ਬਣਾਜ਼ਾ ਹੋਯਾ ਸੀ; ਕੌਣ ਉਲਟਾ ਸਕਦਾ ਸੀ? ਇਸ ਤਰ੍ਹਾਂ ਖਿੜਦੇ ਖੁੜਦੇ, ਭੁੱਲਦੇ ਲੱਭਦੇ ਤ੍ਰਿਪਹਿਰੇ ਦੇ ਮਗਰੋਂ ਉਥੇ ਜਾ ਹੀ ਪੁੱਜੇ। ਮਾਂ ਪੁੱਤਰ ਤਾਂ ਸੁਤੇ ਹੋਏ ਸਨ ਤੇ ਸਿੰਘ ਜੀ ਆਸਾ ਦੀ ਵਾਰ ਦਾ ਪਾਠ ਕਰ ਰਹੇ ਸਨ। ਉਨ੍ਹਾਂ ਦੀ ਮਧੁਰ ਬਾਣੀ ਨੇ ਸੂੰਹੀਆਂ ਦੇ ਕੰਨਾਂ ਵਿੱਚ ਪੈ ਕੇ ਉਨ੍ਹਾਂ ਨੂੰ ਰਸਤੇ ਦਾ ਪਤਾ ਲਾ ਦਿੱਤਾ। ਹੁਣ ਤਾਂ ਝੱਟ ਪਟ ਸਾਰੇ ਜਣੇ ਪਹੁੰਚ ਪਏ ਚੰਦ ਦਾ ਪ੍ਰਕਾਸ਼ ਹੋ ਪਿਆ ਸੀ ਸਿੰਘ ਜੀ ਉਠ ਕੇ ਰੋਕ ਕੀਤੀ, ਤਲਵਾਰ ਚੱਲੀ, ਇੱਕ ਸਿਪਾਹੀ ਦਾ ਸਿਰ ਲਹਿ ਗਿਆ। ਬਾਕੀਆਂ ਨੇ ਹੁਮ ਹੁਮਾ ਕੇ ਆਪ ਨੂੰ ਪਕੜ ਲਿਆ। ਮਾਂ ਪੁੱਤਰ ਡੂੰਘੀ ਨੀਂਦਰ ਤੋਂ ਜਾਗਦੇ ਹੀ ਸਿਰ ਪੁੱਟਦੀ ਖੁੰਬ ਵਾਂਗ ਫੜੇ ਗਏ, ਹੱਥਾਂ ਦੇ ਜ਼ੋਰ ਦੀ ਕੋਈ ਪੇਸ਼ ਨਾ ਗਈ, ਤਿਨਾਂ ਦੀਆਂ ਮੁਸ਼ਕਾਂ ਕੱਸੀਆ ਗਈਆਂ ਅਰ ਕੂਚ ਬੋਲੀ।

ਤੁਰਕ ਸਵਾਰ ਥੱਕ ਰਹੇ ਸਨ, ਅਰ ਛੇਤੀ ਪਹੁੰਚਣਾ ਚਾਹੁੰਦੇ ਸਨ, ਸਿਪਾਹੀ ਕੁਝ ਬਹੁਤ ਪ੍ਰਸੰਨ ਨਹੀਂ ਸਨ ਹੋਏ, ਅਰ ਜੀ ਵਿੱਚ ਕਚੀਚੀਆਂ ਵੱਟ ਰਹੇ ਸਨ, ਕਿਉਂਕਿ ਇਕ ਸਾਥੀ ਮਰਵਾ ਆਏ ਤੇ ਫੜ ਕੇ ਸਭੇ ਇਕੋ ਮਰਦ ਲਿਆਏ, ਨਾਲ ਇੱਕ ਬੱਚਾ ਤੇ ਇੱਕ ਤੀਵੀਂ। ਹੁਸ਼ਿਆਰ ਬੇਗ ਨੇ ਸੋਚ ਸੋਚ ਕੇ ਛੇਤੀ ਪਹੁੰਚਣ ਦੀ ਇਹ ਵਿਉਂਤ ਕੱਢੀ ਕਿ ਸੂੰਹੀਏ ਨੂੰ ਪਾਲਕੀ ਵਿਚੋਂ ਉਤਾਰ ਕੇ ਬੀਬੀ ਤੇ ਬੱਚੇ ਨੂੰ ਵਿੱਚ ਬਿਠਾ ਦਿੱਤਾ ਜਾਵੇ ਤੇ ਕਹਾਰ ਪੀਨਸ ਚੱਕੀ ਜਾਣ ਤੇ ਇੱਕ-ਇੱਕ ਕਹਾਰ ਨੂੰ ਅੱਧ ਅੱਧ ਮੀਲ ਤੇ ਸਾਹ ਕੱਢਣ ਵਾਸਤੇ ਛੱਡਿਆ ਜਾਵੇ ਤੇ ਸੂੰਹੀਏਂ ਨੂੰ ਉਸ ਦੀ ਥਾਂ ਤੇ ਲਾਇਆ ਜਾਵੇ। ਇਸ ਹੁਕਮ ਦੇ ਹੁੰਦੇ ਹੀ ਪਹਾੜਾਂ ਦੀਆਂ ਚੋਟੀਆਂ ਪੁਰ ਪਈ ਬਰਫ ਵਾਂਗੂੰ ਸੂੰਹੀਏਂ ਜੀ ਨੂੰ ਹੇਠਾਂ ਆਉਣਾ ਪਿਆ, ਅਰ ਉਸ ਘਾਹ ਵਾਂਗੂੰ ਜੋ ਘੋੜੇ ਉੱਤੇ ਲੱਦਿਆ ਹੋਇਆ ਹੋ ਕੇ ਬੀ ਉਸੇ ਦਾ ਚਾਰਾ ਬਣਦਾ ਹੈ, ਪੰਡਤ ਜੀ ਨੂੰ ਪਾਲਕੀ ਦੀ ਸਵਾਰੀ ਕਰਨ ਤੋਂ ਸਵਾਰੀ ਬਣਨਾ ਪਿਆ ਪਰ ਫੇਰ ਹੁਸ਼ਿਆਰ ਬੇਗ ਨੂੰ ਮਾਲਕ ਦਾ ਡਰ ਉਪਜ ਪਿਆ ਕਿ ਮਤਾਂ ਨਵਾਬ ਸਾਹਿਬ ਸੂੰਹੀਏਂ ਦੀ ਬੇਪਤੀ ਪਰ ਗੁੱਸੇ ਹੋ ਪੈਣ ਫੇਰ ਕੀ ਕਰਾਂਗੇ? ਫੇਰ ਉਸ ਨੂੰ ਪਾਲਕੀ ਵਿੱਚ ਬਿਠਾ ਕੇ ਆਪਣੀ ਜਾਨ ਤੇ ਚਿਰਕ ਦਾ ਦੁੱਖ ਸਹਿ ਕੇ ਬੁਰੇ ਹਾਲ ਤੇ ਮੰਦੀ ਚਾਲ ਪੈਂਡਾ ਮੁਕਾਇਆ ਤੇ ਸਿੰਘ ਜੀ ਨੂੰ ਕੈਦਖਾਨੇ ਪੁਚਾਇਆ ਜਿਥੇ ਇੱਕ ਕੋਠੀ ਵਿੱਚ ਆਪ ਬੰਦ ਕੀਤੇ ਗਏ।

ਐਸੇ ਐਸੇ ਮਹਾਤਮਾਂ ਦੇ ਨਾਲ ਐਸੇ ਉਪੱਦਰ ਹੁੰਦੇ ਦੇਖ ਕੇ ਮਾਨ ਰਾਤ ਦਾ ਕਲੇਜਾ ਬੀ ਪਾਟ ਗਿਆ। ਰਾਤ ਦੇ ਉਹਲੇ ਵਿੱਚ ਹੋਏ ਪਾਪਾਂ ਨੂੰ ਦੇਖਣ ਲਈ ਸੂਰਜ ਦੇਉਤਾ ਨਿਕਲ ਆਯਾ, ਪਰ ਸਰਮ ਦੀ ਮਾਰੀ ਰਾਤ ਪੂਰਬ ਦੀ ਦਿਸ਼ਾ ਵਿੱਚ ਐਸੀ ਧੁੰਦ ਛੱਡ ਗਈ ਕਿ ਜਿਸ ਕਰਕੇ ਸੂਰਜ ਬੀ ਕੁਛ ਚਿਰ ਲਹੂ ਰੰਗੇ ਬਦਲਾਂ ਵਿਚੋਂ ਜਤਨਾਂ ਨਾਲ ਸਿਰ ਕੱਢਦਾ ਦਿਸਦਾ ਸੀ। ਕੋਈ ਪਹਿਰ ਦਿਨ ਚੜ੍ਹੇ ਹਾਕਮ ਦੀ ਕਚਹਿਰੀ ਲੱਗੀ ਅਰ ਕੈਦੀ ਆਪ ਸਾਹਿਬ ਦੇ ਰੂ-ਬ-ਰੂ ਹਾਜ਼ਰ ਕੀਤੇ ਗਏ। ਤ੍ਰਿਖੀ ਰੌਸ਼ਨੀ ਦੇ

ਸਾਹਮਣੇ ਜਿਕੁਰ ਅੱਖਾਂ ਮਿਟ ਜਾਂਦੀਆ ਹਨ, ਤਿਵੇਂ ਸਿੰਘ ਜੀ ਦੇ ਤੇਜ ਅੱਗੇ ਹਾਕਮ ਜੀ ਸੰਕੁਚ ਗਏ ਅਰ ਅਚਰਜ ਹੋ ਹੋ ਤਿੰਨਾਂ ਬੰਧੂਆਂ ਨੂੰ ਦੇਖਦੇ ਰਹੇ। ਇਸ ਚੁੱਪ ਨੂੰ ਤੋੜਨ ਲਈ ਇੱਕ ਮੁੱਲਾਂ ਸਾਹਿਬ ਜੀ, ਜੋ ਸਭਾ ਵਿਚ ਸਨ, ਬੋਲੇ -

ਹਜ਼ੂਰ! ਆਪ ਨੇ ਦੇਖਿਆਂ ਇਸ਼ਕ ਕਾਫਰ ਹੇ ਇਸ਼ਕ ਦਾ ਮੁਤਾਅ (ਦੌਲਤ) ਹਸਨ (ਸੁੰਦਰਤਾ) ਹੈ ਸੋ ਕਾਫਰ ਨੇ ਕਾਫਰਾਂ ਨੂੰ ਦੇ ਛੱਡੀ ਹੈ। ਕੈਸੇ ਸੁੰਦਰ ਤਿੰਨੇ ਚਿਹਰੇ ਮਾਨੋਂ ਸੂਰਜ ਦੇ ਤਿੰਨ ਟੁਕੜੇ ਹੋ ਗਏ ਹਨ, ਜਾਂ ਕੋਈ ਟੁੱਟਦੇ ਤਾਰੇ ਰੂਪ ਧਾਰ ਕੇ ਆ ਖਲੋਤੇ ਹਨ। ਕੈਸੇ ਸੁਕਮਨ ਬੁਕਮਨ (ਚੁਪ ਚਾਪ) ਦੰਦ ਖੰਦ ਦੀਆਂ ਪੁਤਲੀਆਂ ਵਾਂਗ ਖੜ੍ਹੇ ਹਨ, ਕੋਈ ਜਾਣੇ ਕਿਸੇ ਕਾਰੀਗਰ ਨੇ ਪਾਰੇ ਤੇ ਖਿਡੌਣੇ ਬਣਾਏ ਹਨ, ਜਾਂ ਸਾਨਿਆ ਕੁਦਰਤ (ਪ੍ਰਮੇਸ਼ਰ) ਨੇ ਬਿਜਲੀ ਨੂੰ ਮੁਜੱਸਮ (ਦੇਹਧਾਰੀ) ਕਰ ਦਿੱਤਾ ਹੈ। ਬਹਿਸ਼ਤ (ਸਵਰਗ) ਵਿੱਚ ਜ਼ਰੂਰ ਐਸੇ ਹੀ (ਸੁੰਦਰ) ਰਹਿੰਦੇ ਹੋਣਗੇ? ਹਾਇ ਅਫਸੋਸ! ਕਿਆ ਐਸੀ ਸੁੰਦਰਤਾ ਦੇ ਪੁਤਲੇ ਕਾਫਰ ਰਹਿਣਗੇ? ਅਰ ਮਰ ਕੇ ਦੋਜ਼ਖ (ਨਰਕ) ਦੀ ਅੱਗ ਭਰਨਗੇ? ਕਾਸ਼ ਏਹ ਮੋਮਨ ਹੁੰਦੇ ਅਰ ਬਹਿਸ਼ਤ ਵਿੱਚ ਪਹੁੰਚ ਕੇ ਉਥੋਂ ਦੀ ਰੌਣਕ ਵਧਾਉਂਦੇ। ਜੁਨਾਬ, ਇਨ੍ਹਾਂ ਸੁਹਣਿਆਂ ਨੂੰ ਦੀਨ ਵਿੱਚ ਲਿਆਵੋ, ਇਨ੍ਹਾਂ ਨੂੰ ਬਹਿਸ਼ਤ ਦੀ ਜ਼ੀਨਤ (ਸਜਾਵਟ) ਬਣਾਓ, ਆਪ ਦੇ ਸਾਰੇ ਗੁਨਾਹ ਮਾਫ ਹੋ ਜਾਣਗੇ। ਕਿਆ ਇਨ੍ਹਾਂ ਦੇ ਬਹਿਸ਼ਤ ਵਿੱਚ ਗਿਆਂ ਰੌਸ਼ਨੀ ਦੀ ਲੋੜ ਰਹਿ ਜਾਏਗੀ? ਹਾਂ, ਜੁਨਾਬ ਮੇਰੀ ਰਾਇ ਇਹ ਹੈ ਕਿ ਇਨ੍ਹਾਂ ਦੀ ਜਾਨ ਬਖਸ਼ੀ ਕੀਤੀ ਜਾਵੇ ਮਾਰਿਆ ਨਾ ਜਾਵੇ, ਦੀਨ ਵਿੱਚ ਲੈ ਆਂਦਾ ਜਾਵੇ। ਮਰਦ ਸਿਆਣਾ ਦਿੱਸਦਾ ਹੈ, ਜਾਨ ਬਚਣ ਦੀ ਕਦਰ ਕਰੇਗਾ ਤੇ ਦੀਨ ਕਬੂਲ ਕਰੇਗਾ।

ਇਹ ਦੀਨੀ ਜੋਸ਼ ਭੜਕਾ ਦੇਣ ਵਾਲੇ ਸ਼ਬਦ ਐਸੇ ਤਰ੍ਹਾਂ ਦੇ ਪਏ ਜਿਕੁਰ ਕੋਈ ਦੋ ਪਦਾਰਥ ਰਗੜਿਆਂ ਗਰਮੀ ਉਤਪਤ ਹੁੰਦੀ ਹੈ, ਤਿਵੇਂ ਮੁੱਲਾਂ ਦੇ ਬਚਨਾਂ ਤੇ ਸ੍ਰੋਤਿਆਂ ਦੇ ਦਿਲਾਂ ਦੀ ਰਗੜ ਨੇ ਗਰਮਾ ਗਰਮ ਜੋਸ਼ ਭਰਿਆ ਅਰ ਸਭ ਬੋਲ ਪਏ ਕਿ ਹਾਂ, ਇਨ੍ਹਾਂ ਨੂੰ ਜ਼ਰੂਰ ਦੀਨ ਵਿੱਚ ਲਿਆਓ।

ਮੁੱਲਾਂ - ਹਾ ਜੀ, ਨੇਕੀ ਤੇ ਫੇਰ ਪੁੱਛ ਪੁੱਛ। ਜਿੰਨੀਆਂ ਪਲਾਂ ਇਨ੍ਹਾਂ ਦੀਆ ਕੁਫਰ ਵਿੱਚ ਬੀਤ ਰਹੀਆਂ ਹਨ, ਸਭ ਬਿਅਰਥ ਅਰ ਸਾਡੇ ਸਿਰ ਦੋਸ਼ ਹੈ। ਜਲਦੀ ਦੀਨ ਦਾ ਜਾਮਾ ਪਹਿਨਾਓ! ਆਹਾ! ਕੈਸੇ ਭਾਗਾਂ ਵਾਲੇ ਜੀਵ ਹਨ? ਜੀਵ ਨਹੀਂ, ਹੁਸਨ ਨੇ ਰੂਪ ਧਾਰਿਆ ਹੋਇਆ ਹੈ, ਭਲਾਂ ਹੋਇਆ ਜੋ ਹੁਸਨ ਇਸ ਤਰ੍ਹਾਂ ਕਾਬੂ ਆ ਗਿਆ ਹੁਣ ਤਾਂ ਸਾਰੀ ਕੌਮ ਨੂੰ ਲਾਭ ਪਹੁੰਚ ਜਾਏਗਾ ਕਿਉਂਕਿ ਭਾਈ ਮੋਮਨੋਂ! ਜਦ ਹੁਸਨ ਹੀ ਮੁਸਲਮਾਨ ਹੋ ਗਿਆ ਫੇਰ ਪਿਛੇ ਕੀ ਰਿਹਾ? ਅੱਗੇ ਬਹਾਦਰੀ ਵੀ ਤਾਂ ਅਸਾਂ ਮੋਮਨ ਬਣਾ ਹੀ ਲਈ ਹੈ। ਕਾਫਰਾਂ ਦੇ ਘਰ ਬਹਾਦਰੀ ਹੁੰਦੀ ਸੀ ਸੋ ਅਸਾਂ ਦੀਨੀ ਜੋਸ਼ ਦੀ ਹਿਕਮਤ ਨਾਲ ਆਪਣੇ ਦੀਨ ਵਿੱਚ ਲੈ ਆਂਦੀ ਹੈ। ਕਿਆ ਅੱਛਾ ਹੋਵੇ ਜੇ ਦੁਨੀਆਂ ਦੇ ਸਭ ਉੱਤਮ ਪਦਾਰਥ ਮੋਮਨਾਂ ਦੇ ਹੀ ਰਾਸ ਆ ਜਾਣ।

ਇਸ ਤੁਰਕ ਹਾਕਮ ਦਾ ਇੱਕ ਮੂੰਹ ਚੜ੍ਹਿਆ ਮੁਸਾਹਿਬ ਬੜਾ ਮਖੌਲੀਆ ਸੀ ਅਰ ਜੋਗ ਅਜੋਗ ਕੁਝ ਕਹਿ ਬੈਠੇ ਤਾਂ ਹਾਕਮ ਨੂੰ ਬੁਰਾ ਨਹੀਂ ਲੱਗਦਾ ਸੀ ਤੇ ਸਾਰੇ ਅਹਿਲਕਾਰਾਂ ਨੂੰ ਸਹਿਣਾ ਪੈਂਦਾ ਸੀ, ਮੁੱਲਾਂ ਦੀ ਗੱਲ ਸੁਣ ਕੇ ਝੱਟ ਬੋਲ ਉਠਿਆ -

ਠੀਕ ਹੈ ਹਜ਼ਰਤ! ਠੀਕ, ਪਰ (ਮੂੰਹ ਮਾੜਾ ਕਰਕੇ) ਹੁਣ ਉਹ 'ਬਹਾਦਰੀ' ਕੜਾਹ ਪ੍ਰਸ਼ਾਦ ਤੇ ਮੋਹਤ ਹੋ ਗਈ ਹੈ। ਸੋ ਤੁਸੀਂ ਉਸ ਦੀਆਂ ਟੰਗਾਂ ਬਾਹਾਂ ਬੰਨ੍ਹੋ ਜੋ ਲੰਗੜੀ ਲੂਲੀ ਹੋ ਕੇ ਤੁਹਾਡੇ ਘਰ ਹੀ ਪਈ ਰਹੇ, ਬਾਹਰ ਨਾ ਜਾ ਸਕੇ, ਨਹੀਂ ਤਾਂ ਅੰਮ੍ਰਿਤ ਪੀ ਕੇ ਤੁਹਾਡੇ ਹੀ ਆਹੂ ਲਾਹੁਣ ਲੱਗ ਜਾਵੇਗੀ।

ਮੁੱਲਾਂ - ਠੀਕ ਹੈ, ਹੁਣ ਅੱਜ ਸਿੱਖ ਕਾਬੂ ਆ ਗਏ ਹਨ ਇਥੋਂ ਹੀ ਕੰਮ ਸ਼ੁਰੂ ਕਰਦੇ ਹਾਂ। ਦੇਖੋ ਐਸੇ ਕੰਮ ਅੱਲਾਹ ਨੇ ਰਾਸ ਕੀਤੇ ਹਨ। ਮੀਆਂ ਆਰਫ ਖਾਂ ਦੇ ਘਰ ਔਲਾਦ ਨਹੀਂ ਹੈ, ਇਹ ਗੁਲਾਬ ਦਾ ਬੂਟਾ (ਬਾਲ) ਮੋਮਨ ਬਣਾ ਕੇ ਉਨ੍ਹਾਂ ਨੂੰ ਬਖਸ਼ ਦਿਓ, ਜੋ ਘਰ ਵਿੱਚ ਚਿਰਾਗ ਰੌਸ਼ਨ ਹੋ ਜਾਏ ਅਰ ਚਾਰ ਸੁੱਕੀਆਂ ਗੋਦੀਆਂ ਹਰੀਆਂ ਭਰੀਆਂ ਹੋ ਜਾਣ। ਆਪ ਦੇ ਕਬਜ਼ੁਲ ਵਸੂਲੀ ਦੇ ਮੁਨੀਮ ਦੀ ਜਗ੍ਹਾ ਖਾਲੀ ਹੈ, ਇਹ ਸਿੱਖ ਬਸ਼ਰੇ (ਚਿਹਰੇ) ਤੋਂ ਪੜ੍ਹਿਆ ਹੋਇਆ ਜਾਪਦਾ ਹੈ, ਇਸਨੂੰ ਉਥੇ ਨੌਕਰ ਕਰਕੇ ਮੀਆਂ ਦੀਨ ਦੀ ਲੜਕੀ ਨਾਲ ਨਿਕਾਹ (ਵਿਆਹ) ਕਰ ਦਿਓ। ਮੇਰਾ ਘਰ ਬੀਵੀ ਦੀ ਮੌਤ ਨੇ ਵੈਰਾਨ ਕਰ ਦਿੱਤਾ ਹੈ, ਸੋ ਇਹ ਬੀਵੀ ਉਸ ਉੱਜੜੇ ਘਰ ਨੂੰ ਵਸਾ ਕੇ ਤੁਹਾਡੀ ਨਾਮਵਰੀ ਕਰੇਗੀ ਕਿ ਐਸੇ ਦੀਨਦਾਰ ਨਵਾਬ ਸਾਹਿਬ ਹਨ ਜੋ ਮੁਲਾਣੇ ਕਾਜ਼ੀਆਂ ਪੁਰ ਐਸੀਆਂ ਸੁਹਣੀਆਂ ਬਖਸ਼ਿਸ਼ਾਂ ਕਰਦੇ ਹਨ।

ਨਵਾਬ ਸਾਹਿਬ ਮੁਸਕਰਾਏ। ਮਖੌਲੀਏ ਨੇ ਤਾੜ ਲਿਆ ਕਿ ਬੀਬੀ ਨੂੰ ਨਵਾਬ ਸਾਹਿਬ ਬੋਚਿਆ ਚਾਹੁੰਦੇ ਹਨ ਤੇ ਮੁੱਲਾਂ ਹੋਰੀਂ ਕੁਝ ਆਪਣਾ ਹੱਕ ਜਮਾ ਰਹੇ ਹਨ, ਨਵਾਬ ਸਾਹਿਬ ਨੂੰ ਸੈਨਤ ਕਰਕੇ ਬੋਲ ਉਠੇ -

ਪੰਡਤ ਪਾਂਧੇ ਕਾਜ਼ੀ ਮੁੱਲਾਂ ਚੌਹਾਂ ਤੋਂ ਖਬਰਦਾਰ!

ਇਸ ਵੇਲੇ ਇੱਕ ਆਦਮੀ ਆਯਾ ਕਿ ਜਿਸ ਨੇ ਦੱਸਿਆ ਕਿ ਅਮਕੇ ਗਿਰਾਂ ਦੇ ਸਿਰਕਰਦੇ ਦੇ ਚਾਰ ਪੰਜ ਆਦਮੀ ਜੋ ਇਨ੍ਹਾਂ ਨੂੰ ਫੜਨ ਪਹਿਲੋਂ ਜੰਗਲ ਦੇ ਵਿੱਚ ਗਏ ਸਨ, ਏਹ ਉਨ੍ਹਾਂ ਨੂੰ ਘਾਇਲ ਕਰਕੇ ਸੁੱਟ ਆਏ ਹਨ; ਤਦ ਸਾਰੇ ਦਰਬਾਰੀਆਂ ਦੇ ਚਿਹਰੇ ਲਾਲ ਹੋ ਗਏ, ਅਰ ਕ੍ਰੋਧ ਨਾਲ ਕੰਬ ਉਠੇ। ਕਿਸੇ ਨੂੰ ਤ੍ਰੀਮਤ ਤੇ ਬੱਚੇ ਦੀ ਬਹਾਦਰੀ ਪੁਰ ਸ਼ਲਾਘਾ ਕਰਨ ਦਾ ਉੱਤਮ ਖਿਆਲ ਨਾ ਪੈਦਾ ਹੋਯਾ, ਕ੍ਰੋਧ ਹੀ ਛਾ ਗਿਆ। ਹਾਕਮ ਸਾਹਿਬ ਨੂੰ ਬੀ ਗੁੱਸਾ ਆਯਾ ਪਰ ਸ਼ੀਲ ਕੌਰ ਦਾ ਸੁੰਦਰ ਰੂਪ ਦੇਖ ਦੇਖ ਕੇ ਆਪ ਨੇ ਹੁਕਮ ਦਿੱਤਾ, ਲੈ ਜਾਓ ਮਰਦੂਦਾਂ ਨੂੰ ਕੈਦ ਵਿੱਚ, ਦੂਸਰਾ ਹੁਕਮ ਦੁਪਹਿਰ ਨੂੰ ਦਿਆਂਗੇ। ਦਰਬਾਰ ਬਰਖਾਸਤ ਹੋਣਾ, ਹੋਰ ਸਾਰੇ ਆਪਣੇ ਆਪਣੇ ਟਿਕਾਣੇ ਨੂੰ ਚਲੇ ਗਏ, ਹਾਕਮ ਸਾਹਿਬ ਤੇ ਮਸਖਰੇ ਨੇ ਹਾਕਮ ਨੂੰ ਪੱਕਿਆਂ ਕਰ ਦਿੱਤਾ ਕਿ ਇਨ੍ਹਾਂ ਨੂੰ ਮੁਸਲਮਾਨ ਬਣਾ ਲਓ ਅਰ ਹੋਰ ਜ਼ੁਲਮ ਨਾ ਕਰੋ ਤੇ ਤ੍ਰੀਮਤ ਨੂੰ ਮਹਿਲੀਂ ਦਾਖਲ ਕਰ ਲਵੋ, ਐਸੀ ਬੇਗਮ ਮਿਲ ਸਕਣੀ ਅਸੰਭਵ

ਹੈ। ਉਧਰ ਆਪ ਮਸਖਰਾ ਸਾਹਿਬ ਜੇਲ੍ਹਖਾਨੇ ਪਹੁੰਚੇ ਅਰ ਸਿੰਘ ਜੀ ਸਮਝਾਉਣ ਦਾ ਯਤਨ ਕਰਦੇ ਰਹੇ, ਪਰ ਉੱਥੇ ਕੁਝ ਪੇਸ਼ ਨਾ ਗਈ। ਫੇਰ ਸੰਝ ਵੇਲੇ ਸਿੰਘ ਜੀ ਨੂੰ ਮਹਿਲਾਂ ਵਿੱਚ ਬੁਲਾ ਕੇ ਸਮਝਾਇਆ, ਧਮਕਾਇਆ, ਲਲਚਾਇਆ ਤੇ ਡਰਾਇਆ ਗਿਆ, ਪਰ 'ਪੱਥਰ ਮੂਲ ਨ ਭਿੱਜਈ ਸੈ ਵਰਿਹਾਂ ਜਲ ਅੰਦਰਿ ਵਸੈ' ਹੁਣ ਵਹੁਟੀ ਪੁੱਤਰ ਇੱਕ ਕੋਠੜੀ ਵਿੱਚ ਤੇ ਸਿੰਘ ਜੀ ਇੱਕ ਕੋਠੜੀ ਵਿੱਚ ਅੱਡ-ਅੱਡ ਬੰਦ ਕੀਤੇ ਗਏ।

## ਕਾਂਡ ਦਸਵਾਂ

ਦਿਨ ਹੁਨਾਲੇ ਦੀ ਬਰਫ ਵਾਂਗ ਢਲ ਗਿਆ ਸੀ ਕਿ ਨਵਾਬ ਸਾਹਿਬ, ਮੁੱਲਾਂ, ਮਸਖਰਾ ਤੇ ਹੋਰ ਮੁਸਾਹਿਬ ਇੱਕ ਖੁਲ੍ਹੇ ਮੈਦਾਨ ਵਿੱਚ ਪਹੁੰਚੇ ਅਰ ਸਫ ਬੰਨ੍ਹ ਕੇ ਬੈਠ ਗਏ। ਭੁਜੰਗੀ ਤੇ ਸਿੰਘਣੀ ਮੁਸ਼ਕਾਂ ਕੱਸੇ ਹੋਏ ਇੱਕ ਪਾਸੇ ਨੰਗੀ ਤਲਵਾਰ ਦੇ ਪਹਿਰੇ ਹੇਠ ਖੜ੍ਹੇ ਕੀਤੇ ਗਏ, ਦੁਹਾਂ ਦੇ ਪੈਰ ਕਿਲਿਆਂ ਨਾਲ ਕੱਸੇ ਗਏ। ਸਾਹਮਣੇ ਪਾਸੇ ਇੱਕ ਟਿਕਟਿਕੀ ਲਗਾਈ ਗਈ ਅਰ ਸਿੰਘ ਜੀ ਦੇ ਹੱਥ ਪੂਰ ਤੇ ਲੱਤਾਂ ਉਸ ਨਾਲ ਜਕੜੇ ਗਏ। ਮੁੱਲਾਂ ਜੀ ਨੇ ਪੁੱਛਿਆ; ਐ ਸ਼ੇਰ! ਸ਼ੇਰ ਬਣ, ਕਿਉਂ ਆਪਣੀ ਜਿੰਦ ਨੂੰ ਦੁਖਾਂ ਦੇ ਹਵਾਲੇ ਕਰਦਾ ਹੈਂ, ਅਜੇ ਬੀ ਸਮਝ ਤੇ ਛੱਡਿਆ ਜਾਵੇਂ?

ਸਿੰਘ - ਹੇ ਰਾਜ ਮਦ ਵਾਲਿਓ! ਜੋ ਜੀ ਚਾਹੇ ਕਰੋ, ਪ੍ਰਵਾਹ ਨਹੀਂ, ਕੌਣ ਚਮੜੇ ਨੂੰ ਪਿਆਰ ਕਰਕੇ, ਜਿੰਦ ਨੂੰ ਪਤਿਤ ਕਰੇ! ਕੌਣ ਸੋਨੇ ਦੇ ਬਦਲੇ ਕੌਡੀ ਲੈਂਦਾ ਹੈ? ਇਹ ਸਰੀਰ ਸਦਾ ਨਹੀਂ, ਅੰਤ ਮਰੇਗਾ, ਮਰਨੇ ਦਿਓ।

ਸਿੰਘ ਦੇ ਬਚਨ ਸੁਣਦੇ ਹੀ ਇੱਕ ਕਾਲੇ ਬੰਬ ਰੰਗ ਵਾਲਾ, ਰਾਤ ਦਾ ਬੀ ਬਾਬਾ, ਜਿਸਦੀ ਸੂਰਤ ਨੂੰ ਵੇਖ ਕੇ ਭੈ ਆਵੇ, ਨਿਕਲਿਆ ਅਰ ਪੂਰੇ ਬਲ ਨਾਲ ਸੂਤ ਕੇ ਸਿੰਘ ਜੀ ਦੀ ਪਿੱਠ ਪੁਰ ਕੋਟੜੇ ਮਾਰਨ ਲੱਗਾ। ਕੋਟੜਾ ਕੀ ਵੱਜਦਾ ਹੈ? ਛਵੀ ਵਾਂਗ ਖੱਲ ਨਾਲ ਉਡਾ ਲਿਜਾਂਦਾ ਹੈ। ਧੋਬੀ ਪਟੜੇ ਪੁਰ ਕੁਝ ਤਰਸ ਕਰਦਾ ਹੈ ਪਰ ਹੈਂ ਸਿਆਰੇ ਜੱਲਾਦ ਨੇ ਸਿੰਘ ਜੀ ਦੀ ਪਿੱਠ ਪਰ ਮਾਂ ਦਾ ਸਾਰਾ ਪੀਤਾ ਹੋਇਆ ਦੁੱਧ ਕੱਢ ਲਿਆਂਦਾ। ਪਿੱਠ ਪਹਿਲੇ ਲਾਲ ਹੋਈ, ਫੇਰ ਉਪਟੀ, ਫੇਰ ਛਾਲੇ ਉਭਰੇ ਤੇ ਕਿਤੇ ਕਿਤੇ ਚਰਬੀ ਨਿਕਲ ਪਈ। ਲਾਡਾਂ ਤੇ ਸੁਖਾਂ ਪਲੇ ਬਹਾਦਰ ਨੇ, ਜਿਸ ਨੇ ਕਦੇ ਓਇ ਨਹੀਂ ਸਹਾਰੀ ਸੀ, ਇਸ ਪੀੜਾ ਨੂੰ ਇਸ ਬਹਾਦਰੀ ਨਾਲ ਸਹਾਰਿਆ ਕਿ ਇਕ ਸਹਾਰਨ ਦੇ ਯਤਨ ਅਰ ਦੂਜੀ ਅਸਹਿ ਪੀੜਾ ਨੇ ਬੇਹੋਸ਼ ਕਰ ਦਿੱਤਾ। ਸਿੰਘਣੀ ਇਸ ਕਸ਼ਟ ਨੂੰ ਦੇਖ ਕੇ ਪਿੰਜਰੇ ਪਏ ਸ਼ੇਰ ਵਾਂਗ ਤੜਫ ਰਹੀ ਸੀ। ਹਰ ਕੋਟੜੇ ਦੇ ਵੱਜਿਆ ਕਲੇਜਾ ਉਭਰ ਕੇ ਮੂੰਹ ਨੂੰ ਆ ਜਾਂਦਾ ਹੈ, ਪਰ ਕੋਈ ਪੇਸ਼ ਨਹੀਂ ਚਲਦੀ। ਚਾਹੁੰਦੀ ਹੈ ਕਿ ਅੱਖਾਂ ਮੀਟ ਲਏ, ਅਰ ਕੰਮਾਂ ਵਿੱਚ ਉਂਗਲਾਂ ਦੇ ਲਏ, ਪਰ ਹਾਏ ਕਿਸਮਤ! ਹੱਥ ਭੀ ਬੱਧੇ ਹੋਏ ਹਨ, ਕੰਨ ਕੌਣ ਮੁੰਦੇ? ਅੱਖਾਂ ਮੀਟਦੀ ਹੈ, ਪਰ ਕੋਟੜੇ ਦੇ ਕੜਾਕੇ ਨਾਲ ਉਬਾਲ ਜਿਹਾ ਸਿਰ ਨੂੰ ਚੜ੍ਹਦਾ ਹੈ ਕਿ ਅੱਖਾਂ ਤ੍ਰਹਕ ਕੇ ਬੰਦ ਨਹੀਂ ਰਹਿੰਦੀਆਂ। ਸੰਗਮਰਮਰ ਪਰ ਕਣੀਆਂ ਪੈਣ ਵਾਂਗੂੰ ਗਲ੍ਹਾਂ ਪਰ ਹੰਝੂ ਵਗ ਰਹੇ ਹਨ; ਮਾਨੋ ਸਾਰੇ ਸਰੀਰ ਦਾ ਲਹੂ ਦੇਹ ਤੋਂ ਦੁਖੀ ਹੋ ਕੇ ਅੱਖਾਂ ਦੇ ਰਸਤੇ ਵਹਿ ਚਲਿਆ ਹੈ। ਆਹ ਕੇਹੀ ਔਖੀ ਬਿਪਤਾ ਵਿੱਚ ਗ੍ਰਸੀ ਗਈ ਹੈ।

ਭੁਜੰਗੀ ਵਲ ਦੇਖੋ, ਹਿਲਦੇ ਜਲ ਵਿੱਚ ਚੰਦ ਦੀ ਮੂਰਤ ਵਾਂਗ ਥਰਥਰ ਕੰਬ ਰਿਹਾ ਹੈ, ਅੱਖਾਂ ਵਿਚੋਂ ਹੰਝੂਆਂ ਦਾ ਹੜ੍ਹ ਜਾਰੀ ਹੈ, ਅਰ ਹੇ ਗੁਰੂ! ਪਿਤਾ ਦੀ ਰੱਖਿਆ ਕਰੋ ਦਾ ਦਰਦਨਾਕ ਸ਼ਬਦ ਐਸਾ ਕਲੇਜਾ ਪਾੜ ਕੇ ਨਿਕਲਦਾ ਹੈ ਕਿ ਵਿਚਾਰੇ ਦੀ ਘਿੱਘੀ ਬੱਝ ਗਈ ਹੈ, ਸੰਘ ਬੈਠ ਗਿਆ ਹੈ, ਪਿਆਰਾ ਚਿਹਰਾ ਘਟਾਂ ਹੇਠ ਆਏ ਚੰਦ ਵਾਂਗੂੰ ਮੱਧਮ ਪੈ ਗਿਆ ਹੈ, ਪਰ ਰਜਾਮਦ ਵਾਲੇ ਜਰਵਾਇਣਆਂ ਦੇ ਹਿਰਦੇ ਵਿੱਚ ਰਤਾ ਤਰਸ ਨਹੀਂ ਪੈਂਦਾ। ਬੇਹੋਓ ਹੁੰਦੇ ਹੀ ਕੋਟੜ ਬੰਦ ਕੀਤੇ ਗਏ, ਮੂੰਹ ਵਿੱਚ ਪਾਣੀ ਚੋਇਆ ਗਿਆਪ ਪਰ ਬੇਸੁੱਧੀ ਜਿਹੀ ਹੀ ਰਹੀ। ਇਸ ਤਰ੍ਹਾਂ ਹੀ ਚੁੱਕ ਕੇ ਲੈ ਗਏ ਤੇ ਤਿੰਨੇ ਅੱਡੋ ਅੱਡ ਕੋਠੜੀਆਂ ਵਿੱਚ ਬੰਦ ਕੀਤੇ ਗਏ ਜਦ ਰਾਤ ਥੋੜ੍ਹੀ ਜਿਹੀ ਬੀਤੀ ਤਾਂ ਸਿੰਘ ਜੀ ਘੱਟੇ ਵਿੱਚ ਪੁੱਠੇ ਦਾਊ ਬੇਹੋਸ਼ ਪਏ ਪਏ ਕੁਝ ਕੁਝ ਹੋਸ਼ ਵਿੱਚ ਆਏ, ਅੱਖਾਂ ਪੱਟ ਕੇ ਦੇਖਦੇ ਹਨ ਤਾਂ ਕੁਝ ਦਿੱਸਦਾ ਨਹੀਂ, ਸਰੀਰ ਆਕੜ ਗਿਆ ਹੈ, ਕਿਸੇ ਪਾਸੇ ਮੁੜਦਾ ਨਹੀਂ, ਕੰਡ ਚੀਸਾਂ ਮਾਰਦੀ ਹੇ, ਡਾਢੀ ਘਬਰਾਹਟ ਹੁੰਦੀ ਹੈ। ਪਾਸ ਕੋਈ ਅੜੂਹਾ ਨਹੀਂ, ਤਰਸ ਵਾਲਾ ਕੋਈ ਨੇੜੇ ਨਹੀਂ। ਹਾਂ, ਮਾਂ ਦੇ ਰਾਮ ਤੇ ਲਾਲ! ਤੈਨੂੰ ਮਾਂ ਹਟਕ ਰਹੀ ਸੀ, ਬੱਚਾ! ਸਮਝ ਕੇ ਕਦਮ ਰੱਖ, ਪਰ ਤੂੰ ਆਖਦਾ ਸੈਂ ਕਿ ਨਹੀਂ ਪ੍ਰੇਮ ਦਾ ਰਸਤਾ ਹੀ ਐਸਾ ਹੈ, ਹੁਣ ਦੇਖ ਪ੍ਰੇਮ ਨੇ ਕੀ ਰੰਗ ਜਮਾਇਆ ਹੈ, ਕੱਲ ਤਕ ਉਧੇੜ ਦਿੱਤੀ ਹੈ। ਦੱਸ ਐਸ ਵੇਲੇ ਤੇਰਾ ਕੌਣ ਹੈ? ਠੀਕ ਹੈ, ਅਸੀਂ ਤਾਂ ਸਿੰਘ ਹੀ ਦੇ ਕਲੇਸ਼ਾਂ ਨੂੰ ਵੇਖ ਕੇ ਬਿਲਬਿਲਾ ਉਠੇ ਹਾਂ ਪਰ ਉਨ੍ਹਾਂ ਦੇ ਅਭਿਆਸੀ ਮਨ ਵਿੱਚ ਗੁਰੂ ਦੀ ਮੂਰਤਿ ਬਿਰਾਜਮਾਨ ਹੈ, ਜੋ ਇਸ ਕਸ਼ਟ ਨੂੰ ਬੀ ਸਹਾਰਾ ਦੇ ਰਹੀ ਹੈ, ਅਰ ਦੁਖਾਂ ਤੇ ਪੀੜਾਂ ਵਲੋਂ ਹਵਾ ਕੇ ਮਨ ਨੂੰ ਆਪਣੀ ਵੱਲ ਖਿੱਚ ਰਹੀ ਹੈ, ਪੀੜਾ ਭਰੋਸੇ ਨੂੰ ਢਿੱਲਿਆਂ ਨਹੀਂ ਕਰ ਰਹੀ, ਸਗੋਂ ਸੁਰਤ ਕੱਠੀ ਹੋ ਹੋ ਵਧੇਰੇ ਅੰਦਰ ਵਾਰ ਨੂੰ ਹੋ ਕੇ ਜੁੜਦੀ ਹੈ।

ਹੁਣ ਕੁਝ ਕੁਝ ਅਵਾਜ਼ ਕੰਨੀਂ ਪੈਣ ਲਗ ਗਈ, ਬੂਹੇ ਦੇ ਖੜਕਣ ਦੀ ਆਵਾਜ਼ ਆਈ। ਪਲੋ ਪਲੀ ਵਿੱਚ ਬੂਹੇ ਖੁਲ੍ਹੇ ਅਰ ਇੱਕ ਲੰਮਾਂ ਜਵਾਨ ਸਿੱਧੇ ਦਾੜੇ ਵਾਲਾ, ਫਰਿਸ਼ਤਿਆਂ ਵਰਗੇ ਚਿਹਰੇ ਵਾਲਾ ਅੰਦਰ ਆਇਆ। ਪੰਜ ਸੱਤ ਸੇਵਕ ਉਸ ਦੇ ਨਾਲ ਸਨ। ਮਸ਼ਾਲ ਬਲ ਰਹੀ ਸੀ। ਇਨ੍ਹਾਂ ਕੈਦੀਆਂ ਦਾ ਦਰੋਗਾ ਤੇ ਹੋਰ ਮੁਲਾਜ਼ਮ ਸਹਿਮੇ ਤੇ ਕੰਬਦੇ ਹੋਏ ਮਗਰ-ਮਗਰ ਸਨ। ਸਿੰਘ ਜੀ ਦੀ ਦਸ਼ਾ ਦੇਖ ਕੇ ਉਹ ਭਲਾ ਪੁਰਖ ਅੱਖਾਂ ਵਿੱਚ ਜਲ ਭਰ ਲਿਆਇਆ ਅਰ ਦਰੋਗੇ ਵਲ ਤੱਕ ਕੇ ਬੋਲਿਆ -

ਕਾਫ਼ੂਰ ਮਲਊਨ! ਗਾਰਤ ਕਰ ਖੁਦਾ ਤੈਨੂੰ ਅਰ ਤੇਰੇ ਮਾਲਕ ਨੂੰ! ਬੇਕਸਾਂ ਪੁਰ ਇਹ ਵਹਸ਼ੀਆਨਾ ਜ਼ੁਲਮ! ਖੁਦਾ ਦੇ ਅੱਗੇ ਦਿਓਗੇ ਜਾ ਕੇ ਕੀ ਜਵਾਬ? ਮੂੰਹ ਕਾਲਾ ਹੋਊ ਤੇਰਾ ਅਰ ਜਲੇਂਗਾ ਦੋਜ਼ਖ ਦੀ ਅੱਗ ਵਿੱਚ। ਆਪਣੇ ਸੇਵਕ ਨੂੰ ਬੋਲਿਆ - ਚਾਰਪਾਈ ਉਰੇ ਲਿਆਓ। ਝੱਟ ਮੰਜੀ ਹਾਜ਼ਰ ਹੋਈ, ਆਪ ਨੇ ਸਿੰਘ ਜੀ ਦੇ ਚਰਨ ਚੁੰਮੇ, ਅਰ ਫਰਨ ਫਰਨ ਰੋਂਦਿਆਂ ਬੜੇ ਲਿਟਾਇਆ ਤੇ ਚੁਕਵਾ ਕੇ ਲੈ ਤੁਰੇ। ਦਰੋਗਾ ਕੁਝ ਉਜ਼ਰ ਕਰਨੇ ਲਗਾ ਕਿ ਹਾਕਮ ਦਾ

ਹੁਕਮ ਨਹੀਂ ਮਿਲਿਆ, ਮੈਂ ਮਾਰਿਆਂ ਜਾਵਾਂਗਾ, ਤੁਸੀਂ ਮੁਸਲਮਾਨ ਹੋ ਕੇ ਇਹ ਕੀ ਕਰ ਰਹੇ ਹੋ?

ਭਲਾ ਪੁਰਖ (ਲਾਲ ਅੱਖਾਂ ਕਰ ਕੇ) - ਚਲ ਦੂਰ ਹੋ ਨਾਮ ਕੂਲ। 'ਮੁਸਲਮਾਨ ਹੋ ਕੇ' ਕਿਆ ਮੁਸਲਮਾਨ ਨਾਮ ਜ਼ਾਲਮ ਦਾ ਹੈ? ਹੈਂ, ਮੁਸਲਮਾਨ ਨਾਮ ਖੁਦਾ ਤੇ ਈਮਾਨ ਰੱਖਣ ਵਾਲੇ ਬੰਦੇ ਦਾ ਹੈ, ਜੋ ਬਨੀ ਨੌਅ ਇਨਸਾਨ ਨੂੰ ਖੁਦਾ ਦੇ ਜਾਣ ਕੇ ਪਿਆਰ ਕਰੇ। ਮੁਸਲਮਾਨ ਦਾ ਫਰਜ਼ ਇਨਸਾਫ ਹੈ ਰਹਿਮ ਹੈ, ਜ਼ੁਲਮ ਨਹੀਂ। ਇਉਂ ਕਹਿੰਦੇ ਏਹ ਮੁਸਲਮਾਨ ਫਕੀਰ ਜੀ ਸਿੰਘ ਜੀ ਨੂੰ ਲੈ ਕੇ ਪੱਤਰਾ ਹੋ ਗਏ। ਸ਼ੋਕ! ਇਨ੍ਹਾਂ ਨੂੰ ਪਤਾ ਨਹੀਂ ਸੀ ਕਿ ਸਿੰਘ ਜੀ ਦੀ ਵਹੁਟੀ ਤੇ ਪੁੱਤਰ ਨਾਲ ਦੀ ਹੀ ਕੋਠੜੀ ਵਿੱਚ ਤੜਫ ਰਹੇ ਸਨ।

ਇਸ ਭਲੇ ਪੁਰਖ ਦਾ ਡਰਾ ਸ਼ਹਿਰੋਂ ਬਾਹਰ ਕੁਛ ਵਾਟ ਤੇ ਸੀ, ਇਕ ਬਨ ਵਿੱਚ ਕੁਟੀਆ ਪਾ ਕੇ ਰਹਿੰਦੇ ਸਨ। ਜ਼ਾਤ ਦੇ ਇਹ ਸੱਯਦ ਸਨ ਤੇ ਅੱਲਾ ਵਾਲੇ ਫਕੀਰ ਸਨ। ਆਪ ਭਾਈ ਮਨੀ ਸਿੰਘ ਜੀ ਦੇ ਪਾਸ ਬਹੁਤ ਮੁਦਤ ਰਹੇ ਸਨ, ਅਰ ਉਨ੍ਹਾਂ ਦੀ ਕਿਰਪਾ ਕਰ ਕੇ ਹੀ ਏਹ ਫਕੀਰੀ ਨੂੰ ਪ੍ਰਾਪਤ ਹੋਏ ਸੇ। ਅਜੇ ਛੋਟੀ ਅਵਸਥਾ ਹੀ ਸੀ ਕਿ ਸਿੰਘ ਜੀ ਸ਼ਹੀਦ ਹੋ ਗਏ। ਵੈਰਾਗੀ ਹੋ ਕੇ ਆਪ ਨੇ ਏਥੇ ਬਨ ਵਿੱਚ ਡੇਰਾ ਕੀਤਾ ਤੇ ਤਪੱਸਿਆ ਕਰਦੇ ਰਹੇ। ਇਨ੍ਹਾਂ ਦੀ ਕਰਾਮਾਤ ਦੀ ਐਡੀ ਧੁੰਮ ਸੀ ਕਿ ਸਾਰੇ ਇਲਾਕੇ ਦੇ ਲੋਕ ਡਰਦੇ ਸਨ। ਕੀ ਹਾਕਮ ਕੀ ਪਿਆਦਾ ਕੋਈ ਚੂੰ ਨਹੀਂ ਸੀ ਕਰ ਸਕਦਾ। ਅੱਜ ਰਾਤ ਜਾਂ ਆਪ ਨੂੰ ਸਿੰਘ ਜੀ ਦੀ ਕਸ਼ਟਣੀ ਦੀ ਖਬਰ ਪਹੁੰਚੀ ਤਦ ਦੌੜੇ ਆਏ ਅਰ ਕਿਸੇ ਦੀ ਪਰਵਾਹ ਨਾ ਕਰ ਕੇ ਉਨ੍ਹਾਂ ਨੂੰ ਮੱਲੋ ਮੱਲੀ ਕਢਵਾ ਲਏ ਗਏ। ਉਸ ਵੇਲੇ ਜਦ ਤੁਰਕ ਹਾਕਮ ਬੇਨਿਆਈਆ ਕਰ ਰਹੇ ਸਨ ਸਾਬਰ ਸ਼ਾਹ ਵਰਗੇ ਸੱਯਦ ਮੌਜੂਦ ਸਨ ਜੋ ਪੁੱਜ ਕੇ ਨੇਕੀ ਕਰਦੇ ਸਨ। ਸੱਯਦ ਸਾਹਿਬ ਜਦੋਂ ਬਿਜੈ ਸਿੰਘ ਨੂੰ ਲੈ ਕੇ ਘਰ ਅੱਪੜੇ ਤਾਂ ਸਿੰਘ ਜੀ ਦੀ ਸੂਰਤ ਦੇਖ ਕੇ ਭਾਈ ਮਨੀ ਸਿੰਘ ਜੀ ਯਾਦ ਆ ਗਏ, ਅਰ ਕਲੇਜੇ ਐਸੀ ਧੂਹ ਪਈ ਕਿ ਢੇਰ ਚਿਰ ਤੱਕ ਰੋਏ। ਆਪਣੇ ਮੁਰਸ਼ਿਦ ਦੇ ਤਾਂ ਅੰਤਲੇ ਦਰਸ਼ਨ ਨਸੀਬ ਨਹੀਂ ਸਨ ਹੋਏ, ਪਰ ਇਨ੍ਹਾਂ ਨੂੰ ਉਨ੍ਹਾਂ ਦਾ ਰੂਪ ਜਾਣ ਕੇ ਖਿਦਮਤ ਕਰਨ ਲੱਗੇ। ਅਰ ਐਸੀ ਸੇਵਾ ਕੀਤੀ ਕਿ ਕੁਝ ਚਿਰ ਪਾ ਕੇ ਸਿੰਘ ਜੀ ਨੌ-ਬਰ-ਨੌ ਹੋ ਗਏ।

ਉਧਰ ਦਾ ਹਾਲ ਸੁਣੋ - ਹਾਕਮ ਨੂੰ ਜਦ ਖਬਰ ਹੋਈ ਸਾਬਰ ਸ਼ਾਹ ਜੀ ਸਿੰਘ ਜੀ ਨੂੰ ਕੱਢ ਲਏ ਗਏ ਹਨ, ਤਦ ਸੱਪ ਵਾਂਗੂੰ ਵਲ ਖਾ ਕੇ ਰਹਿ ਗਿਆ। ਬਥੇਰਾ ਚਾਹਿਆ ਕਿ ਕੁਝ ਕਰਾਂ ਪਰ ਮੁਸਲਮਾਨ ਫਕੀਰ ਦਾ ਡਰ ਇੱਡਾ ਬੈਠਾ ਹੋਇਆ ਸੀ ਕਿ ਕੋਈ ਅੱਖਾਂ ਸਾਹਮਣੇ ਨਹੀਂ ਸੀ ਕਰ ਸਕਦਾ। ਹੋਰ ਤਾਂ ਕੁਝ ਪੇਸ਼ ਨਾ ਗਈ, ਪਰ ਸ਼ੀਲ ਕੌਰ ਤੇ ਵਰਿਯਾਮ ਸਿੰਘ ਨੂੰ ਮਹਿਲੀਂ ਲੈ ਗਿਆ ਅਰ ਉਨ੍ਹਾਂ ਨੂੰ ਡਰਾਵੇ ਦੇਣੇ ਸ਼ੁਰੂ ਕੀਤੇ ਕਿ ਕਿਵੇਂ ਇਹ ਆਪਣਾ ਧਰਮ ਛੱਡ ਦੇਣ, ਪਰ ਕਿਸੇ ਨੇ ਇਕ ਨਾ ਮੰਨੀ। ਇਕ ਦਿਨ ਸੀਲ ਕੌਰ ਨੂੰ ਚੱਕੀ ਪੀਹਣ ਲਾ ਦਿੱਤਾ ਅਰ ਮੁੰਡੇ ਨੂੰ ਬੀ ਹਲਕੇ ਹਲਕੇ ਕੋਟੜੇ ਮਰਵਾਏ। ਉਧਰ ਸਾਬਰ ਸ਼ਾਹ ਜੀ ਨੂੰ ਸਿੰਘ ਹੁਰਾਂ ਤੋਂ ਪੁੱਤਰ ਤੇ ਵਹੁਟੀ ਦੇ ਕੈਦ ਹੋਣ ਦਾ ਪਤਾ ਲੱਗ ਗਿਆ ਸੀ। ਸਿੰਘ ਜੀ ਤਾਂ ਉਨ੍ਹਾਂ ਦੀ ਸੇਵਾ ਨਾਲ ਰਾਜ਼ੀ ਹੋ ਰਹੇ ਸਨ ਤੇ ਫਕੀਰ ਜੀ ਸ਼ੀਲ ਕੌਰ ਦੇ ਛੁਡਾਉਣ ਦਾ ਉਪਾਉ ਬੀ ਸੋਚਦੇ ਸਨ ਪਰ ਲੱਭਦਾ ਨਹੀਂ ਸੀ। ਕਿਉਂਕਿ ਭਾਵੇਂ ਫਕੀਰ ਜੀ ਦਾ ਡਰ ਸਭ ਮੰਨਦੇ ਸਨ, ਪਰ ਖਾਸ ਮਹੱਲ ਵਿੱਚ ਜਾ ਕੇ ਬਹੁਤ ਵੱਜ ਵਜਾ ਕੇ ਹੱਥ ਪਾਉਣੋਂ ਫਕੀਰ ਹੁਰੀਂ ਵੀ ਰੁਕ ਰਹੇ ਸਨ। ਕਈ ਦਿਨ ਫਕੀਰ ਨੇ ਸੋਚਾਂ ਦੇ ਘੋੜੇ ਦੁੜਾਏ, ਛੇਕੜ ਇਹ ਸੋਚ ਕੇ ਕਿ ਮਹਿਲ ਵਿੱਚ ਚੱਲ ਹੀ ਵੜੀਏ ਤੇ ਅਚਾਨਕ ਜਾ ਕੇ ਉਨ੍ਹਾਂ ਨੂੰ ਵੀ ਛੁਡਾ ਲਿਆਈਏ, ਜੋ ਹੋਊ ਸੋ ਦੇਖੀ ਜਾਊ, ਸਿੰਘ ਜੀ ਅਤੇ ਮੁਰੀਦਾਂ ਨੂੰ ਨਾਲ ਲੈ ਕੇ ਆ ਗਏ। ਦਲਾਨ ਵਿੱਚ ਵਢੇ ਸਨ ਤਦ ਉਪਰੋਂ ਆਪਣੀ ਕੋਠੜੀ ਵਿੱਚੋਂ ਸਿੰਘਣੀ ਤੇ ਭੁਜੰਗੀ ਨੇ ਬਿਜੈ ਸਿੰਘ ਦੇ ਦਰਸ਼ਨ ਕੀਤੇ; ਉਨ੍ਹਾਂ ਨੂੰ ਤੰਦਰੁਸਤ ਵੇਖ ਕੇ ਜੀ ਪ੍ਰਸੰਨ ਹੋ ਗਿਆ, ਸਭ ਦੁਖੜ ਭੁੱਲ ਗਏ। ਸ਼ੁਕਰ ਹੈ ਕਰਤਾਰ ਦਾ ਕਿ ਪ੍ਰਸੰਨ ਹੋ ਗਿਆ, ਸਭ ਦੁਖੜ ਭੁੱਲ ਗਏ। ਸ਼ੁਕਰ ਹੈ ਕਰਤਾਰ ਦਾ ਕਿ ਸਿੰਘ ਜੀ ਸਹੀ ਸਲਾਮਤ ਨਜ਼ਰ ਆਏ ਪਰ ਅਫਸੋਸ! ਮੇਲ ਹੋਣ ਦੀ ਥਾਂ ਲੰਮਾ ਵਿਛੋੜਾ ਪੈ ਗਿਆ। ਫਕੀਰ ਜੀ ਅੱਜ ਪੌੜੀਆਂ ਵਿੱਚ ਹੀ ਸਨ ਕਿ ਹਾਕਮ ਨੇ ਉਤੋਂ ਪਤਾ ਪਾ ਕੇ ਉਨ੍ਹਾਂ ਨੂੰ ਝੱਟ ਦੂਸਰੇ ਰਸਤਿਓਂ ਬਾਹਰ ਕੱਢ ਦਿੱਤਾ ਤੇ ਹੁਕਮ ਦਿੱਤਾ ਕਿ ਸਵਾਰਾਂ ਦਾ ਦਸਤਾ ਨਾਲ ਕਰਕੇ ਲਾਹੌਰ ਤੋਰ ਦਿਓ। ਆਪ ਹੇਠਾਂ ਆ ਕੇ ਉਨ੍ਹਾਂ ਨੂੰ ਅਗਲਵਾਂਢੀ ਸਤਿਕਾਰ ਨਾਲ ਮਿਲ ਪਿਆ। ਜਦੋਂ ਫਕੀਰ ਨੇ ਪੁੱਛ ਭਾਲ ਕੀਤੀ ਤਾਂ ਪਤਾ ਲੱਗਾ ਕਿ ਦੋਵੇਂ ਲਾਹੌਰ ਘੱਲੇ ਜਾ ਚੁੱਕੇ ਹਨ। ਇਹ ਪਤਾ ਪਾ ਕੇ ਆਪ ਨਿਰਾਸ ਮੁੜ ਆਏ। ਜਦੋਂ ਸਿੰਘ ਜੀ ਨੂੰ ਪਤਾ ਲੱਗਾ ਤਾਂ ਉਹ ਬੜੇ ਉਦਾਸ ਹੋਏ ਅਰ ਫਕੀਰ ਜੀ ਤੋਂ ਆਗਿਆ ਮੰਗਣ ਲੱਗੇ ਕਿ ਲਾਹੌਰ ਜਾ ਕੇ ਸਿੰਘਣੀ ਦੀ ਭਾਲ ਤੇ ਰੱਖਿਆ ਕਰੀਏ।

## ਕਾਂਡ ਗਿਆਰ੍ਹਵਾਂ

*ਜੇ ਕੋ ਸਤੁ ਕਰੇ ਸੋ ਛੀਜੈ*
*ਤਪ ਘਰਿ ਤਪੁ ਨ ਹੋਈ ॥*
*ਜੇ ਕੋ ਨਾਉ ਲਏ ਬਦਨਾਵੀ*
*ਕਲਿ ਕੇ ਲਖਣ ਏਈ ॥* *ਅੰਗ - ੯੦੨*

ਸਤ ਧਰਮ ਕਾਇਮ ਰੱਖਣ ਵਾਲਿਆਂ ਨੂੰ ਦੁਨੀਆਂ ਦੁੱਖ ਦਿੰਦੀ ਹੈ; ਨਾਮ ਸਿਮਰਨ ਵਾਲਿਆਂ ਦੀ ਬਦਨਾਮੀ ਹੁੰਦੀ ਹੈ ਤੇ ਘਰ ਘਰ ਵਾਰਾਂ ਤੁਰਦੀਆਂ ਹਨ, ਅੰਤ ਇਥੋਂ ਤਕ ਹੁੰਦਾ ਹੈ ਕਿ ਦੁਨੀਆਂ ਉਨ੍ਹਾਂ ਦੀਆਂ ਜਿੰਦਾਂ ਨੂੰ ਭੀ ਨਹੀਂ ਛੱਡਦੀ, ਪਰ ਵਾਹ ਧਰਮੀਓ! ਤੁਸੀਂ ਜਿੰਦਾਂ ਦੇਂਦੇ ਭੀ ਹੱਸਦੇ ਹੋ। ਕਾਰਨ ਇਹ ਹੈ ਕਿ ਇਨ੍ਹਾਂ ਲੋਕਾਂ ਦੇ ਹਿਰਦੇ ਵਿੱਚ ਸਾਰੇ ਕਾਰਣਾਂ ਪ੍ਰਮਾਤਮਾ ਐਉਂ ਪ੍ਰਕਾਸ਼ਤ ਹੁੰਦਾ ਹੈ ਜਿੱਕੁਰ ਦਿਨ ਨੂੰ ਸੂਰਜ। ਜਿੱਕੁਰ ਚਾਨਣ ਵਿੱਚ ਜੀਵ ਨਹੀਂ ਘਾਬਰਦੇ, ਤਿਵੇਂ ਧਰਮੀ ਜੀਵ ਪ੍ਰਮਾਤਮਾ ਦੇ ਮਿਲਾਪ ਹੋਏ ਤੇ ਉਸ ਦੇ ਪਿਆਰ ਤੇ ਚਾਨਣੇ ਵਿੱਚ ਨਹੀਂ ਡੋਲਦੇ।

ਸ਼ੀਲ ਕੌਰ ਤੇ ਭੁਜੰਗੀ ਲਾਹੌਰ ਨੂੰ ਤੋਰੇ ਗਏ। ਜਿਸ ਜੱਥੇ ਵਿੱਚ ਧਰਮੀ ਜੀਵ ਤੁਰੇ ਸਨ ਸੋ ਪੰਜ ਸੱਤ ਹੋਰ ਸਿੱਖਾਂ ਕੈਦੀਆਂ ਦੀ ਮੰਡਲੀ ਸੀ, ਅਰ ਕੁਝ ਬਾਦਸ਼ਾਹੀ ਖੁਨਾਮੀਆਂ ਕਰਨ ਵਾਲੇ

ਹੋਰ ਕੈਦੀ ਬੀ ਸਨ। ਪੰਝੀ ਤੀਹ ਕੇ ਆਦਮੀ ਇਸਤ੍ਰੀਆਂ ਦੀ ਭੀੜ ਭਾੜ ਸੀ, ਅਰ ਇਕ ਦਸਤਾ ਸਿਪਾਹੀਆਂ, ਦਾ, ਦੋ ਹਵਾਲਦਾਰ ਤੇ ਇੱਕ ਜਮਾਂਦਾਰ ਨਾਲ ਸਨ। ਏਹ ਅਹਿਦੀਏਂ ਕਠੋਰਤਾ ਦਾ ਕੰਮ ਕਰਦਿਆਂ-ਕਰਦਿਆਂ ਪੱਥਰ ਚਿੱਤ ਹੋਏ ਹੋਏ ਸਨ ਅਰ ਇਨ੍ਹਾਂ ਦੇ ਜਮਾਂਦਾਰ ਦਾ ਡਾਕੂ ਟੋਲਿਆਂ ਨਾਲ ਸੰਬੰਧ ਸੀ, ਜਿਨ੍ਹਾਂ ਦੀ ਲੁੱਟ ਦੀ ਪੱਤੀ ਨਾਲ ਇਹ ਮਾਲਾ ਮਾਲ ਹੋ ਰਿਹਾ ਸੀ ਅਰ ਆਪਣਾ ਪਿੰਡ ਵਸਾ ਲਿਆ ਸਾਸੁ। ਨੌਕਰੀ ਇਸ ਵਾਸਤੇ ਕਰੀ ਜਾਂਦਾ ਸੀ ਕਿ ਜਦ ਕਦੇ ਉਸ ਦੇ ਧਾੜਵੀ ਮਿੱਤ੍ਰ ਘੜੇ ਜਾਂਦੇ ਤਦ ਕਿਸੇ ਨਾ ਕਿਸੇ ਹੀਲੇ ਨਾਲ ਉਨ੍ਹਾਂ ਨੂੰ ਛਡਵਾ ਦਿੰਦਾ ਸੀ। ਉਸ ਹਨ੍ਹੇਰੇ ਸਮੇਂ ਕਈ ਐਸੇ ਹਾਕਮ ਹੁੰਦੇ ਸੇ ਜੋ ਉਪਰੋਂ ਤਾਂ ਸਰਕਾਰੀ ਨੌਕਰ ਬਣੇ ਰਹਿੰਦੇ ਤੇ ਅੰਦਰੋਂ ਪਰਜਾ ਦਾ ਘਾਤ ਕਰਵਾਉਂਦੇ ਰਹਿੰਦੇ। ਜਦ ਪਾਤਸ਼ਾਹਾਂ ਤਕ ਖਬਰਾਂ ਪਹੁੰਚ ਜਾਂਦੀਆਂ ਤਦ ਸਿੱਖਾਂ ਦੇ ਮੱਥੇ ਮਲ ਕੇ ਛੁਟਕਾਰਾ ਪਾ ਜਾਂਦੇ ਅਰ ਬਹੁਤ ਵੇਰੀ ਬੇਗੁਨਾਹ ਸਿੱਖਾਂ ਨੂੰ ਫੜ ਕੇ ਅੱਗੇ ਢੋ ਦਿੰਦੇ ਕਿ ਇਨ੍ਹਾਂ ਨੇ ਡਾਕੇ ਮਾਰੇ ਹਨ ਅਰ ਦੇਸ਼ ਨੂੰ ਲੁੱਟਿਆ ਹੈ। ਇੱਕੁਰ ਅਨੇਕਾਂ ਬੇਗੁਨਾਹ ਪਰਮੇਸੁਰ ਦੇ ਪਿਆਰੇ ਸਿੱਖ, ਜੋ ਬੇਗੁਨਾਹਾਂ ਨੂੰ ਮਾਰਨ ਦਾ ਵਲ ਵੀ ਨਹੀਂ ਜਾਣਦੇ ਸੇ ਅਰ ਧਰਮ ਦੀ ਕੌਡੀ ਫੁੱਲੀ ਦਾ ਡੋਡਾ ਬੀ ਅੰਗੀਕਾਰ ਨਹੀਂ ਕਰਦੇ ਸੇ, ਜਿੰਦਾਂ ਗੁਆਂ ਬੈਠਦੇ ਸੇ। ਜੇ ਤਾਂ ਵੱਡੇ ਹਾਕਮ ਕੁਝ ਦਿਲ ਦੇਣ ਵਾਲੇ ਹੁੰਦੇ ਤਾਂ ਸੱਚ ਝੂਠ ਦੇ ਨਿਤਾਰੇ ਹੁੰਦੇ ਪਰ ਉਹ ਤਾਂ ਅੱਗੇ ਸਿੱਖ ਨਾਮ ਤੋਂ ਗੁੱਸੇ ਵਿੱਚ ਭਰੇ ਪੀਤੇ ਰਹਿੰਦੇ ਸਨ। ਜਦ ਛੋਟੇ ਹਾਕਮ ਉਂਜ ਸਿੱਖਾਂ ਨੂੰ ਲਾਉਂਦੇ ਤਾਂ ਉਹ ਝੱਟ ਮੰਨ੍ਹਾ ਕਰ ਲੈਂਦੇ ਸੱਚ ਝੂਠ ਦੇ ਨਿਤਾਰੇ ਦਾ ਜਤਨ ਨਾ ਕਰਦੇ। ਜਿੱਕੁਰ ਅੱਜਕੱਲ੍ਹ ਅਦਾਲਤਾਂ ਬਣੀਆਂ ਹੋਈਆਂ ਹਨ, ਪੁਲਿਸ ਜੁਦਾ ਹੈ, ਅਦਾਲਤਾਂ ਵੱਖ ਹਨ, ਫਿਰ ਇੱਕ ਤੋਂ ਦੂਈ ਤੇ ਦੂਈ ਤੋਂ ਅੱਗੇ ਸੂਬੇ ਦੀਆਂ ਵੱਡੀਆਂ ਅਦਾਲਤਾਂ ਹਨ, ਕਾਨੂੰਨ ਬਣੇ ਹੋਏ ਹਨ ਤੇ ਕਾਨੂੰਨ ਦੀ ਰਹਿਬਰੀ ਵਿੱਚ ਟੁਰਨ ਲਈ ਬੀ ਕਾਨੂੰਨ ਲਿਖੇ ਹੋਏ ਹਨ, ਵਕੀਲ ਮਦਦ ਲਈ ਹਨ, ਆਦਿਕ। ਚਾਹੇ ਮਾੜੇ ਹਾਕਮ ਇਸ ਸਿਲਸਿਲੇ ਵਿੱਚ ਬੀ ਮਾੜਾਪਨ ਕਰ ਸਕਦੇ ਤੇ ਕਰ ਜਾਂਦੇ ਹਨ, ਪਰ ਕੋਈ ਤਰੀਕਾ ਤਾਂ ਹੈ ਤੇ ਇਸ ਤਰ੍ਹਾਂ ਸੱਚ ਝੂਠ ਦੇ ਨਿਤਰ ਪੈਣ ਦਾ ਵਧੇਰੇ ਮੌਕਿਆਂ ਬੀ ਹੁੰਦਾ ਹੈ। ਨਾ ਤਾਂ ਇਸ ਪ੍ਰਕਾਰ ਦੇ ਕੋਈ ਤਰੀਕੇ ਉਸ ਸਮੇਂ ਹੈ ਸਨ ਤੇ ਨਾ ਹੀ ਅਕਬਰ ਵਾਲੀ ਚੋਣ ਹਾਕਮਾਂ ਦੀ ਸੀ ਕਿ ਨੇਕ ਧਰਮੀ ਢੂੰਡ ਢੂੰਡ ਕੇ ਰੱਖੇ ਜਾਣ ਤੇ ਨਿਆਂ ਕਰਨ ਦਾ ਪੂਰਾ ਪੂਰਾ ਜਤਨ ਹੋਵੇ। ਨਾ ਹੀ ਮਹਾਰਾਜਾ ਰਣਜੀਤ ਸਿੰਘ ਵਾਲੇ ਕੰਮ, ਚੰਗੀ ਚੋਣ, ਆਪਣੀ ਨਿਗਰਾਨੀ ਤੇ ਅਦਲ ਵੱਲ ਖਾਸ ਤਵੱਜੋ ਦਾ ਤਰੀਕਾ ਸੀ। ਇਸ ਸਮੇਂ ਅਨਯਾਯ ਕਈ ਢੰਗਾਂ ਨਾਲ ਪ੍ਰਵਿਰਤ ਸੀ, ਜਿਵੇਂ ਪਠਾਣਾਂ ਦੇ ਅੰਤ ਸਮੇਂ ਅੰਧਕਾਰ ਸੀ, ਜਿਸ ਬਾਬਤ ਸਤਿਗੁਰ ਨਾਨਕ ਦੇਵ ਜੀ ਨੇ ਡਿੱਠਾ ਹਾਲ ਦੱਸਿਆ ਹੈ -

***ਰਾਜੇ ਸੀਹ ਮੁਕਦਮ ਕੁਤੇ ॥***
***ਜਾਇ ਜਗਾਇਨਿ੍ ਬੈਠੇ ਸੁਤੇ ॥   ਅੰਗ - ੧੨੮੮***
***ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ॥***

ਉਸੇ ਤਰ੍ਹਾਂ ਇਸ ਮੁਗਲਾਂ ਦੇ ਅਖੀਰਲੇ ਸਮੇਂ ਬੀ ਧੱਕੇਸ਼ਾਹੀ ਪ੍ਰਧਾਨ ਸੀ।

ਜਦ ਏਹ ਕੈਦੀ ਤੁਰੇ ਤਦ ਇਕ ਇਕ ਕੈਦੀ ਦੇ ਨਾਲ ਦੋ ਦੋ ਸਿਪਾਹੀ ਕੀਤੇ ਗਏ, ਕੈਦੀਆਂ ਦੇ ਹੱਥ ਬੀ ਬੰਨ੍ਹੇ ਹੋਏ ਸੇ। ਇਸ ਪ੍ਰਕਾਰ ਦੁੱਖਾਂ ਦੇ ਪੈਂਡੇ ਮੁਕਾਉਂਦਿਆਂ ਜਦ ਦੋ ਕੁ ਦਿਨ ਬੀਤੇ ਤਦ ਜਮਾਂਦਾਰ ਸਾਹਿਬ ਦੀ ਸਵੇਰ ਸਾਰ ਸ਼ੀਲ ਕੌਰ ਪੁਰ ਨਜ਼ਰ ਪੈ ਗਈ। ਉਸ ਦੇ ਸੁਹਲ ਹੱਥਾਂ ਨੂੰ ਨੀਲ ਪਏ ਤੇ ਘਾਸਾਂ ਲੱਗ ਕੇ ਜੀਕਾਂ ਪੈ ਰਹੀਆਂ ਦੇ ਕਲੇਸ਼ ਨੂੰ ਦੇਖ ਕੇ ਇਸ ਦਾ ਕਟੜਾ ਹਿਰਦਾ ਬੀ ਪੰਘਰ ਪਿਆ। ਜਮਾਂਦਾਰ ਨੇ ਮਾਂ ਪੁੱਤਰ ਦੀਆ ਹੱਥ-ਕੜੀਆ ਉਤਾਰਨੇ ਦਾ ਹੁਕਮ ਦਿੱਤਾ ਅਰ ਸਿਪਾਹੀ ਇਕ ਹੋਰ ਉਨ੍ਹਾਂ ਦੇ ਨਾਲ ਕਰ ਦਿੱਤਾ।

ਰਾਤ ਆ ਗਈ, ਇੱਕ ਸਰਾਂ ਵਿੱਚ ਡੇਰਾ ਹੋਇਆ, ਸਭ ਕੈਦੀ ਉਸੇ ਤਰ੍ਹਾਂ ਦੁਖਾਂ ਦੇ ਵਿੱਚ ਪਏ ਰਾਤ ਬਿਤਾਉਣ ਲੱਗੇ, ਪਰ ਸ਼ੀਲ ਕੌਰ ਤੇ ਭੁਜੰਗੀ ਨੂੰ ਅੱਜ ਉਲਟਾ ਕੰਮ ਆ ਪਿਆ, ਚੰਗੇ ਸੁਥਰੇ ਕੋਠੇ ਵਿੱਚ ਉਤਾਰਾ ਮਿਲਿਆ, ਪੱਕੇ ਪਕਾਏ ਚੰਗੇ ਪ੍ਰਸ਼ਾਦੇ ਖਾਣ ਨੂੰ ਆਏ, ਸੌਣ ਵਾਸਤੇ ਕੁਝ ਬਿਸਤਰੇ ਆਦਿ ਸਾਮਾਨ ਬੀ ਆ ਮੌਜੂਦ ਹੋਏ।

ਸ਼ੀਲ ਕੌਰ ਦਾ ਸਿਆਣਾ ਮਨ ਸੋਚਦਾ ਸੀ ਕਿ ਕੀ ਕਾਰਨ ਹੈ ਜੋ ਐਸ ਤਰ੍ਹਾਂ ਕਿਸਮਤ ਪਲਟਾ ਖਾ ਰਹੀ ਹੈ? ਜੀ ਵਿੱਚ ਲਖਦੀ ਸੀ ਕਿ ਕੋਈ ਹਰ ਥਲਾ ਆ ਰਹੀ ਜਾਪਦੀ ਹੈ। ਜਿੱਕੁਰ ਹਨ੍ਹੇਰੀ ਵਗਣ ਤੋਂ ਪਹਿਲੇ ਪੌਣ ਹਿੱਲਣੋਂ ਬਿਲਕੁਲ ਬੰਦ ਹੋ ਜਾਂਦੀ ਹੈ, ਮਾਨੋਂ ਹੈ ਹੀ ਨਹੀਂ, ਤਿਵੇਂ ਜਦ ਵਿਚਾਰੀ ਤੇ ਬਿਪਤਾ ਪਈ, ਪਹਿਲੇ ਪੂਰਨ ਚੁੱਪ ਚਾਪ ਜੇਹੀ ਨੇ ਮੂੰਹ ਦਿਖਾਇਆ ਤੇ ਫੇਰ ਬਿਪਤਾ ਪਈ, ਪਹਿਲੇ ਪੂਰਨ ਚੁੱਪ ਚਾਪ ਜੇਹੀ ਨੇ ਮੂੰਹ ਦਿਖਾਇਆ ਤੇ ਫੇਰ ਬਿਪਤਾ ਨੇ ਦਬਾਇਆ। ਐਸੀਆਂ ਸੋਚਾਂ ਨੂੰ ਸੋਚਦੀ ਨੇ ਜਿਗਰ ਦੇ ਟੁਕੜੇ ਨੂੰ ਤਾਂ ਸੁਆ ਦਿੱਤਾ, ਪਰ ਆਪ ਬੈਠੀ ਪਾਠ ਲੱਗੀ ਕਰਨ। ਅੱਧੀ ਕੁ ਰਾਤ ਬੀਤ ਗਈ। ਬਾਣੀ ਦੇ ਪਾਠ ਦੀ ਮਧੁਰ ਸੁਰ ਨੇ ਬੈਕੁੰਠ ਦਾ ਪ੍ਰਭਾਉ ਬੰਨ੍ਹ ਦਿਤਾ ਅਰ ਉਚੜ ਚਿੱਤੀ ਲਾਉਣੇ ਵਾਲੀਆਂ ਘੜੀਆਂ ਆਨੰਦ ਜੁੜਦੀ ਗਈ, ਇੰਨਾਂ ਜੁੜੀ ਕਿ ਅੰਗ ਬੀ ਹਿੱਲਣੋਂ ਰਹਿ ਗਏ। ਅੰਦਰਲੇ ਦਾ ਸਹਿਜ ਰੌ ਵਾਹਿਗੁਰੂ ਜੀ ਵਿੱਚ ਲੱਗ ਕੇ ਜੁੜ ਗਿਆ। ਜਦ ਸਭ ਦੁਨੀਆਂ ਸੌਂ ਗਈ ਅਰ ਕੋਈ ਜਾਗਦਾ ਨਾ ਰਿਹਾ, ਬਿਨਾਂ ਰੋਗੀ ਤੇ ਜੋਗੀ ਦੇ, ਅਥਵਾ ਇਸ ਸਾਰੇ ਪਸਾਰੇ ਦੀ ਅੰਮਾਂ ਕੁਦਰਤ ਦੇ, ਤਦ ਸ਼ੀਲ ਕੌਰ ਦਾ ਬੂਹਾ ਖੜਕਿਆ, ਪਰ ਉਹ ਹਿੱਲੀ ਨਾ। ਘੜੀ ਕੁ ਮਗਰੋਂ ਚੂਥੀ ਪੁੱਟੀ ਗਈ ਅਰ ਇੱਕ ਸਿਪਾਹੀ ਨੇ ਸੁਣਾਉਣੀ ਸੁਣਾਈ ਕਿ ਜਮਾਂਦਾਰ ਸਾਹਿਬ ਯਾਦ ਕਰਦੇ ਹਨ। ਪਰ ਸ਼ੀਲ ਕੌਰ ਅਡੋਲ ਟਿਕੀ ਰਹੀ, ਉੱਤਰ ਝੱਕ ਨਹੀਂ ਮੂੰਹੋਂ ਨਿਕਲਿਆ, ਮਾਨੋ ਕੋਈ ਪੱਥਰ ਦੀ ਮੂਰਤੀ ਧਰੀ ਹੈ। ਜਿਉਂ-ਜਿਉਂ ਉਹ ਬੁਲਾਵੇ ਉਸ ਭਜਨ ਮੂਰਤਿ ਦੀ ਅੰਦਰਲੀ ਬਿਰਤੀ ਇਕੱਠੀ ਹੀ ਹੋਈ ਰਹੀ। ਸਿਪਾਹੀ ਨੂੰ ਉਸ ਵੱਲ ਤੱਕ ਕੇ ਕੁਛ ਭੈ ਆਇਆ, ਭੈ ਖਾ ਕੇ ਹੱਕਾ ਬੱਕਾ ਹੋ ਪਿਛੇ ਮੁੜ ਗਿਆ ਅਰ ਜਾ ਖਬਰ ਸੁਣਾਈ ਓਸੁ ਕਿ ਉਹ ਤਾਂ ਪੱਥਰ ਹੋਈ ਬੈਠੀ ਹੈ ਤੇ ਉਸ ਵਲ ਤਕਦਿਆਂ ਹੌਲ ਪੈਂਦਾ ਹੈ। ਇਸ ਵੇਲੇ ਝੱਖੜ ਝੁੱਲ ਰਿਹਾ ਸੀ ਓਥੋਂ ਆਦਮੀ ਆਏ ਜਾਂ ਉਨ੍ਹਾਂ ਨੇ ਆ ਕੇ ਅੰਦਰ ਝਾਤ ਪਾਈ ਤਾਂ ਉਹ ਵੀ

ਸਹਿੰਮੇ। ਇੱਕ ਦਾ ਸਿਰ ਘਬਰਾਇਆ ਤੇ ਦੂਸਰੇ ਦਾ ਕਲੇਜਾ ਤ੍ਰਬਕਿਆ। ਜਿੱਕੁਰ ਸੱਪ ਨਿਕਲੇ ਤੇ ਲੋਕ ਦੂਰੋਂ ਦੀਵਾ ਅੱਗੇ ਕਰ ਕਰ ਦੇਖਦੇ ਹਨ, ਪਰ ਅੱਗੇ ਕਦਮ ਇਕ ਨਹੀਂ ਪੁਟਦੇ ਤਿਵੇਂ ਇਹ ਸਿਪਾਹੀ ਦੀਵਾ ਅੱਗੇ-ਅੱਗੇ ਕਰ ਕੇ ਦੇਖਣ ਦਾ ਯਤਨ ਕਰਨ, ਪਰ ਪੈਰ ਦਲ੍ਹੀਜੋਂ ਅੰਦਰ ਨਾ ਪਾਉਣ, ਛੇਕੜ ਇਹ ਭੀ ਹੌਲ ਖਾ ਖਾ ਕੇ ਮੁੜ ਗਏ। ਸ਼ੀਲ ਕੌਰ ਬਿਹੋਸ਼ ਨਹੀਂ ਸੀ, ਪਰ ਆਪਣੇ ਆਪ ਵਿੱਚ ਨਿਮਗਮ ਐਸੀ ਜੁੜੀ ਹੋਈ ਸੀ ਕਿ ਮਾਨੋ ਬੇਸੁਧ ਹੀ ਸੀ, ਪਰ ਉਹ ਸੀ ਲਿਵ ਦੀ ਅੰਤਰਮੁਖ ਜੁੜ ਵਿਚ।

ਜਦ ਜਮਾਂਦਾਰ ਨੇ ਸੁਣਿਆ ਕਿ ਉਹ ਬੀਬੀ ਪੱਥਰ ਹੋਈ ਬੈਠੀ ਹੈ ਤੇ ਉਸ ਕੋਲ ਜਾਂਦਿਆਂ ਹੌਲ ਉਠਦਾ ਹੈ ਤੇ ਇੱਕ ਤੋਂ ਵਧੀਕ ਆਦਮੀ ਸਾਖ ਭਰਦੇ ਹਨ, ਤਦ ਉਸ ਦਾ ਦਿਲ ਬੀ ਕੁਛ ਸਹਿਮਿਆਂ। ਪਾਪ ਕਰਨ ਵੇਲੇ ਦਿਲ ਭਾਵੇਂ ਕਰੜਾ ਹੁੰਦਾ ਹੈ, ਪਰ ਜੇ ਕਦੇ ਭੈ ਦੀ ਨੋਕ ਉਸ ਵੇਲੇ ਹਿਰਦੇ ਵਿੱਚ ਚੁੱਭ ਜਾਵੇ ਤਦ ਕਾਇਰਤਾ ਜ਼ੋਰ ਪਾ ਲੈਂਦੀ ਹੈ।

ਜਮਾਂਦਾਰ ਜੀ ਸਨ ਇਕ ਕੁਲੀਨ ਪੁਰਖ, ਇਖਲਾਕੀ ਸਾਹਿਤ ਬੀ ਪੜ੍ਹੇ ਹੋਏ ਸਨ, ਦਿਨ ਦੇ ਬੀ ਕਠੋਰ ਨਹੀਂ ਸਨ। ਸੀ ਤਾਂ ਕੁਸੰਗ ਦਾ ਅਸਰ ਸੀ, ਤੇ ਆਪਣੇ ਮਹਿਕਮੇ ਦੇ ਮਾੜੇ ਲੋਕਾਂ ਦੀ ਰੀਸੋ-ਰੀਸੀ ਮਾੜਾ ਅਸਰ ਲੈ ਲੈ ਕੇ ਮਾੜੇ ਹੋ ਰਹੇ ਸੋ। ਹੁਣ ਜਦ ਸਹਿਮ ਛਾਇਆ ਤਾਂ ਆਪਣੇ ਧਰਮ ਵਿੱਚ, ਜੋ ਸਮਾਚਾਰ ਭਲੇ ਪੁਰਸ਼ਾਂ ਦੇ ਪੜ੍ਹੇ ਹੋਏ ਸਨ ਅਰ ਦੁਸ਼ਟਾਂ ਦੇ ਤਸੀਹਿਆਂ ਹੇਠ ਖੁਦਾ ਦੀ ਉਨ੍ਹਾਂ ਨਾਲ ਮ੍ਰੈਤੀ ਦੇ ਸਮਾਚਾਰ ਸੁਣੇ ਹੋਏ ਸਨ, ਸਾਰੇ ਚੇਤੇ ਆ ਗਏ। ਦਾਨੀਆਲ ਦਾ ਸ਼ੇਰਾਂ ਅੱਗੇ ਸਿੱਟੇ ਜਾਣਾ ਤੇ ਸ਼ੇਰਾਂ ਦਾ ਉਸ ਦੇ ਪੈਰ ਚੁੰਮਣੇ, ਫਰਊਨ ਦੇ ਜ਼ੁਲਮਾਂ ਹੇਠ ਮੂਸਾ ਦਾ ਵਾਲ ਵਿੰਗਾ ਨਾ ਹੋਣਾ, ਸਭ ਮਾਜਰੇ ਅੱਖਾਂ ਅੱਗੇ ਆ ਖਲੋਤੇ। ਦਿਲ ਵਿੱਚ ਟੋਏ ਪੈਂਦੇ ਜਾਣ, ਉਨ੍ਹਾਂ ਟੋਇਆਂ ਵਿੱਚ ਕੀਤੇ ਕੁਕਰਮਾਂ ਦੇ ਡੰਗ ਵਜਦੇ ਜਾਣ, ਪਰ ਆਪਣੇ ਸਿਪਾਹੀਆਂ ਵਿੱਚ ਪਤਾ ਨਾ ਲੱਗ ਜਾਏ ਕਿ ਇਹ ਬੀ ਡਰ ਗਿਆ ਹੈ, ਇਸ ਲਈ ਹੌਂਸਲੇ ਦੀਆਂ ਗੱਲਾਂ ਕਰੀ ਜਾਵੇ। ਇੱਕੁਰ ਹੌਂਸਲਾ ਕਰਦਿਆਂ ਬੀ ਰੰਗ ਉਡਣ ਲੱਗ ਗਿਆ, ਘਨਘੋਰ ਘਟਾ ਨਾਲ ਘਿਰੀ ਤੇ ਕਾਲੀ ਬੋਲੀ ਰਾਤ ਨੇ ਹੋਰ ਡਰ ਦਾ ਸਮਾਂ ਬੰਨ੍ਹ ਦਿੱਤਾ, ਕਿਸੇ ਪਾਸਿਓਂ ਉੱਲੂ ਦੀ ਆਵਾਜ਼ ਆਈ, ਕਲੇਜਾ ਹੋਰ ਸਹਿਮ ਗਿਆ। ਝੱਖੜ ਤਾਂ ਝੁੱਲ ਹੀ ਰਿਹਾ ਸੀ, ਹੁਣੇ ਖੇਉਂਦਾ ਬੀ ਸੀ ਤੇ ਗੱਜਦਾ ਬੀ ਸੀ। ਹਨ੍ਹੇਰੇ ਵਿੱਚ ਗੋਲ ਗੋਲ ਛੱਲੇ ਅੱਖਾਂ ਅੱਗੇ ਆਉਣ, ਜੋ ਵੱਡੇ-ਵੱਡੇ ਹੁੰਦੇ ਮੂੰਹ ਪਾੜ-ਪਾੜ ਡਰਾਉਣ ਅਰ ਉੱਡਦੇ ਜਾਣ ਅਰ ਹੋਰ ਉਨ੍ਹਾਂ ਦੀ ਥਾਂ ਆਉਂਦੇ ਜਾਣ। ਛੇਕੜ ਫੇਰ ਕਜ ਕਜ ਕੇ ਦੀਵਾ ਆਇਆ, ਫੇਰ ਤੁਰੇ; ਜਦ ਕੋਠੜੀ ਦੇ ਕੋਲ ਪਹੁੰਚੇ ਤਦ ਦੀਵੇ ਵਾਲੇ ਨੂੰ ਠੁੱਡਾ ਲੱਗਾ, ਦੀਵਾ ਡਿੱਗ ਪਿਆ ਤੇ ਚੁਕਣ ਵਾਲਾ ਢਹਿ ਪਿਆ। ਜਮਾਂਦਾਰ ਨੇ ਕੋਠੜੀ ਦੇ ਅੰਦਰ ਝਾਤ ਪਾਈ ਤਾਂ ਕੀ ਝਾਉਲਾ ਪਿਆ ਕਿ ਮਾਨੋਂ ਅੱਗ ਬਲ ਰਹੀ ਹੈ, ਪਰ ਬੀਬੀ ਤੇ ਉਸ ਦੇ ਪੁੱਤਰ ਨੂੰ ਸਾੜਦੀ ਨਹੀਂ। ਜਮਾਂਦਾਰ ਨੇ ਦਲ੍ਹੀਜਾਂ ਤੇ ਪੈਰ ਰੱਖਿਆ ਤਾਂ ਸੇਕ ਲੱਗਾ; ਡਰ ਕੇ ਪਿੱਛੇ ਹਟ ਖਲੋਤਾ। ਇਸ ਦੇ ਨਾਲ ਦਾ ਇੱਕ ਸਿਪਾਹੀ ਕੀ ਦੇਖਦਾ ਹੈ ਕਿ ਇੱਕ ਸ਼ੇਰ ਮਾਂ ਪੁੱਤਾਂ ਦੇ ਦੁਆਲੇ ਪ੍ਰਕਰਮਾ ਕਰ ਰਿਹਾ ਹੈ ਅਰ ਘੂਰ ਕੇ ਇਨ੍ਹਾਂ ਵਲ ਤੱਕਦਾ ਹੈ। ਫੇਰ ਉਸ ਨੂੰ ਐਉਂ ਲੱਗਾ ਕਿ ਸ਼ੇਰ ਗੱਜਿਆ ਅਰ ਸਿਪਾਹੀ ਡਰ ਕੇ ਡਿੱਗ ਪਿਆ। ਬਾਹਰ ਬਿਜਲੀ ਕੜਕ ਰਹੀ ਸੀ, ਅੰਦਰ ਬਿਜਲੀ ਦੀ ਲਿਸ਼ਕ ਨਾਲ ਭਰ ਗਿਆ ਸੀ। ਹੁਣ ਫੇਰ ਬਾਹਰੋਂ ਕੜਕਵੀਂ ਗਰਜ ਉੱਠੀ, ਝਾਉਲਾ ਪਿਆ ਕਿ ਇੱਕ ਕੋਈ ਅੱਲਾ ਵਾਲੇ ਸਾਹਿਬ ਖੜ੍ਹੇ ਹਨ ਅਰ ਅਜ਼ਰਾਈਲ ਫਰਿਸਤੇ ਨੂੰ ਕੁਝ ਐਉਂ ਦਾ ਕਹਿ ਰਹੇ ਹਨ, 'ਇਨ ਸਿਪਾਹੀਓਂ ਕੋ ਔਰ ਜਮਾਂਦਾਰ ਕੋ ਗੰਧਕ ਕੇ ਜਲਤੇ ਹੂਏ ਦੋਜ਼ਖ ਮੇਂ ਡਾਲ ਦੇ। ਮੀਂਹ ਹੁਣ ਮੋਲ੍ਹੇਧਾਰ ਵੱਸ ਰਿਹਾ ਸੀ ਤੇ ਹਨ੍ਹੇਰੀ ਜ਼ੋਰ ਦੀ ਵਗ ਰਹੀ ਸੀ, ਸਿਪਾਹੀ ਨੂੰ ਕੀ ਝਾਂਵਲਾ ਪਿਆ ਕਿ ਫਰਿਸਤਾ ਗੁਰਜ ਉਲਾਰਦਾ ਹੈ। ਸਹਿਮ ਖਾ ਕੇ ਇਸ ਦਾ ਸਿਰ ਚਕਰਾਇਆ ਤੇ ਡਿੱਗ ਪਿਆ। ਜਮਾਂਦਾਰ ਭੈ-ਭੀਤ ਹੋ ਰਿਹਾ ਸੀ, ਸੋਚ ਬੀ ਰਿਹਾ ਸੀ ਕਿ ਇਹ ਕੀਕੂੰ ਭੈ ਹਟੇ ਤਾਂ ਹੁਣ ਦੂਜੇ ਸਿਪਾਹੀ ਨੂੰ ਮੁਫਤੀ ਰੁਕਨਦੀਨ ਵੱਲ ਤੋਰਿਆ ਕਿ ਜਾ ਕੇ ਉਸ ਨੂੰ ਜਗਾ ਲਿਆਵੇ, ਜੋ ਓਹੋ ਕੋਈ ਕਲਾਮ ਪੜ੍ਹ ਕੇ ਇਸ ਭੈ ਨੂੰ ਦੂਰ ਕਰ। ਕੰਬਦੇ ਦਿਲ ਸਿਪਾਹੀ ਉਪਰ ਗਿਆ। ਜਮਾਂਦਾਰ ਭਾਰੀ ਸਹਿਮ ਵਿੱਚ ਸੀ। ਬਾਬੇ ਬੰਦੇ ਦੇ ਵੇਲੇ ਤੋਂ ਆਮ ਮੁਸਲਮਾਨਾਂ ਵਿੱਚ ਪੱਕਾ ਖਿਆਲ ਬੈਠਾ ਹੋਇਆ ਸੀ ਕਿ ਸਿੱਖਾਂ ਕੋਲ ਕੋਈ ਕਲਾਮ ਹੈ ਜੋ ਬੜੀ ਤਾਸੀਰ ਵਾਲੀ ਹੈ। ਜਮਾਂਦਾਰ ਸੋਚਦਾ ਸੀ ਕਿ ਇਹ ਤ੍ਰੀਮਤ ਭੀ ਉਨ੍ਹਾਂ ਕਲਾਮਾਂ ਦੀ ਵਾਕਫ ਹੋਣੀ ਹੈ, ਜੋ ਲੋਕੀ ਦਸਦੇ ਹਨ ਕਿ ਸਿੱਖ ਲੋਕ ਪੜ੍ਹ ਕੇ ਆਪਣਾ ਆਪ ਬਚਾ ਲੈਂਦੇ ਹਨ। ਠੀਕ ਹੈ, ਅੱਜ ਸਾਰਾ ਦਿਨ ਜਦ ਮੈਂ ਇਸ ਨੂੰ ਦੇਖਣ ਆਉਂਦਾ ਰਿਹਾ ਹਾਂ ਤਾਂ ਇਸਦੇ ਬੁਲ੍ਹ ਫਰਕਦੇ ਹੀ ਦਿੱਸਦੇ ਰਹੇ। ਇਹ ਜ਼ਰੂਰ ਕੋਈ ਕਲਾਮ ਪੜ੍ਹਦੀ ਪਈ ਸੀ, ਕੀ ਕੀਤਾ ਜਾਵੇ? ਹੁਣ ਮੁਫਤੀ ਸਾਹਿਬ ਆ ਗਏ। ਆਏ ਤਾਂ ਸਹੀ ਪਰ ਸਹਿਮੇ ਹੋਏ, ਕੋਠੜੀ ਦਾ ਜੋ ਸਮਾਚਾਰ ਸੁਣ ਚੁੱਕੇ ਸਨ ਐਸਾ ਜੀ ਪਰ ਬੈਠਾ ਸੀ ਕਿ ਆ ਆ ਕੇ ਹੌਂਸਲੇ ਦੇ ਖੰਘੂਰੇ ਤਾਂ ਮਾਰਨ ਪਰ ਉਧਰ ਤੱਕਣ ਹੀ ਨਾ। ਜਮਾਂਦਾਰ ਨੇ ਕਿਹਾ, ਮੁਫਤੀ ਜੀ। ਕੋਈ ਕਲਾਮ ਪੜ੍ਹੋ। ਮੁਫਤੀ ਜੀ ਆਇਤ ਕਰੀਮਾ ਪੜ੍ਹਨ ਲੱਗ ਗਏ ਪਰ ਸੁਰ ਥਿਥਕਵੀਂ ਨਿਕਲੇ।

ਹੁਣ ਜ਼ਮੀਨ ਭੁਚਾਲ ਨਾਲ ਕੰਬੀ; ਉਤੋਂ ਬੱਦਲਾਂ ਦੀ ਗੜਗੜ ਦਾ ਸ਼ਬਦ ਉਠਿਆ ਪਰ ਭਾਸਿਆ ਐਉਂ ਕਿ ਜ਼ਮੀਨ ਦੇ ਅੰਦਰੋਂ ਕੋਈ ਅਵਾਜ਼ ਆਈ ਹੈ। ਉਨ੍ਹਾਂ ਜਾਤਾ ਕਿ ਜ਼ਮੀਨ ਪਾਟ ਚੱਲੀ ਹੈ। ਮੁਫਤੀ ਤੇ ਸਿਪਾਹੀ ਤਾਂ ਉੱਠ ਨੱਠੇ, ਪਰ ਪੱਲਾ ਇੱਕ ਬ੍ਰਿਛ ਦੇ ਖੁੰਘੇ ਨਾਲ ਅੜ ਗਿਆ, ਉਨ੍ਹਾਂ ਜਾਤਾ ਕਿਸੇ ਭੂਤ ਨੇ ਫੜ ਲਿਆ ਹੈ ਡਡਿਆ ਕੇ ਡਿੱਗੇ। ਜਮਾਂਦਾਰ ਸਾਹਿਬ ਨੇ ਕਈ ਸ਼ਕਲਾਂ ਵੇਖੀਆਂ ਪਰ ਫੇਰ ਨੱਠੇ, ਕੀ ਦੇਖਦੇ ਹਨ ਕਿ ਕੋਠੜੀ ਦੀ ਅੱਗ ਵਿਚੋਂ ਬਿਜਲੀ ਉੱਠੀ ਅਰ ਕੜਕ ਕੇ ਅੱਗੇ ਤੁਰ ਪਈ ਅਰ ਐਸੇ ਜ਼ੋਰ ਦੀ ਵੱਜਦੀ ਭਾਸੀ ਕਿ ਧਬੱਕ ਖਾ ਕੇ ਡਿੱਗੇ, ਕਪੜਿਆਂ ਨੂੰ ਅੱਗ ਲੱਗ ਗਈ ਜਾਪੀ; ਅਸਹਿ ਪੀੜਾ ਨੇ ਵਿਆਕੁਲ ਕਰ ਦਿੱਤਾ। ਫੇਰ ਕੀ ਦੇਖਦੇ ਹਨ ਕਿ ਅਜ਼ਰਾਈਲ ਨੇ ਫੜ ਕੇ ਅੱਗ ਦੇ ਨਰਕ ਵਿੱਚ ਪਾ ਦਿੱਤਾ ਹੈ ਅਰ ਉੱਥੇ ਚੁੜ ਰਿਹਾ ਹਾਂ, ਪਰ ਜਿੰਦ ਨਹੀਂ ਮਰਦੀ।

☬☬☬☬☬

# ਮਾਰਗ ਚੋਣ
# (Choosing A Path)

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

## ਅਧਿਆਇ ਚੌਥਾ

## ਕਰਮ ਯੋਗ

## ਕ੍ਰਿਆ ਅਤੇ ਸੁਆਰਥਹੀਣ ਸੇਵਾ ਮਾਰਗ

ਕਰਮ ਵਾਸਤਵ ਵਿੱਚ ਪੂਰਣ ਨਿਆ ਦਾ ਵਾਸਤਵਿਕ ਪ੍ਰਗਟਾਵਾ ਹੈ, ਉਹ ਵਾਸਤਵਿਕ ਨਿਆਂ ਜਿਹੜਾ ਸਾਡੇ ਅੰਦਰ ਹੈ। ਇਹ ਬ੍ਰਹਿਮੰਡ ਦਾ ਨਿਯਮ ਹੈ ਜਿਹੜਾ ਸੂਖਮ ਬ੍ਰਹਿਮੰਡ ਅੰਦਰ ਵਿਚਰਦਾ ਹੈ ਜਿਸ ਦਾ ਪ੍ਰਤੀਬਿੰਬ ਸੂਖਮ ਬ੍ਰਹਿਮੰਡ ਵਿੱਚ ਹੈ। ਇਸ ਵਿੱਚ ਨਾ ਤਾਂ ਮਨਮਾਨੀ ਹੈ ਜਾਂ ਕਹਿ ਲਓ ਕੋਈ ਧੱਕੇਸ਼ਾਹੀ ਹੈ, ਨਾ ਹੀ ਕੋਈ ਦੰਡ ਨਿਆਂ ਹੈ, ਇਹ ਇੱਕ ਵਿਸ਼ਵ ਦਾ ਨਿਯਮ ਹੈ, ਇਹ ਅਟੱਲ ਹੈ ਪ੍ਰਾਕ੍ਰਿਤਕ ਸਿਧਾਂਤ ਹੈ। ਕੋਈ ਵੀ ਸਫਲਤਾ, ਕਾਮਯਾਬੀ ਪ੍ਰਾਪਤ ਨਹੀਂ ਕੀਤੀ ਜਾ ਸਕਦੀ, ਜਦੋਂ ਤਕ ਕਰਮ ਦੇ ਨਿਯਮ ਨੂੰ ਸਮਝ ਨਾ ਲਿਆ ਜਾਵੇ। ਸੰਸਾਰ ਦੇ ਸਾਰੇ ਹੀ ਪ੍ਰਾਣੀ ਕਰਮ ਯੋਗ ਦੇ ਅਨੁਆਈ ਹਨ ਕਰਮ ਯੋਗ ਤੇ ਚਲਦੇ ਹਨ, ਭਾਵੇਂ ਚੇਤਨਾ ਨਾਲ ਚੇਤ ਹੋ ਕੇ ਭਾਵੇਂ ਅਚੇਤ ਹੀ ਇਸ ਮਾਰਗ ਤੇ ਚੱਲੇ ਬਿਨਾਂ ਕੋਈ ਰਹਿ ਨਹੀਂ ਸਕਦਾ। ਜਿਹੜੇ ਕਰਮ ਯੋਗ ਦੇ ਮਾਰਗ ਨੂੰ ਸਮਝਦੇ ਹਨ ਜਾਣਦੇ ਹਨ ਉਹ ਇਸ ਨੂੰ ਪ੍ਰਭੂ ਪੂਜਾ ਹੀ ਜਾਣ ਕੇ, ਸਮਝ ਕੇ ਆਪਣੇ ਕੰਮ, ਆਪਣੇ ਕਰਮ ਨਿਪੁੰਨਤਾ ਨਾਲ ਸੁਚੱਜੀ ਤਰ੍ਹਾਂ ਨਾਲ ਕਰਦੇ ਹਨ, ਬੜੇ ਹੀ ਪਿਆਰਪੂਰਵਕ ਕਰਦੇ ਹਨ।

ਬਹੁਤ ਸਾਰੇ ਲੋਕਾਂ ਨੂੰ ਕਰਮ ਦੀ ਪਰਿਭਾਸ਼ਾ ਬਾਰੇ ਬੜੇ ਭੁਲੇਖੇ ਹਨ, ਬੜੇ ਭਰਮ ਹਨ। ਜਦੋਂ ਵੀ ਕਦੀ ਕੋਈ ਵੀ ਮਾੜੀ ਗੱਲ ਹੁੰਦੀ ਹੈ ਉਹ ਝੱਟ ਹੀ ਕਹਿ ਦਿੰਦੇ ਹਨ, "ਇਹ ਤਾਂ ਮੇਰੇ ਕਰਮ ਹਨ, ਮੇਰੇ ਕਰਮ ਹੀ ਇਹੋ ਜਿਹੇ ਹਨ।" ਵਾਸਤਵ ਵਿਚ ਚੰਗੇ ਮਾੜੇ ਕਰਮ ਕਹਿ ਕੇ ਉਨ੍ਹਾਂ ਦਾ ਵਰਗੀਕਰਣ ਨਹੀਂ ਕੀਤਾ ਜਾ ਸਕਦਾ। ਕਰਮ ਸ਼ਬਦ ਸੰਸਕ੍ਰਿਤ ਦੇ "ਕ੍ਰੀ" ਸ਼ਬਦ ਤੋਂ ਆਇਆ ਹੈ, ਜਿਸ ਦਾ ਅਰਥ ਹੈ "ਕਰਨਾ।" ਹਰ ਘੜੀ ਕਰਮ ਹੈ, ਤੁਸੀ ਕੁਝ ਕੀਤਾ, ਤੁਸੀਂ ਬਤਾਈ ਹੈ, ਕਰ ਰਹੇ ਹੋ, ਕਰੋਗੇ, ਕਰਨਾ ਚਾਹ ਰਹੇ ਹੋ, ਕਰਨ ਦੀ ਇੱਛਾ ਰਖਦੇ ਹੋ, ਜੋ ਕੁਝ ਵੀ ਪਿੱਛੇ ਕੀਤਾ ਹੈ, ਹੁਣ ਵਰਤਮਾਨ ਵਿੱਚ ਕਰ ਰਹੇ ਹੋ, ਕਰੋਗੇ ਇਹ ਸਭ ਕਰਮ ਹਨ। ਕੋਈ ਵੀ ਕਰਮਾਂ ਦੇ ਨਿਯਮ ਤੋਂ ਮੁਨਕਰ ਨਹੀਂ ਹੈ।

***ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥***
***ਅੰਗ - ੧੩੪***

ਸੰਸਾਰ ਦਾ ਕੋਈ ਵੀ ਮਜ਼ਹਬ ਕਰਮਾਂ ਬਾਰੇ ਤਰਕ ਨਹੀਂ ਕਰਦਾ, ਸੰਦੇਹ ਨਹੀਂ ਕਰਦਾ, ਇਥੋਂ ਤਕ ਕਿ ਨਾਸਤਿਕ ਲੋਕ ਵੀ ਨਹੀਂ ਕਰਦੇ। ਕਰਮ, ਪ੍ਰਤੀਕਰਮ ਦਾ ਨਿਯਮ ਸਾਰੇ ਸੰਸਾਰ ਅੰਦਰ ਮੰਨਿਆ ਗਿਆ ਹੈ, ਕਾਰਣ, ਪਰਿਣਾਮ ਇਹ ਜੀਵਨ ਦੇ ਇਕ ਅਨਿੱਖੜਵੇਂ ਸਾਥੀ ਹਨ, ਇਹੋ ਹੀ ਸਿੱਕੇ ਦੇ ਦੋ ਪਾਸੇ ਹਨ, ਕੋਈ ਵੀ ਇਸ ਅਟੱਲ ਪ੍ਰਾਕ੍ਰਿਤਕ ਪ੍ਰਮਾਣ ਤੋਂ ਬਚ ਨਹੀਂ ਸਕਦਾ। ਭਾਵੇਂ ਕੁਝ ਵੀ ਹੋਵੇ, ਸਾਰਿਆਂ ਨੂੰ ਇਹ ਨਿਯਮ ਮੰਨਣਾ ਹੀ ਪਵੇਗਾ, ਸੰਸਾਰ ਉਤੇ ਕੋਈ ਵੀ ਇਹੋ ਜੇਹਾ ਨਹੀਂ ਹੈ, ਕੋਈ ਜੀਵ ਨਹੀਂ ਜਿਹੜਾ ਇਸ ਨਿਯਮ ਤੋਂ ਬਾਹਰ ਹੋਵੇ। ਕਰਮ ਵਿਸ਼ਵ ਦਾ ਉਹ ਨਿਯਮ ਹੈ ਜਿਸਨੂੰ ਕੋਈ ਵੀ ਟਾਲ ਨਹੀਂ ਸਕਦਾ, ਜਿਸ ਤੋਂ ਕੋਈ ਵੀ ਬਚ ਨਹੀਂ ਸਕਦਾ।

ਪਿੱਛੇ ਕੀਤੇ ਕਰਮ, ਹੁਣ ਕੀਤੇ ਜਾ ਰਹੇ ਕਰਮ, ਅੱਗੋਂ ਕਰਨ ਵਾਲੇ ਕਰਮ ਇਨ੍ਹਾਂ ਸਾਰਿਆਂ ਨੂੰ ਇੱਕ ਤੀਰ ਚਲਾਉਣ ਵਾਲੇ ਨਾਲ ਤੁਲਨਾ ਦਿੱਤੀ ਜਾ ਸਕਦੀ ਹੈ। ਤੀਰ ਚਲਾਉਣ ਵਾਲਾ ਜਿਹੜਾ ਤੀਰ ਚਲਾ ਚੁੱਕਾ ਹੈ ਉਹ ਉਸ ਦੇ ਪਿਛਲੇ ਕਰਮ ਹਨ, ਭੂਤ ਕਾਲ ਦੇ ਕਰਮ ਹਨ, ਜਿਹੜਾ ਤੀਰ ਉਸ ਦੇ ਹੱਥ ਵਿੱਚ ਹੈ, ਜਿਹੜਾ ਉਹ ਚਲਾਉਣ ਲਈ ਤਿਆਰ ਕਰ ਰਿਹਾ ਹੈ ਉਹ ਉਸ ਦੇ ਹੁਣ ਦੇ ਕਰਮ ਹਨ, ਵਰਤਮਾਨ ਦੇ ਕਰਮ ਹਨ, ਜਿਹੜੇ ਤੀਰ ਉਸ ਦੇ ਤਰਕਸ਼ ਵਿੱਚ ਪਏ ਹਨ, ਤਰਕਸ਼ ਉਸ ਦੀ ਪਿੱਠ ਤੇ ਲੱਗਾ ਹੋਇਆ ਹੈ, ਉਹ ਤੀਰ ਜਿਹੜੇ ਤਰਕਸ਼ ਵਿੱਚ ਹਨ, ਉਹ ਤੀਰ ਉਹ ਲੋੜ ਪੈਣ ਤੇ ਚਲਾਏਗਾ, ਉਹ ਉਸ ਦੇ ਭਵਿੱਖ ਦੇ ਕਰਮ ਹਨ, ਉਹ ਕਰਮ ਉਹ ਅਜੇ ਕਰੇਗਾ, ਜਿਹੜੇ ਕਰਮ ਹੋ ਚੁੱਕੇ ਹਨ, ਭੂਤਕਾਲ ਦੇ ਸੀ ਉਨ੍ਹਾਂ ਬਾਰੇ ਕੁਝ ਨਹੀਂ ਕੀਤਾ ਜਾ ਸਕਦਾ ਜਦੋਂ ਤਕ ਤੁਸੀਂ ਜਾਗ੍ਰਿਤ ਨਹੀਂ ਹੋ, ਬ੍ਰਹਮ ਗਿਆਨੀ ਨਹੀਨ ਹੋ। ਇਲਾਹੀ ਗਿਆਨ ਪ੍ਰਾਪਤ ਕਰਕੇ ਬ੍ਰਹਮ ਗਿਆਨੀ ਜਾਗ੍ਰਤ ਰੂਹਾਂ ਗਿਆਨ ਦੀ ਅਗਨ ਜਲਾ ਕੇ ਕਰਮਾਂ ਦੇ ਬੰਧਨ ਸਾੜ ਕੇ ਸੁਆਹ ਕਰ ਦਿੰਦੇ ਹਨ, ਪਿਛਲੇ ਕੀਤੇ ਕਰਮ ਖਤਮ ਕਰ ਦਿੰਦੇ ਹਨ, ਸੁਆਹ ਕਰ ਦਿੰਦੇ ਹਨ, ਇਹ ਹੋ ਸਕਦਾ ਹੈ, ਇਸ ਤਰ੍ਹਾਂ ਨਾਲ ਕੀਤਾ ਜਾ ਸਕਦਾ ਹੈ ਪਰ ਇਸ ਤਰ੍ਹਾਂ ਕਰਨ ਦੀ ਸਮਰਥਾ ਹੋਣੀ ਜ਼ਰੂਰੀ ਹੈ। ਜੇ ਪਿਛਲੇ ਕੀਤੇ ਕਰਮ ਸਾੜ ਕੇ ਸੁਆਹ ਨਹੀਂ ਕੀਤੇ ਜਾ ਸਕਦੇ ਫੇਰ ਉਨ੍ਹਾਂ ਦਾ ਫਲ ਭੋਗਣਾ ਹੀ ਪਵੇਗਾ। ਜੋ ਤੁਹਾਡਾ ਹੱਥ ਵਿੱਚ ਹੈ ਉਹ ਹੈ ਹੁਣ ਕੀਤੇ ਜਾਣ ਵਾਲੇ ਕਰਮ, ਅੱਗੇ ਆਉਣ ਵਾਲੇ ਸਮੇਂ ਵਿੱਚ ਕੀਤੇ ਜਾਣ ਵਾਲੇ ਕਰਮ ਇਹ ਦੋਨੋਂ ਹੀ ਤੁਹਾਡੇ ਆਪਣੇ ਹੱਥ ਵਿੱਚ ਹਨ।

ਜਿਹੜੇ ਕਰਮਾਂ ਦੇ ਨਿਯਮ ਤੋਂ ਜਾਣੂੰ ਹੋ ਜਾਂਦੇ ਹਨ ਉਸ ਨੂੰ ਸਮਝ ਲੈਂਦੇ ਹਨ ਉਹ ਸਮਾਂ ਹੱਥੋਂ ਨਹੀਂ ਨਿਕਲਣ ਦਿੰਦੇ, ਕੋਈ ਅਵਸਰ ਬੇਅਰਥ ਨਹੀਂ ਗੁਆਉਂਦੇ। ਉਹ ਆਪਣੇ ਆਪ ਨੂੰ ਪੂਰੇ ਅਨੁਸਾਸ਼ਨ ਵਿੱਚ ਲੈ ਆਉਂਦੇ ਹਨ, ਉਹ ਜੋ ਕੁਝ ਵੀ ਕਰਦੇ ਹਨ ਉਹ ਕੇਵਲ ਪ੍ਰਮਾਤਮਾ ਨੂੰ ਹੀ ਸਮਰਪਿਤ ਹੁੰਦਾ ਹੈ। ਵਰਤਮਾਨ ਹੀ ਭਵਿੱਖ ਨੂੰ ਜਨਮ ਦਿੰਦਾ ਹੈ, ਵਰਤਮਾਨ ਹੀ ਭਵਿੱਖ ਨੂੰ ਸਿਰਜਦਾ ਹੈ। ਜਿਹੜੇ ਸਮਝ ਲੈਂਦੇ ਹਨ ਉਹ ਆਪਣਾ ਜੀਵਨ ਇਕ ਪਲ ਤੋਂ ਦੂਸਰੇ ਪਲ ਇੱਕ ਘੜੀ ਤੋਂ ਦੂਸਰੀ ਘੜੀ ਵਿੱਚ ਜੀਉਂਦੇ ਹਨ, ਉਹ ਆਪਣੀ ਹਰ ਘੜੀ ਸੋਹਣੀ ਸੁਚੱਜੀ ਬਣਾ ਪੈਂਦੇ ਹਨ, ਜੀਵਨ ਨੂੰ ਇਕ ਸੋਹਣਾ ਰਾਗ ਇਕ ਸੋਹਣੀ ਕਵਿਤਾ ਬਣਾ ਲੈਂਦੇ ਹਨ, ਜੀਵਨ ਦਾ ਅਨੰਦ ਮਾਣਦੇ ਹਨ, ਆਪਣਾ ਭਵਿੱਖ ਸੋਹਣਾ ਸਿਰਜ ਲੈਂਦੇ ਹਨ, ਵਰਤਮਾਨ ਨੂੰ ਸਮਝ ਕੇ ਸੋਹਣਾ ਭਵਿੱਖ ਬਣਾ ਲੈਂਦੇ ਹਨ, ਉਹ ਭੂਤਕਾਲ ਤੇ ਚਿੰਤਨ ਨਹੀਂ ਕਰਦੇ, ਪਿਛੇ ਕੀਤੇ ਕਰਮਾਂ, ਸੋਚ ਕੇ ਸਮਾਂ, ਸ਼ਕਤੀ, ਵਿਅਰਥ ਨਹੀਂ ਕਰਦੇ। ਜਿਹੜੇ ਇਹ ਗੱਲ ਸਮਝ ਲੈਂਦੇ ਹਨ ਕਿ ਪਿਛੋਕੜ ਤੇ ਸੋਚਣਾ ਵਿਅਰਥ, ਹੋ ਹੋ ਗਿਆਂ ਸੋ ਹੋ ਗਿਆ, ਹੁਣ ਤੋਂ ਵਰਤਮਾਨ ਤੋਂ ਆਪਣੇ ਆਪ ਨੂੰ ਅਨੁਸ਼ਾਸ਼ਨ ਵਿੱਚ ਲੈ ਆਉਂਦੇ ਹਨ, ਵਰਤਮਾਨ

ਨੂੰ ਸੋਹਣਾ, ਸ਼ੋਭਨੀਕ ਬਣਾ ਲੈਂਦੇ ਹਨ, ਨਾਲ ਹੀ ਸੋਹਣੇ ਭਵਿੱਖ ਦੀ ਨੀਂਹ ਵੀ ਰੱਖ ਲੈਂਦੇ ਹਨ। ਜੀਵਨ ਦਾ ਸਭ ਤੋਂ ਵੱਡਾ ਨਤਾਰਕ ਹੈ, ਭਾਵ ਸਮੇਂ ਨਾਲ ਸਭ ਕੁਝ ਸਾਫ ਸਾਮ੍ਹਣੇ ਆ ਜਾਂਦਾ ਹੈ। ਵਰਤਮਾਨ ਵਿੱਚ ਰਹਿੰਦੇ ਭੂਤਕਾਲ ਤੇ ਅੱਖਾਂ ਰੱਖਣੀਆਂ ਮੁੜ-ਮੁੜ ਕੇ ਪਿੱਛੇ ਦੇਖਦੇ ਰਹਿਣਾ ਕੇਵਲ ਸਮਾਂ ਹੀ ਬੇਅਰਥ ਨਹੀਂ ਗੁਆਉਣ, ਸ਼ਕਤੀ ਵੀ ਖ੍ਰੈ ਕਰਨੀ ਹੈ। ਪਿੱਛਾ ਕਦੀ ਵੀ ਨਹੀਂ ਮੁੜ ਸਕਦਾ, ਕਦੀ ਵੀ ਵਾਪਸ ਨਹੀਂ ਆ ਸਕਦਾ, ਹਾਂ ਭੂਤ ਕਾਲ ਦੀਆਂ ਯਾਦਾਂ ਅਚੇਤ ਮਨ ਵਿੱਚ ਪਈਆਂ ਰਹਿੰਦੀਆਂ ਹਨ। ਅਸੀਂ ਅਜੇ ਇਥੇ ਹਾਂ ਅਸੀਂ ਆਪਣੀ ਭਵਿੱਖ ਸੁਆਰ ਸਕਦੇ ਹਾਂ, ਹਰ ਕੋਈ ਆਪਣਾ ਵਰਤਮਾਨ, ਆਪਣਾ ਭਵਿੱਖ ਸੁਆਰ ਸਕਦਾ ਹੈ, ਭੂਤਕਾਲ ਭਾਵੇਂ ਉਸ ਦਾ ਕੁਝ ਵੀ ਹੋਵੇ, ਪਿੱਛੇ ਭਾਵੇਂ ਉਸ ਨੇ ਕੁਝ ਵੀ ਕਿਉਂ ਨਾ ਕੀਤਾ ਹੋਵੇ।

ਕਰਮ ਯੋਗ ਵਾਸਤਵ ਵਿੱਚ ਜੀਵਨ ਦੇ ਉਸ ਭਾਗ ਤੇ ਕੇਂਦਰਤ ਹੈ ਜਿਹੜਾ ਇਸ ਸਮੇਂ ਤੁਹਾਡੇ ਹੱਥ ਵਿੱਚ ਹੈ, ਭਾਵ ਤੁਹਾਡਾ ਵਰਤਮਾਨ। ਮਨੁੱਖ ਇਸ ਨੂੰ ਪੜ੍ਹੇ ਕਿਵੇਂ ਜਾਂਚੇ। ਤੁਸੀਂ ਇਸ ਨੂੰ ਕਰਮਾਂ ਦੇ ਨਿਯਮ ਨੂੰ ਸਮਝ ਕੇ ਹੀ ਜਾਣ ਸਕਦੇ ਹੋ। ਇਹ ਬਹੁਤ ਹੀ ਅਵਸ਼ਕ ਹੈ, ਇਹ ਜਾਣ ਲੈਣਾ ਬਹੁਤ ਆਵਸ਼ਕ ਹੈ। ਆਪਣੇ ਕਰਮਾਂ ਤੋਂ ਜਾਣੂੰ ਹੋਣਾ, ਉਨ੍ਹਾਂ ਪ੍ਰਤੀ ਜਾਗ੍ਰਤ ਹੋਣਾ, ਆਪਣੇ ਕੰਮਾਂ ਆਪਣੇ ਕ੍ਰਿਆਵਾਂ ਨੂੰ ਸਮਝਣਾ, ਬਹੁਤ ਹੀ ਅਵਸ਼ਕ ਹੈ। ਸਾਡੇ ਜੀਵਨ ਰੂਪੀ ਖਰੜੇ ਦੇ ਦੋ ਅਧਿਆਇ ਗੁਆਚੇ ਹੋਏ ਹਨ ਪਰ ਸਿਆਣੇ ਲੋਕ ਵਰਤਮਾਨ ਨੂੰ ਜਾਣ ਕੇ, ਵਰਤਮਾਨ ਵਿੱਚ ਰਹਿੰਦੇ ਹੋਏ ਆਸਾਨੀ ਨਾਲ ਗੁਆਚੇ ਹੋਏ ਅਧਿਆਇ ਦਾ ਜੋੜ ਲੱਭ ਲੈਂਦੇ ਹਨ, ਮੈਂ ਕੌਣ ਹਾਂ? ਮੈਂ ਕਿੱਥੋਂ ਆਇਆ ਹਾਂ? ਮੈਂ ਕਿਉਂ ਆਇਆ ਹਾਂ? ਮੈਂ ਕਿੱਥੇ ਜਾਵਾਂਗਾ? ਇਹ ਚਾਰ ਪ੍ਰਸ਼ਨ ਉਨ੍ਹਾਂ ਸਾਰੇ ਜਗਿਆਸੂਆਂ ਲਈ ਹਨ ਜਿਹੜੇ ਇਸ ਮਾਰਗ ਦੇ ਪਾਂਧੀ ਹਨ, ਜਿਹੜੇ ਮਾਰਗ ਦੀ ਚੋਣ ਕਰਕੇ ਜੀਵਨ ਮਨੋਰਥ ਦੀ ਪ੍ਰਾਪਤੀ ਕਰਨੀ ਚਾਹੁੰਦੇ ਹਨ। ਹਰ ਮਨੁੱਖ ਚੇਤਨ ਹੋ ਕੇ ਜਾਂ ਅਚੇਤ ਹੀ ਸੰਪੂਰਨਤਾ ਲਈ ਕੰਮ ਕਰ ਰਿਹਾ ਹੈ, ਵਾਸਤਵ ਵਿੱਚ ਸਾਰੇ ਮਾਰਗ ਸੰਪੂਰਣਤਾ ਤੇ ਜਾ ਰਹੇ ਹਨ ਮੁਕਤ ਤੋਂ ਦੀ ਇੱਛਾ ਸਭ ਦੀ ਹੈ, ਖੁਸ਼ ਹੋਣ ਦੀ ਅਨੰਦ ਦੀ ਪ੍ਰਾਪਤੀ ਦੀ ਇੱਛਾ ਸਭ ਦੀ ਹੈ। ਇਨ੍ਹਾਂ ਪ੍ਰਸ਼ਨਾਂ ਦਾ ਸਮਾਧਾਨ ਸੰਸਕਾਰਾਂ ਨੂੰ ਸਮਝ ਕੇ ਹੀ ਹੋ ਸਕਦਾ ਹੈ ਕਿਉਂਕਿ ਸੰਸਕਾਰ ਹੀ ਮਨੁੱਖ ਨੂੰ ਕੰਮ ਕਰਨ ਲਈ ਕਾਰਜ ਕਰਨ ਲਈ ਪ੍ਰੇਰਦੇ ਹਨ। ਜੋ ਕੁਝ ਵੀ ਅਸੀਂ ਆਪਣੀ ਸੋਚਣੀ, ਕਰਨੀ, ਕਥਨੀ ਰਾਹੀਂ ਪ੍ਰਗਟ ਕਰਦੇ ਹਾਂ ਉਨ੍ਹਾਂ ਦੀਆਂ ਜੜ੍ਹਾਂ ਹੀ ਸਾਨੂੰ ਪ੍ਰੇਰਦੀਆਂ ਹਨ ਇਹ ਜੜ੍ਹਾਂ ਸਾਡੇ ਅਚੇਤ ਮਨ ਅੰਦਰ ਦਬੀਆਂ ਪਈਆਂ ਹਨ, ਅਚੇਤ ਮਨ ਇਕ ਗੁਦਾਮ ਦੀ ਤਰ੍ਹਾਂ ਹੈ ਜਿਥੇ ਸਭ ਕੁਝ ਜਮ੍ਹਾਂ ਪਿਆ ਰਹਿੰਦਾ ਹੈ। ਇਹ ਇੱਕ ਖਾਣ ਜੁਗਤ ਹੈ ਤਕਨੀਕ ਹੈ ਜਿਸ ਨਾਲ ਚੇਤਨ ਮਨ ਅਚੇਤ ਮਨ ਇਨ੍ਹਾਂ ਦੇ ਸਬੰਧ ਨੂੰ ਜਾਣਿਆ ਜਾ ਸਕਦਾ ਹੈ, ਸਮਝਿਆ ਜਾ ਸਕਦਾ ਹੈ। ਵਰਤਮਾਨ ਕ੍ਰਿਆ ਨੂੰ ਜਾਣ ਕੇ, ਸਮਝ ਕੇ ਅਸੀਂ ਪਿਛਲੇ ਭਾਵ, ਭੂਤਕਾਲ ਦੀਆਂ ਕ੍ਰਿਆ ਨੂੰ ਸਮਝ ਕੇ ਭਵਿੱਖ ਦਾ ਅਨੁਮਾਨ ਲਗਾ ਸਕਦੇ ਹਾਂ।

ਜਿਵੇਂ ਜੀਵਨ ਦੇ ਦੋ ਪਹਿਲੂ ਹਨ; ਅੰਦਰ ਦਾ ਜੀਵਨ ਬਾਹਰ ਦਾ ਜੀਵਨ, ਇਸੇ ਤਰ੍ਹਾਂ ਕਰਮਾਂ ਦੇ ਵੀ ਦੋ ਪਹਿਲੂ ਹਨ; ਉਹ ਕਰਮ ਜਿਹੜੇ ਕੇਵਲ ਮਾਨਸਿਕ ਪੱਧਰ ਤੇ ਕੀਤੇ ਜਾਂਦੇ ਹਨ ਦੂਸਰੇ ਉਹ ਕਰਮ ਜਿਹੜੇ ਬਾਹਰ ਦੇ ਸੰਸਾਰ ਵਿੱਚ ਕੀਤੇ ਜਾਂਦੇ ਹਨ। ਨਿਯਮ ਇਹ ਹੈ ਜੇ ਕੋਈ ਕੁਛ ਵੀ ਕਰੇਗਾ ਉਸ ਨੂੰ ਆਪਣੇ ਕੀਤੇ ਦਾ ਫਲ ਤਾਂ ਮਿਲੇਗਾ ਹੀ ਮਿਲੇਗਾ। ਕਿਸੇ ਪ੍ਰਕਾਰ ਦੀ ਕ੍ਰਿਆ ਕਿਸ ਤਰ੍ਹਾਂ ਦੇ ਕੰਮ ਉਹ ਕਰਦਾ ਹੈ ਦੇਖਣ ਵਾਲੀ ਗੱਲ ਤਾਂ ਇਹ ਹੈ ਕਿ ਕਿਹੜੇ ਗੁਣਾਂ ਵਾਲੇ ਕੰਮ ਉਸ ਨੇ ਕੀਤੇ ਹਨ, ਫਲ ਉਸ ਤੇ ਹੀ ਨਿਰਭਰ ਹੈ। ਜੇਕਰ ਤੁਸੀਂ ਸੇਬ ਦਾ ਬੀਜ ਬੀਜਿਆ ਹੈ ਉਸ ਨੂੰ ਸੇਬ ਦਾ ਹੀ ਫਲ ਲਗੇਗਾ, ਹੋਰ ਕੋਈ ਫਲ ਤਾਂ ਉਸ ਨੂੰ ਲਗ ਨਹੀਂ ਸਕਦਾ। ਜਦੋਂ ਕੋਈ ਵੀ ਕੰਮ ਕੀਤਾ ਜਾਂਦਾ ਹੈ ਭਾਵ ਸੰਸਾਰ ਵਿੱਚ ਕੀਤਾ ਜਾਂਦਾ ਹੈ, ਉਹ ਕੰਮ, ਉਹ ਕ੍ਰਿਆ ਉਸ ਤੋਂ ਕਿਤੇ ਪਹਿਲਾਂ ਅੰਦਰ ਮਾਨਸਿਕ ਪੱਧਰ 'ਤੇ ਹੋ ਚੁੱਕੀ ਹੁੰਦੀ ਹੈ। ਉਸ ਦਾ ਬੀਜ ਪੈ ਚੁੱਕਾ ਹੁੰਦਾ ਹੈ, ਭਾਵ ਬੀਜ ਬੀਜਿਆ ਗਿਆ ਹੈ। ਰੁਖ ਬਣਨ ਤੋਂ ਪਹਿਲਾਂ ਬੀਜ ਬੀਜਿਆ ਗਿਆ ਹੈ, ਫੁੱਲ, ਫਲ ਲਗਣ ਤੋਂ ਕਿਤੇ ਪਹਿਲਾਂ ਬੀਜ ਬੀਜਿਆ ਗਿਆ ਸੀ। ਸਾਰੀਆਂ ਚੀਜ਼ਾਂ ਜੜ੍ਹਾਂ ਤਾਂ ਉਸ ਦੇ ਅੰਦਰ ਹਨ ਜਿਸ ਨੂੰ ਜਾਣਿਆ ਹੀ ਨਹੀਂ ਗਿਆ ਜਿਹੜਾ ਇੱਕ ਸੂਖਮ ਸੰਸਾਰ ਹੈ। ਇਹੋ ਹੀ ਨਿਯਮ ਮਨੁੱਖਾਂ ਲਈ ਲਾਗੂ ਹੈ। ਜੋ ਵੀ ਕੁਝ ਮਨੁੱਖ ਕਰਨਾ ਚਾਹੁੰਦਾ ਹੈ, ਕਰਦਾ ਹੈ ਉਹ ਸਭ ਕੁਝ ਪਹਿਲਾਂ ਮਨੁੱਖ ਦੇ ਅੰਦਰ ਹੁੰਦਾ ਹੈ ਭਾਵ ਉਹ ਆਪਣੇ ਅੰਦਰ ਸਭ ਕੁਝ ਕਰਦਾ ਹੈ ਉਸ ਦੇ ਪਿੱਛੋਂ ਹੀ ਉਸ ਦੀ ਕਥਨੀ, ਕਰਨੀ ਵਿੱਚ ਪ੍ਰਗਟ ਹੁੰਦਾ ਹੈ। ਸਾਰੇ ਕਰਮਾਂ ਦੇ ਬੀਜ ਸਾਰੂ ਪ੍ਰੇਰਨਾ ਜਿਹੜੀ ਮਨੁੱਖ ਨੂੰ ਕਰਮ ਕਰਨਾ ਪ੍ਰੇਰਦੀ ਹੈ ਇਨ੍ਹਾਂ ਸਭ ਦਾ ਬੀਜ ਹੈ, ਇਛਾਵਾਂ, ਅੰਦਰ ਦੀਆਂ ਇਛਾਵਾਂ। ਸਾਡੇ ਅੰਦਰ ਬਹੁਤ ਸਾਰੀਆਂ ਰਚਨਾਤਮਕ ਕਲਾ ਦੇ ਬੀਜ ਬਹੁਤ ਸਾਰੇ ਵਿਨਾਸ਼ਕ ਬੁੱਧੀ ਦੇ ਬੁੱਧੀ ਪਏ ਹਨ। ਸਿਰਜਨਾਤਮਕ ਕਲਪਨਾ, ਬਹੁਤ ਸਾਰੇ ਬੇਅਰਥ ਨਕਾਰੇ ਕਲਪਨਾ ਦੇ ਬੀਜ ਪਏ ਹਨ। ਸਿਰਜਨਾਤਮਕ ਕਲਪਨਾ, ਨਿਰਾਰਥਕ ਕਲਪਨਾ, ਭਾਵਨਾਵਾਂ, ਤਰੰਗਾਂ, ਸੰਕੇਤ, ਪ੍ਰਤੀਕ, ਚਿੰਨ, ਵਿਚਾਰ ਇਨ੍ਹਾਂ ਸਭ ਦਾ ਜਨਮ ਦਾਤਾ ਇੱਕੋ ਹੀ ਹੈ ਉਹ ਹੈ ਇੱਛਾਵਾਂ। ਇੱਛਾਵਾਂ ਸੋਚ ਨੂੰ ਪ੍ਰੇਰਦੀਆਂ ਹਨ, ਫੇਰ ਤੁਸੀਨ ਉਸ ਤਰ੍ਹਾਂ ਹੀ ਕੰਮ ਕਰਨ ਲਗ ਪੈਂਦੇ ਹੋ ਜਿਵੇਂ ਅੰਦਰੋਂ ਪ੍ਰੇਰਨਾ ਆਉਂਦੀ ਹੈ, ਇਛਾਵਾਂ ਪ੍ਰੇਰਦੀਆਂ ਹਨ। ਫੇਰ ਜੋ ਫਲ ਮਿਲਦਾ ਹੈ ਉਹ ਹੋਰ ਪ੍ਰੇਰਨਾ ਦਿੰਦਾ ਹੈ, ਹੋਰ ਕਰੋ ਹੋਰ ਕਰੋ। ਭਾਵ ਅੰਦਰ ਤਾਂ ਬਹੁਤ ਪਹਿਲਾਂ ਹੀ ਕ੍ਰਿਆ ਸ਼ੁਰੂ ਹੋ ਜਾਂਦੀ ਹੈ, ਬੜੇ ਸੂਖਮ ਤਰੀਕੇ ਨਾਲ ਅੰਦਰ ਦਾ ਕਾਰਜ ਸ਼ੁਰੂ ਹੋ ਜਾਂਦਾ ਹੈ, ਫੇਰ ਦੇਰ ਬਾਅਦ ਹੀ ਬਾਹਰ ਉਸ ਦਾ ਪ੍ਰਗਟਾਵਾ ਹੈ ਉਹ ਬਾਹਰ ਆਉਂਦਾ ਹੈ ਜੇ ਤੁਸੀਂ ਇੱਕ ਥਾਂ ਤੋਂ ਦੂਸਰੀ ਥਾਂ ਚਲੇ ਜਾਓ ਇਸ ਨਾਲ ਤੁਸੀਂ ਬਦਲਦੇ ਨਹੀਂ ਕਿਉਂਕਿ ਤੁਸੀਂ ਜਿੱਥੇ ਵੀ ਜਾਓ ਤੁਹਾਡਾ ਅੰਦਰ, ਤੁਹਾਡਾ ਆਪਾ ਤਾਂ ਨਾਲ ਹੀ ਜਾਂਦਾ ਹੈ ਜੋ ਕੁਝ ਵੀ ਅੰਦਰ ਹੁਣ ਚਲ ਰਿਹਾ ਹੈ ਉਹ ਫੇਰ ਵੀ ਚਲਦਾ ਹੀ ਰਹਿਣਾ ਹੈ, ਜਦੋਂ ਤਕ ਤੁਸੀਂ ਉਸ ਨੂੰ ਕੰਟਰੋਲ ਨਹੀਂ ਕਰੋਗੇ ਉਸ ਉਤੇ ਕਾਬੂ ਨਹੀਂ ਪਾਓਗੇ, ਉਹ ਹੈ ਤੁਹਾਡਾ ਮਨ, ਜਦੋਂ ਤਕ ਤੁਸੀਂ ਠਕਿ ਸੋਚੋਗੇ ਨਹੀਂ ਤੁਸੀਂ ਠੀਕ ਬੋਲੋਗੇ ਨਹੀਂ। ਠੀਕ ਸੋਚੋਗੇ ਨਹੀਂ ਠੀਕ ਕੰਮ ਨਹੀਂ ਕਰੋਗੇ। ਜੇ ਤੁਸੀਂ ਠੀਕ ਤਰ੍ਹਾਂ ਨਾਲ ਕੰਮ ਨਹੀਂ ਕਰੋਗੇ ਕਦੀ ਵੀ ਤੁਹਾਨੂੰ ਇੱਛਾ ਅਨੁਸਾਰ ਫਲ ਨਹੀਂ ਮਿਲ ਸਕਦਾ, ਜੀਵਨ ਦੀ ਇੱਛਾ ਕਦੀ ਪੂਰਨ ਨਹੀਂ ਹੋ ਸਕਦੀ। ਕਰਨ ਵਾਲੀ ਗੱਲ ਇਹ ਹੈ ਕਿ ਸੋਚੋ ਠੀਕ, ਅੰਦਰ ਸ਼ਾਂਤ ਰੱਖਣ ਲਈ ਸਕਾਰਾਤਮਕ ਤਰੀਕੇ ਨਾਲ ਸੋਚੋ, ਚੰਗਾ ਸੋਚੋ, ਜਿੰਨਾ ਵੱਧ ਤੋਂ ਵੱਧ ਹੋ ਸਕੇ ਠੀਕ ਸੋਚੋ। ਕਰਮ ਤੋਂ ਭਾਵ ਹੈ ਉਹ ਸੋਚ ਜਿਹੜੀ ਤੁਸੀਂ ਕਥਨੀ ਕਰਨੀ ਵਿੱਚ ਦੱਸੀ ਹੈ। ਇਹ ਗੱਸ ਸੋਚ ਲੈਣੀ ਚਾਹੀਦੀ ਹੈ ਕਿ ਕਥਨੀ ਕਰਨੀ ਸੋਚ ਦਾ ਹੀ ਪ੍ਰਗਟਾਵਾ ਹੈ।

ਇਕ ਪੱਤਾ ਦਰਖਤ ਦਾ, ਹਵਾ ਆਉਂਦੀ ਹੈ ਉਸ ਨੂੰ ਕਦੀ ਇੱਕ ਪਾਸੇ ਉਡਾਉਂਦੀ ਹੈ ਕਦੀ ਦੂਸਰੇ ਪਾਸੇ ਲੈ ਜਾਂਦੀ ਹੈ ਇਸ ਤਰ੍ਹਾਂ ਨਾਲ ਉਹ ਕਈ ਕਿਸਮ ਦੇ ਆਕਾਰ ਬਣਾ ਰਿਹਾ ਹੈ, ਉਹ ਦੂਰ ਤਕ ਅਕਾਸ਼ ਨੂੰ ਛੋਹਣ ਦੀ ਕੋਸ਼ਿਸ਼ ਕਰਦਾ ਹੈ, ਕੀ ਉਹ

ਪੱਤਾ ਕੋਈ, ਕੋਈ ਕਰਮ ਬਣਾ ਰਿਹਾ ਹੈ? ਉਸ ਕਰਮ ਦਾ ਫਲ ਕੌਣ ਲੈ ਰਿਹਾ ਹੈ? ਕੀ ਮਨੁੱਖ ਦਾ ਜੀਵਨ ਇਸੇ ਤਰ੍ਹਾਂ ਇੱਕ ਪੱਤੇ ਦੀ ਤਰ੍ਹਾਂ ਹੈ? ਜਿਵੇਂ ਪੱਤੇ ਨੂੰ ਹਵਾ ਜਿੱਥੇ ਚਾਹੇ, ਜਿਵੇਂ ਚਾਹੇ ਉਡਾ ਕੇ ਲੈ ਜਾ ਸਕਦੀ ਹੈ? ਨਹੀਂ ਇਸ ਤਰ੍ਹਾਂ ਨਹੀਂ ਹੈ ਇੱਕ ਮਨੁੱਖ ਜੀਉਂਦਾ ਜਾਗਦਾ ਹੈ? ਉਹ ਇਕ ਰੁੱਖ ਤੋਂ ਟੁੱਟੇ ਪੱਤੇ ਦੀ ਤਰ੍ਹਾਂ ਨਹੀਂ ਹੈ, ਨਿਰਜੀਵ ਨਹੀਨ ਹੈ। ਜਦੋਂ ਵੀ ਕੋਈ ਹਿਲਜੁਲ ਕਰਦਾ ਹੈ ਉਹ ਕਰਮ ਹੀ ਕਰ ਰਿਹਾ ਹੁੰਦਾ ਹੈ। ਪਰ ਜਦੋਂ ਕੋਈ ਵੀ ਨਿਰਜੀਵ ਦੀ ਤਰ੍ਹਾਂ ਕਰਦਾ ਹੈ ਦਿਸਦਾ ਹੈ ਫੇਰ ਉਸ ਦਾ ਵਾਤਾਵਰਣ ਉਸ ਦਾ ਆਲਾ-ਦੁਆਲਾ ਉਸ ਲਈ ਇਹੋ ਜਿਹੀ ਅਵਸਥਾ ਬਣਾ ਦਿੰਦਾ ਹੈ ਭਾਵ ਉਸ 'ਤੇ ਕਾਬੂ ਪਾ ਲੈਂਦਾ ਹੈ ਉਸ ਨੂੰ ਕੰਟਰੋਲ ਕਰ ਲੈਂਦਾ ਹੈ। ਜਦੋਂ ਵੀ ਕੋਈ ਇੱਕ ਮਨੁੱਖ ਦੀ ਤਰ੍ਹਾਂ ਵਿਚਰਦਾ ਹੈ, ਆਪਣੀਆਂ ਸੰਭਾਵਨਾਵਾਂ ਨੂੰ, ਸ਼ਕਤੀਆਂ ਨੂੰ ਸਮਝ ਲੈਂਦੇ ਹਨ, ਫੇਰ ਉਹ ਉਸ ਤਰ੍ਹਾਂ ਨਾਲ ਹੀ ਕ੍ਰਿਆ ਕਰਦੇ ਹਨ ਜੋ ਉਹ ਪ੍ਰਾਪਤ ਕਰ ਸਕਣ। ਇੱਕ ਮਨੁੱਖ ਪਸ਼ੂ ਦੀ ਤਰ੍ਹਾਂ ਨਹੀਂ ਹੈ। ਅੰਤਰ ਹੈ, ਹਾਂ ਇਹ ਗੱਲ ਭਾਵੇਂ ਠੀਕ ਹੈ ਕਿ ਭੁੱਖ ਦੋਨਾਂ ਨੂੰ ਹੀ ਸਤਾਉਂਦੀ ਹੈ ਮਨੁੱਖ ਨੂੰ ਵੀ ਪਸ਼ੂ ਨੂੰ ਵੀ। ਜਿਥੋਂ ਤਕ ਭੁੱਖ ਦਾ ਸਵਾਲ ਹੈ ਮਨੁੱਖ ਬਿਲਕੁਲ ਉਸ ਤਰ੍ਹਾਂ ਹੀ ਸਲੂਕ ਕਰਦਾ ਹੈ ਜਿਸ ਤਰ੍ਹਾਂ ਜਾਨਵਰ ਮਨੁੱਖ ਉਹ ਸਭ ਕੁਝ ਕਰਦਾ ਹੈ ਜੋ ਪਸ਼ੂ ਕਰਦਾ ਹੈ, ਅੰਤਰ ਸਿਰਫ ਐਨਾ ਹੈ ਕਿ ਪਸ਼ੂ ਦੀ ਸਾਰੀ ਕ੍ਰਿਆ ਕੁਦਰਤ ਦੇ ਹੱਥ ਹੈ, ਜਦੋਂ ਕਿ ਮਨੁੱਖ ਦੀ ਸਾਰੀ ਕ੍ਰਿਆ ਇਸ ਤਰ੍ਹਾਂ ਨਹੀਂ ਹੈ। ਮਨੁੱਖ ਇਸੇ ਕਰਕੇ ਉੱਤਮ ਹੈ ਸ੍ਰੇਸ਼ਟ ਹੈ ਕਿਉਂਕਿ ਉਨ੍ਹਾਂ ਦੀ ਇੱਛਾ ਹੈ, ਉਹ ਆਪਣੀ ਇੱਛਾ ਅਨੁਸਾਰ ਜੋ ਚਾਹੁਣ ਉਹ ਕਰ ਸਕਦੇ ਹਨ।

ਇਹੋ ਹੀ ਕਾਰਣ ਹੈ ਸਾਰੇ ਮਾਰਗ ਇੱਕ ਗੱਲ ਤੇ ਸਹਿਮਤ ਹੀ ਨਹੀਂ ਉਸ ਤੇ ਬਹੁਤ ਜ਼ੋਰ ਦਿੰਦੇ ਹਨ ਉਹ ਹੈ ਸਵੈ ਅਨੁਸਾਸ਼ਨ। ਸਵੈ ਅਨੁਸਾਸ਼ਨ ਤੋਂ ਭਾਵ ਹੈ ਆਪਣੇ ਆਪਣੇ ਪੱਥ ਪ੍ਰਦਰਸ਼ਕ ਹੋਣਾ, ਆਪਣੀ ਸੋਚਣੀ, ਕਥਨੀ ਕਰਨੀ ਨੂੰ ਆਪਣੀ ਇੱਛਾ ਅਨੁਸਾਰ ਮੋੜ ਕੇ ਲੈ ਜਾਣਾ ਇਹ ਸਿੱਖ ਲੈਣਾ ਕਿ ਕੀ ਬੋਲਣਾ ਹੈ ਕਿਸ ਤਰ੍ਹਾਂ ਕਹਿਣਾ ਹੈ ਕਿੱਥੇ ਕਹਿਣਾ ਹੈ, ਕੀ ਕਰਨਾ ਹੈ, ਕਦੋਂ ਕਰਨਾ ਹੈ, ਕਿਸ ਤਰਹਾਂ ਕਰਨਾ ਹੈ, ਜੇਕਰ ਇਹ ਨਾ ਕੀਤਾ ਜਾਵੇ ਤਾਂ ਮਨੁੱਖ ਆਪਣੇ ਅੰਦਰ ਦੀਆਂ ਤਰੰਗਾਂ ਦਾ ਗੁਲਾਮ ਬਣ ਕੇ ਰਹਿ ਜਾਂਦਾ ਹੈ। ਆਪਣੇ ਆਪ ਨੂੰ ਅਨੁਸ਼ਾਸ਼ਨ ਵਿੱਚ ਕਰਨਾ ਸਿੱਖਣਾ ਹੀ ਪੈਂਦਾ ਹੈ। ਨਹੀਂ ਤਾਂ ਉਸ ਦੀਆਂ ਇੰਦ੍ਰੀਆਂ, ਸ਼ਕਤੀ ਤੇ ਮਨ ਖਿੰਡਿਆ ਨਾ ਰਹੇ ਜਦੋਂ ਤੁਸੀਂ ਇੱਕ ਵਾਰੀ ਸਵੈ ਅਨੁਸ਼ਾਸਨ ਸਿੱਖ ਲੈਂਦੇ ਓ, ਕਰ ਲੈਂਦੇ ਓ ਆਪਣੀਆਂ ਸ਼ਕਤੀਆਂ ਨੂੰ ਕਾਬੂ ਕਰ ਲੈਂਦੇ ਹੋ ਤਾਂ ਤੁਹਾਡੀਆਂ ਸ਼ਕਤੀਆਂ ਤੁਹਾਡੇ ਕਾਬੂ ਆ ਜਾਂਦੀਆਂ ਹਨ, ਤੁਹਾਡੇ ਸਮਰਪਣ ਹੋ ਜਾਂਦੀਆਂ ਹਨ, ਤੁਸੀਂ ਜਿਥੇ, ਜਿਸ ਤਰ੍ਹਾਂ ਚਾਹੋ ਉਨਾਂ ਦੀ ਵਰਤੋਂ ਕਰ ਸਕਦੇ ਹੋ। ਮਨੁੱਖ ਕੋਲ ਬੁੱਧੀ ਹੈ, ਇੱਛਾ ਹੈ, ਇਹ ਸਭ ਕੁਝ ਹੁੰਦਿਆਂ ਲੋਕ ਕ੍ਰਿਆ ਵਿੱਚ ਫਸੇ ਰਹਿੰਦੇ ਹਨ।

ਵਾਸਤਵ ਵਿੱਚ ਲੋਕ ਕੁਝ ਕੀਤੇ ਬਿਨਾਂ ਰਹਿ ਨਹੀਂ ਸਕਦੇ, ਕੁਝ ਨਾ ਕੁਝ ਤਾਂ ਕਰਨਾ ਹੀ ਹੈ। ਕੋਈ ਭਾਵੇਂ ਇਹ ਕਹਿ ਦੇਵੇ ਉਹ ਕੁਝ ਨਹੀਂ ਕਰ ਰਿਹਾ, ਪਰ ਉਹ ਸੋਚ ਤਾਂ ਰਿਹਾ ਹੀ ਹੈ, ਬਹੁਤ ਵਾਰੀ ਇਹ ਵੀ ਹੁੰਦਾ ਹੈ ਕਿ ਉਸ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਹ ਸੋਚ ਰਿਹਾ ਹੈ, ਮਨੁੱਖ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਹ ਸੋਚ ਰਿਹਾ ਹੈ, ਮਨੁੱਖ ਕੁਝ ਕੀਤੇ ਬਿਨਾਂ ਇੱਕ ਸਕਿੰਟ ਵੀ ਨਹੀਂ ਰਹਿ ਸਕਦਾ। ਮਨੁੱਖ ਜੋ ਵੀ ਕਰਦਾ ਹੈ ਬੋਲਦਾ ਹੈ, ਸਵੇਰ ਤੋਂ ਭਾਵੇਂ ਕਈ ਨਕਾਰੇ ਕੰਮ ਵੀ ਕਰਦਾ ਹੈ, ਕੁਝ ਬੋਲਣਾ ਕੁਝ ਕਰਨਾ, ਇਸ ਸਭ ਕੁਝ ਦਾ ਕੋਈ ਨਾ ਕੋਈ ਅਰਥ ਹੁੰਦਾ ਹੀ ਹੈ, ਤੁਸੀਂ ਕੋਈ ਇਸ਼ਾਰੇ, ਕੋਈ ਸੰਕੇਤ ਕਿਉਂ ਕਰਦੇ ਹੋ ਕਿਉਂਕਿ ਤੁਸੀਂ ਕੁਝ ਸੋਚ ਰਹੇ ਹੋ, ਅੰਦਰ ਕੋਈ ਸੋਚਣੀ ਚਲ ਰਹੀ ਹੈ, ਸਾਰੇ ਸੰਕੇਤ ਸੋਚਣ ਦਾ ਹੀ ਪ੍ਰਗਟਾਵਾ ਹੈ ਜੋ ਕਰਦੇ ਹੋ ਸੋਚ ਦਾ ਹੀ ਪ੍ਰਗਟਾਵਾ ਹੈ। ਤੁਸੀਂ ਆਪਣੇ ਸੰਕੇਤ ਇਸ਼ਾਰੇ ਦੇਖ ਕੇ ਆਪਣੇ ਬਾਰੇ ਬਹੁਤ ਕੁਝ ਜਾਣ ਸਕਦੇ ਹੋ। ਤੁਹਾਨੂੰ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ ਮੈਂ ਇਸ ਤਰ੍ਹਾਂ ਕਿਉਂ ਕਰ ਰਿਹਾ ਹਾਂ, ਮੈਂ ਇਹ ਨਹੀਂ ਕਰਨਾ ਚਾਹੁੰਦਾ, ਮੈਂ ਫੇਰ ਵੀ ਕਰ ਰਿਹਾ ਹਾਂ ਕਿਉਂ?

ਬਹੁਤ ਸਾਰੀ ਸਾਡੀ ਸੋਚ ਕਦੇ ਪੂਰੀ ਹੁੰਦੀ ਹੀ ਨਹੀਂ ਜੋ ਕੁਝ ਵੀ ਅਸੀਂ ਸੋਚਦੇ ਹਾਂ ਉਸ ਨੂੰ ਕਦੀ ਵੀ ਕਰਣੀ ਵਿੱਚ ਲਿਆਇਆ ਹੀ ਨਹੀਂ ਜਾ ਸਕਦਾ, ਕਾਰਣ ਕੇਵਲ ਇਹ ਹੈ ਕਿ ਕਰਨ ਦੇ ਸਾਧਨ ਸਾਡੇ ਕੋਲ ਬਹੁਤ ਸੀਮਤ ਹਨ, ਬਹੁਤ ਵਾਰੀ ਮਨੁੱਖ ਆਪਣੇ ਆਪ ਨੂੰ ਚੰਗੀ ਤਰ੍ਹਾਂ ਨਾਲ ਅਭਿਵਿਅਕਤ ਨਹੀਂ ਕਰ ਸਕਦੇ ਕਿਉਂਕਿ ਬਹੁਤ ਸਾਰੀਆਂ ਰੁਕਾਵਟਾਂ ਹਨ। ਦੂਸਰੀ ਮਜ਼ਬੂਰੀ ਹੈ ਕਿ ਕਰਮ ਕੀਤੇ ਬਿਨਾਂ ਤੁਸੀਂ ਰਹਿ ਨਹੀਂ ਸਕਦੇ, ਅਗਲੀ ਮਜ਼ਬੂਰੀ ਹੈ ਕਿ ਕਰਮ ਦਾ ਫਲ ਵੀ ਮਿਲਣਾ ਹੀ ਮਿਲਣਾ ਹੈ, ਭਾਵੇਂ ਤੁਸੀਂ ਚਾਹੋ ਭਾਵੇਂ ਨਾ ਚਾਹੋ। ਜਿਹੜੀਆਂ ਡੀਊਟੀਆਂ ਲਈਆਂ ਹਨ, ਉਹ ਬੰਧਨ ਹੈ, ਉਹ ਨਹੀਂ ਜਾਣਦਾ, ਡੀਊਟੀਆਂ ਤੋਂ ਛੁਟਕਾਰਾ ਕਿਸ ਤਰ੍ਹਾਂ ਪਾਵੇ। ਆਪਣੀਆਂ ਡੀਊਟੀਆਂ ਕਰਨ ਵਿੱਚ ਵੀ ਬਹੁਤ ਸਾਰੀਆਂ ਉਲਝਣਾਂ ਹਨ, ਬਹੁਤ ਸਾਰੀਆਂ ਪਰੇਸ਼ਾਨੀਆਂ ਹਨ ਇਹ ਪਰੇਸ਼ਾਨੀਆਂ ਕੇਵਲ ਆਮ ਆਦਮੀਆਂ ਲਈ ਹੀ ਨਹੀਂ ਇਹ ਪਰੇਸ਼ਾਨੀਆਂ ਵੱਡੇ-ਵੱਡੇ ਲੀਡਰਾਂ ਨੂੰ ਹਨ ਹੋਰ ਵੱਡੇ-ਵੱਡੇ ਮਨੁੱਖਾਂ ਨੂੰ ਹਨ ਜਿਹੜੇ ਸਮਾਜ ਅੰਦਰ ਕੋਈ ਸਥਾਨ ਰਖਦੇ ਹਨ। ਸਾਡੀਆਂ ਜ਼ਿੰਮੇਵਾਰੀਆਂ, ਫਰਜ਼, ਡੀਊਟੀਆਂ ਕਰਨ ਵਿੱਚ ਪਰੇਸ਼ਾਨੀ ਇਸ ਕਰਕੇ ਹੈ ਕਿਉਂਕਿ ਸਾਡੀ ਰੁਚੀਆਂ ਵੱਖ-ਵੱਖ ਹਨ। ਜਿਵੇਂ ਕਿ ਜਦੋਂ ਬੰਦੇ ਇਕੱਠੇ ਰਹਿ ਰਹੇ ਹਨ ਉਨ੍ਹਾਂ ਦੀਆਂ ਰੁਚੀਆਂ, ਪ੍ਰਵਿਰਤੀਆਂ ਵੱਖ-ਵੱਖ ਹੁੰਦੀਆਂ ਹਨ, ਇਸੇ ਤਰ੍ਹਾਂ ਸਮਾਜ ਦੇ ਅੰਦਰ ਹੁੰਦਾ ਹੈ। ਸਾਡੀਆਂ ਡੀਊਟੀਆਂ ਸਾਡੀ ਬਚਨ ਬੰਧਨ ਸਾਂਝੇ ਹੋਣੇ ਚਾਹੀਦੇ ਹਨ, ਸਾਂਝੀਆਂ ਰੁਚੀਆਂ ਤੇ ਸਾਂਝੀ ਬਿਰਤੀਆਂ ਤੇ ਹੋਣੀਆਂ ਚਾਹੀਦੀਆਂ ਹਨ ਨਾ ਕਿ ਇੱਕ ਬੰਦੇ ਦੀਆਂ ਰੁਚੀਆਂ ਤੇ। ਇਹ ਸਾਰਾ ਕੁਝ ਹੁੰਦੇ ਵੀ ਹਰ ਮਨੁੱਖ ਡੀਊਟੀ ਆਪਣੇ ਲਈ ਹੀ ਕਰਦਾ ਹੈ, ਦੂਸਰਿਆਂ ਲਈ ਨਹੀਂ।

ਹਰ ਇੱਕ ਦੇ ਕਰਤੱਵ ਡੀਊਟੀਆਂ ਬਹੁਤ ਜ਼ਰੂਰੀ ਹੁੰਦੀਆਂ ਹਨ, ਡੀਊਟੀਆਂ ਕੀਤੇ ਬਿਨਾਂ ਤੁਸੀਂ ਰਹਿ ਹੀ ਨਹੀਂ ਸਕਦੇ ਜੇ ਇਹ ਡੀਊਟੀਆਂ ਜੁਗਤੀ ਨਾਲ ਨਾ ਕੀਤੀਆਂ ਜਾਣ ਮਨੁੱਖ ਅਧੂਰਾ ਹੀ ਨਹੀਂ ਰਹਿੰਦਾ, ਮਨੁੱਖ ਨਾ-ਖੁਸ਼ ਵੀ ਰਹਿੰਦਾ ਹੈ। ਡੀਊਟੀ ਇੱਕ ਤਰ੍ਹਾਂ ਬਚਨ ਬੰਧਨ ਹੈ, ਇਹ ਅਸੀਂ ਆਪਣੇ ਲਈ ਆਪ ਚੁਣਦੇ ਹਾਂ ਕਰਮ ਕਰਨਾ ਜੀਵਨ ਦਾ ਨਿਯਮ ਹੈ। ਵਾਸਤਵ ਵਿੱਚ ਕਰਮ ਦੋਨਾਂ ਨਾਲ ਮਿਲਿਆ ਹੋਇਆ ਹੈ। ਕਰਮ ਕਰਨਾ, ਕੰਮ ਕਰਨ ਨਾਲ ਡੀਊਟੀ ਕਰਨਾ ਹੀ ਕਰਮ ਬਣਦੇ ਹਨ। ਜੇ ਕਿਸੇ ਨੇ ਡੀਊਟੀ ਕਰਨੀ ਸਿੱਖ ਲਈ ਹੈ ਉਹ ਸੰਪੂਰਨ ਨਹੀਂ ਹੈ। ਉਹ

(ਬਾਕੀ ਪੰਨਾ 63 'ਤੇ)

# ਨਾਮ ਤੇ ਸੇਵਾ

***ਸੰਤ ਵਰਿਆਮ ਸਿੰਘ ਜੀ***
***ਬਾਨੀ ਵਿ. ਗੁ. ਰੂ. ਮਿਸ਼ਨ।***

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ - ੫੯ )*

ਇਸੇ ਤਰ੍ਹਾਂ ਨਾਲ ਤ੍ਰੇਤੇ 'ਚ ਕਰਦੇ ਰਹੇ, ਇਵੇਂ ਹੀ ਦੁਆਪਰ 'ਚ। ਦੁਆਪਰ 'ਚ ਆਦਮੀ ਦੀ ਉਮਰ ਹਜ਼ਾਰ ਸਾਲ ਦੀ ਰਹਿ ਗਈ ਲੇਕਿਨ ਇਹਦੇ ਅਖੀਰ ਦੇ ਵਿੱਚ ਉਮਰ ਐਨੀ ਘਟੀ, ਕ੍ਰਿਸ਼ਨ ਮਹਾਰਾਜ ਦੀ ਉਮਰ ੧੫੦ ਸਾਲ ਦੀ ਹੋਈ। ਭੀਸ਼ਮ ਪਿਤਾਮਾ ਜਿਹੜਾ ਸੀ ਉਸਦੀ ੧੭੫ ਸਾਲ ਦੀ ਉਮਰ ਸੀ। ਦਰੋਣਾਚਾਰੀਆ ਜਦੋਂ ਯੁੱਧ 'ਚ ਲੜਿਆ ਹੈ, ਉਹਦੀ ਉਸ ਵੇਲੇ ੯੯ ਸਾਲ ਦੀ ਉਮਰ ਸੀ। ਕਿੱਡਾ ਤਕੜਾ ਸੀ, ਦੁਨੀਆਂ ਦਾ ਕੋਈ ਯੋਧਾ ਉਹਦੇ ਮੁਕਾਬਲੇ 'ਤੇ ਨਹੀਂ ਸੀ। ਇਹ ੧੭੫ ਸਾਲ ਦਾ ਸੀਗਾ ਭੀਸ਼ਮ ਪਿਤਾਮਾ, ਕਿਸੇ ਜਵਾਨ ਨੂੰ ਨੇੜੇ ਨਹੀਂ ਸੀ ਆਉਣ ਦਿੰਦਾ। ਕੱਲ੍ਹ ਦੀਆਂ ਗੱਲਾਂ ਨੇ, ਬਾਬਾ ਦੀਪ ਸਿੰਘ ਜੀ ਜਦ ਲੜੇ ਨੇ, ੧੮ ਸੇਰ ਦਾ ਖੰਡਾ ਲੈ ਕੇ ਓਸ ਵੇਲੇ ੭੦ ਸਾਲ ਦੀ ਉਮਰ ਸੀ ਇਨ੍ਹਾਂ ਦੀ। ਉਹ ਸਰੀਰ ਤਕੜੇ ਸੀਗੇ, ਤਕੜੇ ਹੋਣ ਕਰਕੇ ਘਾਲ ਝੱਲ ਲੈਂਦੇ ਸੀ। ਹੁਣ ਜਿਹੜੇ ਸਰੀਰ ਨੇ ਨਾ ਤਾਂ ਪ੍ਰਾਣਾਯਾਮ ਕਰ ਸਕਦੇ ਨੇ, ਨਾ ਇਹ ਧੂਣੀਆਂ ਤਾਪ ਸਕਦੇ ਨੇ। ਬੀਬੀਆਂ ਨੂੰ ਕਹਿ ਕੇ ਦੇਖੋ ਕਿ ਧੂਣੀਆਂ ਤਾਪੋ, ਕੋਈ ਤਾਪਣ ਦੇਵੇਗਾ, ਜਲ ਧਾਰੇ ਕਹੋ ਇਨ੍ਹਾਂ ਨੂੰ ਕਰੋ, ਇਹ ਤਾਂ ਗੁਰੂ ਨਾਨਕ ਦੀ ਮੇਹਰ ਹੈ ਕਿ ਉਨ੍ਹਾਂ ਨੇ ਐਸਾ ਸਾਧਨ ਲਿਆ ਦਿੱਤਾ ਕਿ ਬੀਬੀਆਂ ਵੀ ਤਰ ਜਾਣਗੀਆਂ, ਭਾਈ ਵੀ ਤਰ ਜਾਣਗੇ। ਤਪ ਤਾਂ ਅਸੀਂ ਕਰ ਨਹੀਂ ਸਕਦੇ। ਸਾਡਾ ਸਰੀਰ ਨਹੀਂ ਤਪ ਕਰ ਸਕਦਾ, ਕੋਈ ਵਿਰਲਾ-ਵਿਰਲਾ ਬੰਦਾ ਹੈ ਜੋ ਕਰ ਸਕੇ, ਨਹੀਂ ਤਾਂ ਨਮੂਨੀਆਂ ਹੋ ਜਾਊ। ਜੇ ਜਲ ਧਾਰਾ ਕਰਿਆ, ਵੱਖੀਆਂ ਅੰਦਰ ਨੂੰ ਚਲੀਆਂ ਜਾਣਗੀਆਂ, ਕਰ ਹੀ ਨਹੀਂ ਸਕਦੇ, ਅਸੀਂ ਤਾਂ ਠੰਢੇ ਪਾਣੀ 'ਚ ਨਹਾ ਨਹੀਂ ਸਕਦੇ। ਨਹਿਰ ਦਾ ਪਾਣੀ ਹੋਵੇ, ਵਿੱਚ ਬੈਠਣਾ ਹੈ, ਬਿਲਕੁਲ ਨਹੀਂ ਨਹਾ ਸਕਦੇ। ਸੋ ਇਹਦੇ ਵਾਸਤੇ ਗੁਰੂ ਮਹਾਰਾਜ ਨੇ ਐਨਾ ਸੁਖਾਲਾ ਸਾਧਨ ਲਿਆਂਦਾ, ਉਹ ਇਹ ਲਿਆਂਦਾ ਹੈ ਕਿ ਗੁਰੂ ਦੀ ਸੇਵਾ, ਸੰਸਾਰ ਦੀ ਸੇਵਾ, ਪ੍ਰਮੇਸ਼ਰ ਦੀ ਸੇਵਾ, ਸੰਗਤ ਦੀ ਸੇਵਾ ਕਰੋ। ਸੇਵਾ ਦਾ ਮੈਦਾਨ ਖੋਲ੍ਹ ਦਿੱਤਾ ਤੇ ਉਹਦਾ ਫਲ ਬੇਅੰਤ ਵੱਡਾ ਕਰ ਦਿੱਤਾ।

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬***

ਦੁਨੀਆਂ ਦੇ ਵਿੱਚ ਸੇਵਾ ਕਰੋ, ਤਾਂ ਦਰਗਾਹ ਵਿੱਚ ਥਾਂ ਮਿਲਦਾ ਹੈ। ਸੋ ਸੇਵਾ ਕਰਨ ਦੇ ਨਾਲ ਵੱਡੇ ਤੋਂ ਵੱਡੇ ਫਲ ਪ੍ਰਾਪਤ ਹੋਇਆ ਕਰਦੇ ਨੇ। ਗੁਰੂ ਸਾਹਿਬ ਆਪ ਸੇਵਾ ਕਰਦੇ ਰਹੇ ਨੇ। ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਇੱਕ ਦਿਨ ਸ਼ਾਮ ਨੂੰ ਆਪ ਨੇ ਅਨੁਭਵ ਕਰਿਆ ਕਿ ਸੰਗਤ ਆ ਰਹੀ ਹੈ ਦੂਰ ਤੋਂ, ਪਿਸ਼ਾਵਰ ਦੀ ਸੰਗਤ। ਉਹ ਅੰਮ੍ਰਿਤ ਵੇਲੇ ਲਾਹੌਰ ਤੋਂ ਚੱਲੇ। ੩੫ ਮੀਲ ਦਾ ਰਾਹ ਹੈ ਤੇ ਉਸ ਵੇਲੇ ਫੁਰਨਾ ਕਰਿਆ ਕਿ ਸੱਚੇ ਪਾਤਸ਼ਾਹ! ਅੱਜ ਤੂੰ ਬਲ ਦੇ ਕਿ ਅਸੀਂ ਅੰਮ੍ਰਿਤ ਵੇਲੇ ਦਾ ਕੀਰਤਨ ਅੰਮ੍ਰਿਤਸਰ ਜਾ ਕੇ ਸੁਣੀਏ। ਲੇਕਿਨ ਬੀਬੀਆਂ ਬੱਚੇ ਬੁੱਢੇ, ਇਹ ਕਿਉਂਕਿ ਲੰਮਾ ਸਫਰ ਕਰਕੇ ਆ ਰਹੇ ਸੀ, ਧਾਈ ਕਰਦੇ, ਲਾਹੌਰ ਦੇ ਕੋਲ ਆ ਕੇ ਕਾਫੀ ਥਕੇਵਾਂ ਹੋ ਗਿਆ, ਪਰ ਹਿੰਮਤ ਨਾਲ ਚੱਲ ਪਏ, ਤੁਰੇ ਜਾ ਰਹੇ ਨੇ, ਕਾਫੀ ਪੈਂਡਾ ਸੀਗਾ ਤੇ ਜਾਂਦੇ-ਜਾਂਦੇ ਪਿੱਪਲੀ ਸਾਹਿਬ ਰਾਤ ਪੈ ਗਈ ਤੇ ਉਥੇ ਬੈਠ ਗਏ ਸਾਰੇ ਕਿ ਹੁਣ ਨਹੀਂ ਤੁਰ ਹੁੰਦਾ। ਮੁਸ਼ਕਲ ਹੈ, ਇੱਕ ਤਾਂ ਪ੍ਰਸ਼ਾਦਾ ਨਹੀਂ ਕਿਤੇ ਵੀ ਛਕਿਆ। ਕਿਤੇ ਅਰਾਮ ਨਹੀਂ ਕਰਿਆ, ਗਰਮੀ ਦਾ ਮਹੀਨਾ ਹੈ, ਪਾਣੀ ਨਹੀਂ ਪੀ ਸਕੇ। ਉਸ ਵੇਲੇ ਐਧਰੋਂ ਮਹਾਰਾਜ ਨੇ ਅਨੁਭਵ ਕਰਿਆ, ਮਾਤਾ ਗੰਗਾ ਜੀ ਨੂੰ ਕਹਿਣ ਲੱਗੇ ਕਿ ਸੰਗਤ ਆ ਰਹੀ ਹੈ। ਮਾਤਾ ਜੀ ਕਹਿਣ ਲੱਗੇ ਕਿ ਹੁਕਮ ਕੀ ਹੈ ਮਹਾਰਾਜ! ਕਹਿੰਦੇ ਐਉਂ ਕਰਿਓ, ਇੱਕ ਟੋਕਰਾ ਪ੍ਰਸ਼ਾਦਿਆਂ ਦਾ ਲਾਹ ਲਓ ਗੁਪਤ ਰੂਪ ਵਿੱਚ, ਇਥੇ ਆ ਜਾਵੇ ਤੇ ਇੱਕ ਪਤੀਲਾ ਦਾਲ ਦਾ ਤੇ ਵਸਤਰ ਆਪਣੇ ਸਾਧਾਰਣ ਪਾ ਲਓ। ਮਹਾਰਾਜ ਜੀ ਨੇ ਵੀ ਵਸਤਰ ਸਾਧਾਰਣ ਪਾ ਕੇ ਭੇਸ ਬਦਲਾ ਲਿਆ, ਮਹਾਰਾਜ ਜੀ ਨੇ ਤਾਂ ਟੋਕਰਾ ਚੁਕ ਲਿਆ ਸਿਰ 'ਤੇ, ਜਦੋਂ ਸੂਰਜ ਛਿਪਿਆ ਤੇ ਮਾਤਾ ਜੀ ਨੇ ਪਤੀਲਾ ਸਿਰ ਦੇ ਉੱਤੇ ਚੁੱਕ ਲਿਆ, ਕੋਈ ਨਾਲ ਨਾ ਲਿਆ, ਨਾ ਸੇਵਾਦਾਰ, ਕਿਸੇ ਨੂੰ ਪਤਾ ਹੀ ਨਾ ਲੱਗਣ ਦਿੱਤਾ ਕਿ ਕਿਹੜੇ ਵੇਲੇ ਨਿਕਲ ਗਏ। ਨਾ ਕਿਸੇ ਨੇ ਪਹਿਚਾਣਿਆ, ਸਾਧਾਰਣ ਸੇਵਾਦਾਰ ਸਮਝ ਕੇ ਨਾ ਕਿਸੇ ਨੇ ਪੁੱਛਿਆ। ਸਭ ਦੇ ਮਨ ਵਿੱਚ ਖਿਆਲ ਸੀ ਕਿ ਮਹਾਰਾਜ ਜੀ ਤਾਂ ਨਹੀਂ ਟੋਕਰਾ ਚੁੱਕਦੇ। ਨਾਲ ਇਹ ਵੀ ਖਿਆਲ ਸੀ ਕਿ ਮਾਤਾ ਜੀ ਪਤੀਲਾ ਚੁੱਕ ਕੇ ਨਹੀਂ ਕਿਧਰੇ ਜਾਂਦੇ। ਸੋ ਚਲਦੇ-ਚਲਦੇ ਆਪ ਪਿੱਪਲੀ ਸਾਹਿਬ ਪਹੁੰਚ ਗਏ, ਉਧਰੋਂ ਸੰਗਤ ਪਹੁੰਚ ਗਈ, ਓਧਰੋਂ ਇਹ ਪਹੁੰਚ ਗਏ ਤੇ ਜਾ ਕੇ ਆਪਸ ਵਿੱਚ ਸਤਿ ਕਰਤਾਰ ਦਾ ਅਵਾਜ਼ਾ ਦਿੱਤਾ। ਕਹਿੰਦੇ, ਲਓ ਬਈ ਸਿੰਘੋ ਬੈਠੋ, ਪ੍ਰਸ਼ਾਦੇ ਛਕੋ। ਆਓ ਪਹਿਲਾਂ ਪੰਜ ਇਸ਼ਨਾਨਾ ਕਰਾਈਏ। ਮਹਾਰਾਜ ਜੀ ਡੋਲ ਖਿੱਚਣ ਲੱਗ ਗਏ ਖੂਹ 'ਤੇ, ਉਤੋਂ ਪਾਈ ਜਾਂਦੇ ਨੇ, ਮਾਤਾ ਜੀ ਚਰਨ ਧੋਈ ਜਾਂਦੇ ਨੇ। ਕਹਿੰਦੇ ਬੜੇ ਪ੍ਰੇਮੀ ਸਿੱਖ ਆ ਗਏ ਇਹ ਤਾਂ, ਵਾਹ ਬਈ ਵਾਹ। ਸਿੱਖ ਥੱਕੇ ਹੋਏ ਸੀ, ਕੁਰਲੇ ਕਰਾਈ ਜਾਂਦੇ ਨੇ, ਪਾਣੀ ਪਿਲਾਈ ਜਾਂਦੇ ਨੇ। ਪੰਗਤਾਂ ਲੁਆ ਦਿੱਤੀਆਂ ਉਸ ਤੋਂ ਬਾਅਦ ਮਹਾਰਾਜ ਜੀ ਪ੍ਰਸ਼ਾਦਾ ਵੰਡਦੇ ਨੇ, ਮਾਤਾ ਜੀ ਦਾਲਾ ਪਾ ਰਹੇ ਨੇ। ਪ੍ਰਸੰਨ ਹੋ ਗਏ ਸਾਰੇ, ਇੱਕ ਤਾਂ ਸੁਪਰੀਮ ਹੱਥਾਂ ਦੇ ਰਾਹੀਂ, ਗੁਰੂ ਦੇ ਰਾਹੀਂ ਪ੍ਰਸ਼ਾਦਾ ਮਿਲ ਜਾਵੇ ਕਿੱਡੀ ਵੱਡੀ ਗੱਲ ਹੈ, ਕਿੰਨੀ ਸ਼ਕਤੀ ਉਹਦੇ ਵਿੱਚ ਹੋਏਗੀ, ਕਿੰਨੀ ਭਾਵਨਾ ਹੋਏਗੀ, ਉਸ ਤੋਂ ਬਾਅਦ ਜਲ ਪਿਲਾਉਂਦੇ ਰਹੇ, ਬਰਤਨ ਮਾਂਜੇ ਆਪ ਨੇ। ਉਸ ਤੋਂ ਬਾਅਦ ਟੋਕਰੇ ਵਿੱਚ ਬਰਤਨ ਵੀ ਰੱਖ ਲਏ, ਪਤੀਲਾ ਵੀ ਰੱਖ ਲਿਆ, ਕਹਿਣ ਲੱਗੇ ਕੀ ਵਿਚਾਰ ਹੈ ਸਾਧਸੰਗਤ ਜੀ! ਕਹਿੰਦੇ, ਸਿੰਘਾ! ਹੁਣ ਤਾਂ ਅਸੀਂ ਘੋੜੇ ਵਰਗੇ ਹੋ ਗਏ ਤੇ ਹੁਣ ਤਾਂ ਅੰਮ੍ਰਿਤਸਰ ਹੀ ਚੱਲ ਕੇ ਰਾਤ ਕੱਟਾਂਗੇ, ਉਸ ਵੇਲੇ ਸੰਗਤ ਸ਼ਬਦ ਪੜ੍ਹਦੀ ਹੋਈ

ਤੁਰ ਪਈ, ਮਹਾਰਾਜ ਜੀ, ਨਾਲ ਪੱਖੇ ਲੈ ਗਏ ਸੀ ਮੋਢੇ 'ਚ ਪਾ ਕੇ ਤੇ ਟੋਕਰਾ ਫੜਾ ਦਿੱਤਾ ਕਿਸੇ ਸਿੰਘ ਨੂੰ ਤੇ ਆਪ ਮਾਤਾ ਜੀ ਅਤੇ ਮਹਾਰਾਜ ਜੀ ਦੌੜ-ਦੌੜ ਕੇ ਪਿੱਛੇ ਪੱਖੇ ਝੱਲੀ ਜਾਂਦੇ ਨੇ ਸੰਗਤ ਦੇ ਕਿ ਗਰਮੀ ਨਾ ਲੱਗੇ। ਕਹਿੰਦੇ ਬਈ ਬੜਾ ਪ੍ਰੇਮੀ ਸਿੱਖ ਹੈ ਉਹ ਤਾਂ ਕਮਾਲ ਕਰ ਦਿੱਤੀ ਉਹਨੇ। ਅਖੀਰ ਜਦ ਉਥੇ ਆਏ ਮਹਾਰਾਜ ਕਹਿੰਦੇ ਮੈਨੂੰ ਪਤਾ ਹੈ ਜਗ੍ਹਾ ਦਾ, ਕਿੱਥੇ ਤੁਸੀਂ ਪੈਣਾ ਹੈ, ਉਥੇ ਅਰਾਮ ਕਰ ਲਓਂਗੇ। ਸੋ ਮਹਾਰਾਜ ਜੀ ਨੇ ਇੱਕ ਪਾਸੇ ਲਿਜਾ ਕੇ ਪ੍ਰਕਰਮਾ ਦੇ ਸਾਰਿਆਂ ਦਾ ਡੇਰਾ ਕਰਾ ਦਿੱਤਾ, ਕਹਿੰਦੇ ਲਓ ਸਾਧਸੰਗਤ ਜੀ! ਹੁਣ ਤੁਸੀਂ ਆਰਾਮ ਕਰੋ, ਅੰਮ੍ਰਿਤ ਵੇਲੇ ਉਠ ਕੇ ਨਾਲੇ ਤੁਸੀਂ ਦਰਸ਼ਨ ਕਰਿਓ, ਨਾਲੇ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਅਨੰਦ ਮਾਣੋਗੇ ਤੇ ਸਰੋਵਰ 'ਤੇ ਇਸ਼ਨਾਨ ਕਰੋਂਗੇ। ਗਰਮੀ ਸੀ ਕੁਛ ਜ਼ਿਆਦਾ ਤੇ ਮਹਾਰਾਜ ਜੀ ਪੱਖਾ ਝੱਲਦੇ ਸੀ, ਮਾਤਾ ਜੀ ਵੀ ਪੱਖਾ ਝਲਦੇ ਸੀ, ਕਾਫੀ ਸੰਗਤ ਨੂੰ ਨੀਂਦ ਆ ਗਈ ਲੇਕਿਨ ਕਾਫੀ ਜਿਹੜੇ ਮਾਈਆ ਬਜ਼ੁਰਗ ਸੀਗੇ, ਉਨ੍ਹਾਂ ਨੂੰ ਨੀਂਦ ਨਹੀਂ ਸੀ ਆ ਰਹੀ, ਮਹਾਰਾਜ ਜੀ ਉਨ੍ਹਾਂ ਦੇ ਚਰਨ ਦੱਬਣ ਲੱਗ ਗਏ, ਕਿਸੇ ਦੀ ਪਿੱਠ ਘੁੱਟਣ ਲੱਗ ਗਏ। ਇਸੇ ਤਰ੍ਹਾਂ ਨਾਲ ਮਾਤਾ ਜੀ, ਬੀਬੀਆਂ ਬਿਰਧ ਜਿਹੜੀਆਂ ਸੀ ਉਨ੍ਹਾਂ ਦੇ ਚਰਨ ਦੱਬਣੇ ਸ਼ੁਰੂ ਕਰ ਦਿੱਤੇ। ਲੱਤਾਂ ਘੁਟਣੀਆਂ ਸ਼ੁਰੂ ਕਰ ਦਿੱਤੀਆ, ਪਿੱਠ ਦੱਬਣੀ ਸ਼ੁਰੂ ਕਰ ਦਿੱਤੀ। ਸਾਰੇ ਸੌਂ ਗਏ ਤੇ ਇੱਕ ਬਿਰਧ ਨੂੰ ਨੀਂਦ ਨਹੀਂ ਆ ਰਹੀ, ਮਹਾਰਾਜ ਜੀ ਉਹਦੀ ਹੀ ਸੇਵਾ ਕਰੀ ਜਾਂਦੇ ਨੇ। ਐਨੇ ਨੂੰ ਅੰਮ੍ਰਿਤ ਵੇਲਾ ਹੋ ਗਿਆ, ਅੰਮ੍ਰਿਤ ਵੇਲਾ ਹੋਇਆ ਤਾਂ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਗੁਰੂ ਮਹਾਰਾਜ ਜੀ ਨੂੰ ਲੈਣ ਵਾਸਤੇ ਮਹਿਲਾਂ ਦੇ ਅੱਗੇ ਚਲੇ ਗਏ। ਜਦ ਖੜਕਾ ਵਗੈਰਾ ਹੋਇਆ ਹੀ ਨਾ ਕੁਛ, ਤਾਂ ਸੇਵਾਦਾਰਾਂ ਨੂੰ ਪੁੱਛਿਆ ਕਿ ਮਹਾਰਾਜ ਜੀ ਕਿੱਥੇ ਨੇ ਕੀ ਗੱਲ ਅੱਜ ਕੋਈ ਖੜਕਾ ਹੀ ਨਹੀਂ ਹੋਇਆ? ਨਾ ਕੋਈ ਦੀਵਾ ਜਾਲਿਆ ਹੈ। ਪਤਾ ਕਰਿਆ ਤਾਂ ਕਹਿੰਦੇ ਉਹ ਤਾਂ ਹੈ ਹੀ ਨਹੀਂ ਰਾਤ ਦੇ ਹੀ ਨਹੀਂ ਹੈਗੇ ਇੱਥੇ। ਪਤਾ ਨਹੀਂ ਕੀਹਨੂੰ ਤਾਰਨ ਗਏ ਹੋਏ ਨੇ ਰਾਤ ਦੇ ਨਹੀਂ ਹਨ। ਉਸ ਵੇਲੇ ਭਾਈ ਗੁਰਦਾਸ ਜੀ ਕਹਿਣ ਲੱਗੇ, ਬਾਬਾ ਬੁੱਢਾ ਜੀ! ਤੁਹਾਨੂੰ ਗੁਰੂ ਨਾਨਕ ਦਾ ਵਰ ਹੈ ਕਿ ਗੁਰੂ ਕਦੇ ਵੀ ਤੁਹਾਡੇ ਨੇਤਰਾਂ ਤੋਂ ਓਹਲੇ ਨਹੀਂ ਹੋਏਗਾ, ਕ੍ਰਿਪਾ ਕਰਕੇ ਦੱਸੋ ਐਸ ਵੇਲੇ ਗੁਰੂ ਸਾਹਿਬ ਕਿੱਥੇ ਨੇ? ਗੁਰਮੁਖ ਸੀਗੇ, ਪੂਰਨ ਗੁਰਮੁਖ ਸੀ, ਹਲਕੇ ਨਹੀਂ ਸੀ। ਕਹਿਣ ਲੱਗੇ, ਗੁਰੂ ਮਹਾਰਾਜ ਕਿੱਥੇ ਹੋਣੇ, ਇੱਥੇ ਹੀ ਹੋਣੇ ਨੇ, ਸੰਗਤਾਂ 'ਚ ਨੇੜੇ ਤੇੜੇ ਆਪਾਂ ਦੇਖ ਲੈਂਦੇ ਹਾਂ। ਕਿਸੇ ਪ੍ਰੇਮੀ ਦੇ ਪਿਆਰ ਦੇ ਬੰਨ੍ਹੇ ਹੋਏ ਹੋਣੇ ਨੇ ਕਿਤੇ। ਪ੍ਰਕਰਮਾ 'ਚ ਫਿਰ ਕੇ ਦੇਖਣ ਲੱਗ ਗਏ, ਕੁਛ ਏਧਰ ਦੇਖ, ਕੁਛ ਓਧਰ ਦੇਖ ਤੇ ਅਖੀਰ ਓਥੇ ਪਹੁੰਚ ਗਏ ਜਿੱਥੇ ਜਾ ਕੇ ਗੁਰੂ ਮਹਾਰਾਜ ਇੱਕ ਬਿਰਧ ਦੇ ਚਰਨ ਵੀ ਘੁੱਟਦੇ ਸੀ ਤੇ ਪਿੱਠ ਵੀ ਘੁੱਟਦੇ ਸੀ ਤੇ ਉਹ ਕਹਿੰਦਾ ਸੀ, ਸਿੱਖਾ! ਤੂੰ ਤਾਂ ਮੇਰੀ ਬੜੀ ਸੇਵਾ ਕੀਤੀ, ਜਦ ਮੈਂ ਗੁਰੂ ਸਾਹਿਬ ਦੇ ਦਰਸ਼ਨ ਕਰਾਂਗਾ ਤੇ ਮੈਂ ਤੇਰੀ ਗੱਲ ਜ਼ਰੂਰ ਕਰਨੀ ਹੈ ਕਿ ਐਹੋ ਜਿਹਾ ਲਗਨ ਵਾਲਾ ਸਿੱਖ ਨਹੀਂ ਮੈਂ ਦੇਖਿਆ। ਮਹਾਰਾਜ ਨੀਵੀਂ ਪਾਈ ਬੈਠੇ ਨੇ। ਚੁੱਪ ਕਰੇ ਹੋਏ, ਕੋਈ ਬਚਨ ਹੀ ਨਹੀਂ ਕਰ ਰਹੇ। ਕਹਿੰਦੇ ਕੋਈ ਨਹੀਂ ਬਾਬਾ! ਤੂੰ ਆਰਾਮ ਕਰ ਲੈ ਤੈਨੂੰ ਨੀਂਦ ਨਹੀਂ ਆਈ।

ਐਨੇ ਨੂੰ ਪੰਜ ਚਾਰ ਜਿਹੜੇ ਮੁਖੀ ਸਿੰਘ ਸੀ ਆ ਗਏ ਤੇ ਬਾਬਾ ਬੁੱਢਾ ਜੀ ਵੀ ਆ ਗਏ, ਮਹਾਰਾਜ ਜੀ ਨੇ ਹੋਰ ਨੀਵੀਂ ਪਾ ਲਈ, ਨੀਵਾਂ ਕਰ ਲਿਆ ਸਿਰ। ਉੱਤੇ ਮੰਡਾਸਾ ਬੰਨ੍ਹਿਆਂ ਹੋਇਆ ਹੈ, ਭੇਸ ਬਦਲਿਆ ਹੋਇਆ ਹੈ ਤੇ ਮਾਤਾ ਜੀ ਨੇ ਵੀ ਮੂੰਹ ਢਕ ਲਿਆ ਕਿ ਪਛਾਣ ਨਾ ਲੈਣ। ਐਨੇ ਨੂੰ ਬਾਬਾ ਬੁੱਢਾ ਜੀ ਨੇੜੇ ਆ ਗਏ। ਨੀਵੇਂ ਹੋ ਕੇ ਦੇਖਣ ਲੱਗ ਗਏ, ਕਹਿੰਦੇ ਸੱਚੇ ਪਾਤਸ਼ਾਹ! ਉੱਤੇ ਨੂੰ ਕਰ ਲਓ ਮੁੱਖ। ਜਦ ਐਨੀ ਗੱਲ ਕਹੀ, ਸਾਰਿਆ ਨੇ ਨਮਸ਼ਕਾਰ ਕਰੀ। ਇੱਕ ਦਮ ਉਹ ਬਜ਼ੁਰਗ ਤਾਂ ਧਾਹਾਂ ਮਾਰ ਕੇ ਰੋਣ ਲੱਗ ਗਿਆ। ਕਹਿੰਦੇ ਸੱਚੇ ਪਾਤਸ਼ਾਹ! ਤੇਰੇ ਤੋਂ ਹੀ ਵਡਿਆ-ਵਡਿਆ ਕੇ ਸੇਵਾ ਕਰਾਈ ਗਿਆ। ਸਾਰੀ ਸੰਗਤ ਉੱਠ ਗਈ, ਕਹਿੰਦੀ ਹੈਂ, ਮਹਾਰਾਜ ਪੱਖੇ ਝੱਲਦੇ ਰਹੇ? ਗੁਰੂ ਮਹਾਰਾਜ ਸਾਡੇ ਚਰਨ ਦਬਦੇ ਰਹੇ? ਮਾਈਆਂ ਉੱਠ ਕੇ ਹੈਰਾਨ ਹੋ ਗਈਆਂ, ਨੇਤਰਾਂ 'ਚੋ ਜਲ ਜਾਂਦਾ ਹੈ। ਇਧਰਲੇ ਪਾਸੇ ਮਹਾਰਾਜ ਜੀ ਦੇ ਨੇਤਰ ਨੇ ਜਿਸ ਵਿੱਚੋਂ ਟੇਪੇ ਗਿਰਨੇ ਸ਼ੁਰੂ ਹੋ ਗਏ। ਕਹਿੰਦੇ ਬਾਬਾ ਬੁੱਢਾ ਜੀ! ਦੇਖੋ ਤੁਸੀਂ ਸਾਰੇ ਸੇਵਾ ਕਰਦੇ ਓਂ, ਗੁਰੂ ਘਰ ਦੇ ਅੰਦਰ ਸੇਵਾ ਨਾਮ ਜਿੰਨੀਓਂ ਹੀ ਪ੍ਰਧਾਨ ਹੈ, ਜਿੱਡੀ ਮਹੱਤਤਾ ਨਾਮ ਨੂੰ ਹੈ, ਓਨੀਓਂ ਸੇਵਾ ਨੂੰ ਹੈ ਤੇ ਜਦੋਂ ਮੈਂ ਸੇਵਾ ਕਰਦਾ ਹਾਂ, ਤੁਸੀਂ ਮੈਨੂੰ ਸੇਵਾ ਵੀ ਨਹੀਂ ਸੰਗਤਾਂ ਦੀ ਕਰਨ ਦਿੰਦੇ ਤੇ ਸੇਵਾ ਕਰਕੇ ਮੇਰਾ ਚਿੱਤ ਬਹੁਤ ਖੁਸ਼ ਹੁੰਦਾ ਹੈ -

***ਧਾਰਨਾ - ਹੋਵਾਂ ਮੈਂ ਨਿਹਾਲ***
***ਪਾਣੀ ਪੱਖਾ ਪੀਸਣ ਪੀਸ ਕੇ।***
***ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥***
***ਅੰਗ - ੮੧੧***

ਕਹਿੰਦੇ ਸੁੱਟ ਦੇ ਅੱਗ ਦੇ ਵਿੱਚ ਰਾਜ ਵੀ ਸੁੱਟ ਦੇ, ਸਰਦਾਰੀਆਂ ਵੀ ਸੁੱਟ ਦੇ, ਜਾਇਦਾਦਾਂ ਵੀ ਸੁੱਟ ਦੇ ਕਿਉਂਕਿ ਸੇਵਾ ਨਹੀਂ ਕਰਨ ਦਿੰਦੀਆ ਤੈਨੂੰ। ਤੇਰੀ ਦਸਤਾਰ ਮੈਲੀ ਹੋ ਜਾਏਗੀ ਜੇ ਟੋਕਰੀ ਚੁੱਕੀ। ਕਹਿੰਦੇ, ਅੱਗ 'ਚ ਜਾਲ ਦੇ ਇਨ੍ਹਾਂ ਨੂੰ, ਕਿੱਡੀ ਵੱਡੀ ਗੱਲ ਕਹਿ ਦਿੱਤੀ ਮਹਾਰਾਜ ਨੇ। ਧਿਆਨ ਤਾਂ ਨਹੀਂ ਅਸੀਂ ਦਿੰਦੇ ਇਸ ਗੱਲ ਦਾ। ਕਹਿੰਦੇ ਮੇਰੇ ਕਪੜੇ ਨਾ ਮੈਲੇ ਹੋ ਜਾਣ। ਗੁਰੂ ਨਾਨਕ ਪਾਤਸ਼ਾਹ ਦੇ ਪਾਸ ਗੁਰੂ ਅੰਗਦ ਸਾਹਿਬ ਆਉਂਦੇ ਨੇ, ਇੱਕ ਪੰਡ ਨਮਕ ਦੀ ਪਿੰਡ ਤੋਂ ਚੁੱਕ ਕੇ ਲੈ ਆਏ। ਮਾਤਾ ਪਿਤਾ ਨੇ ਕਿਹਾ ਕਿ ਤੂੰ ਐਉਂ ਕਿਉਂ ਚੁੱਕੀਂ ਜਾਂਦਾ ਹੈਂ, ਆਪਾਂ ਅਮੀਰ ਹਾਂ, ਪੈਸਾ ਟਕਾ ਆਪਣੇ ਕੋਲ ਬਹੁਤ ਹੈ। ਵੱਡੇ ਵਪਾਰੀ ਹਾਂ, ਸਿਰ 'ਤੇ ਕਿਉਂ ਚੁੱਕੀਂ ਜਾਂਦਾ ਹੈ, ਇੱਥੋਂ ਕੋਈ ਖੱਚਰ ਕਰ ਲੈ ਕਿਰਾਏ 'ਤੇ, ਘੋੜਾ ਕਰ ਲੈ, ਉੱਤੇ ਬੈਠਾ ਜਾਈਂ, ਨਾਲੇ ਨਮਕ ਲੈ ਜਾਈਂ, ਖੁਰਜੀਆਂ 'ਚ ਪਾ ਕੇ। ਕਹਿਣ ਲੱਗੇ, ਪਿਤਾ ਜੀ! ਉਹ ਅਨੰਦ ਨਹੀਂ ਆਉਣਾ ਜਿਹੜਾ ਸਿਰ 'ਤੇ ਚੁੱਕ ਕੇ ਆਉਣਾ ਹੈ, ਮੈਂ ਵੱਡੇ ਵਾਹਿਗੁਰੂ ਦੀ ਸੇਵਾ 'ਚ ਜਾ ਰਿਹਾ ਹਾਂ ਤੇ ਮੈਂ ਸੀਸ 'ਤੇ ਚੁੱਕ ਕੇ ਲਿਜਾਣਾ ਹੈ। ਜਦੋਂ ਜਾ ਕੇ ਪੰਡ ਰੱਖੀ, ਮਾਤਾ ਜੀ ਨੇ ਰਖਾ ਲਈ, ਕਹਿੰਦੇ ਬੇਟਾ! ਗੁਰੂ ਨਾਨਕ ਪਾਤਸ਼ਾਹ ਤਾਂ ਧਾਨਾਂ ਦੇ ਖੇਤ ਵਿੱਚ ਘਾਹ ਕਢਾ ਰਹੇ ਨੇ। ਕਹਿੰਦੇ, ਮਾਤਾ ਜੀ! ਫੇਰ ਮੈਂ ਦਰਸ਼ਨ ਕਰ ਆਵਾਂ? ਕਹਿੰਦੇ, ਨਾਹ ਬੇਟਾ ਚਿੱਕੜ ਬਹੁਤ ਹੈ ਉੱਥੇ, ਤੇਰੇ ਬਹੁਤ ਸੁੰਦਰ ਵਸਤਰ ਨੇ, ਪਜਾਮਾ ਜਿਹੜਾ

ਪਾਇਆ ਹੋਇਆ ਹੈ ਰੇਸ਼ਮ ਦਾ ਪਾਇਆ ਹੋਇਆ ਹੈ, ਕਮੀਜ਼ ਤੇਰਾ ਸ਼ੁੱਧ ਰੇਸ਼ਮ ਦਾ ਹੈ। ਕਮੀਜ਼ ਤੇਰਾ ਸ਼ੁੱਧ ਰੇਸ਼ਮ ਦਾ ਹੈ, ਸਿਰ ਦੇ ਉੱਤੇ ਜਿਹੜੀ ਟਸਰੀ ਬੰਨ੍ਹੀ ਹੈ ਉਹ ਸ਼ੁੱਧ ਰੇਸ਼ਮ ਦੀ ਹੈ, ਬੇਟਾ! ਉਥੇ ਖਰਾਬ ਹੋ ਜਾਏਗੀ ਚਿੱਕੜ ਦੇ ਵਿੱਚ? ਐਥੇ ਹੀ ਆ ਜਾਣਗੇ ਥੋੜ੍ਹੀ ਦੇਰ ਨੂੰ ਤੂੰ ਇੱਥੇ ਹੀ ਦਰਸ਼ਨ ਕਰ ਲਈਂ। ਕਹਿਣ ਲੱਗੇ, ਨਾ ਮਾਤਾ ਜੀ, ਮੈਂ ਤਾਂ ਪਾਤਸ਼ਾਹ ਦੇ ਦਰਸ਼ਨ ਕਰਨੇ ਨੇ। ਕਿਉਂਕਿ ਇਹ ਇੱਕ ਅਵਸਥਾ ਹੁੰਦੀ ਹੈ, ਉਹਦੇ ਬਾਰੇ ਮਹਾਰਾਜ ਜੀ ਨੇ ਇਸ ਤਰ੍ਹਾਂ ਨਾਲ ਫੁਰਮਾਨ ਕਰਿਆ ਹੈ।

***ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥ ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥ ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥ ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥ ਤਿਉ ਸੰਤ ਜਨਾ ਹਰਿ ਪ੍ਰੀਤਿ ਹੈ***
***ਦੇਖਿ ਦਰਸੁ ਅਘਾਵੈ ॥ ਅੰਗ - ੭੦੮***

ਨਾ ਮਾਤਾ ਜੀ! ਮੈਂ ਜਲਦੀ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰਨੇ ਚਾਹੁੰਦਾ ਹਾਂ। ਸੋ ਉਸ ਵੇਲੇ ਆਪ ਚਲੇ ਜਾਂਦੇ ਨੇ ਤੇ ਜਾ ਕੇ ਮਹਾਰਾਜ ਜੀ ਧਾਨਾਂ ਦੇ ਖੇਤ ਦੇ ਵਿਚਾਲੇ ਖੜ੍ਹੇ ਨੇ। ਓਸ ਥਾਂ 'ਤੇ ਪਹੁੰਚ ਜਾਂਦੇ ਨੇ, ਚਿੱਕੜ ਹੈ, ਚਿੱਕੜ ਦੇ ਵਿਚੀਂ ਲੰਘ ਕੇ ਗੁਰੂ ਮਹਾਰਾਜ ਦੇ ਕੋਲ ਪਹੁੰਚਦੇ ਨੇ। ਅੱਗੇ ਕੀ ਹੋ ਰਿਹਾ ਹੈ ਜਿਹੜਾ ਵੱਟ ਸੀ, ਉਹ ਧਾਨਾਂ ਦੇ ਵਿਚੋਂ ਕੱਢ-ਕੱਢ ਕੇ, ਧਾਨਾਂ ਵਰਗਾ ਹੀ ਹੁੰਦਾ ਹੈ ਤੇ ਹੋਰ ਘਾਹ ਸੀ ਉਹ ਪੁੱਟ ਪੁੱਟ ਕੇ, ਵੱਟਾਂ 'ਤੇ ਰੱਖੀ ਜਾਂਦੇ ਨੇ। ਪਾਣੀ ਵਾਲੇ ਖੇਤ 'ਚੋਂ ਕੱਢ ਰਹੇ ਸੀ ਤੇ ਉਹ ਜਿਹੜਾ ਚਿੱਕੜ ਸੀ ਉਹ ਨਾਲ ਲੱਗਿਆ ਹੋਇਆ ਸੀ ਸਾਰਿਆਂ ਦੇ। ਉਸ ਵੇਲੇ ਮਹਾਰਾਜ ਕਹਿੰਦੇ ਪੁਰਖਾ! ਇਹ ਘਾਹ ਕਾਫੀ ਲੰਮਾ ਹੈ, ਆਹ ਰੱਸੀ ਚੁੱਕ ਤੇ ਇਹਦੇ ਵਿੱਚ ਭਰਾ ਬੰਨ੍ਹ ਲੈ, ਹੁਣ ਆਪ ਬੰਨ੍ਹ ਰਹੇ ਨੇ ਤੇ ਇਸ ਗੱਲ ਦੀ ਨਹੀਂ ਪਰਵਾਹ ਕਿ ਗਿੱਲੇ ਲੱਗ-ਲੱਗ ਕੇ ਮੇਰਾ ਕੁੜਤਾ ਖਰਾਬ ਹੋ ਰਿਹਾ ਹੈ। ਆਪ ਦੇ ਸੀਸ 'ਤੇ ਚੁਕਾ ਦਿੱਤੇ ਗਏ ਤੇ ਉਹ ਧਾਨ ਚੋਂਦੇ ਆਉਂਦੇ ਨੇ। ਸਾਰੇ ਕਮੀਜ਼ ਦੇ ਉੱਤੇ ਘਰਾਲਾਂ ਪੈ ਗਈਆਂ ਚਿੱਕੜ ਦੀਆਂ। ਗੁਰੂ ਨਾਨਕ ਪਾਤਸ਼ਾਹ ਵੀ ਪਿੱਛੇ-ਪਿੱਛੇ ਆ ਗਏ। ਮਾਤਾ ਜੀ ਕੋਲ ਜਦੋਂ ਆਏ ਦੂਰੋਂ ਹੀ ਮਾਤਾ ਜੀ ਨੇ ਕਿਹਾ, ਕਹਿੰਦੀ ਦੇਖੋ ਜੀ ਤੁਸੀਂ ਤਾਂ ਦੇਖਦੇ ਹੀ ਨਹੀਂ ਹੈਗੇ। ਹਰੇਕ ਨੂੰ ਇੱਕੋ ਰੱਸੇ ਲਪੇਟਦੇ ਹਾਂ। ਗਰੀਬ ਵੀ ਤੇ ਅਮੀਰ ਵੀ। ਬੰਦੇ ਕੁ ਬੰਦੇ ਦੀ ਤੁਸੀਂ ਪਛਾਣ ਨਹੀਂ ਕਰਦੇ। ਆਹ ਕਿੰਨੇ ਬੰਦੇ ਫਿਰਦੇ ਨੇ, ਤੁਸੀਂ ਉਨ੍ਹਾਂ ਤੋਂ ਚੁਕਾ ਲੈਂਦੇ, ਵਿਚਾਰਾ ਹੁਣੇ ਤਾਂ ਲੂਣ ਦੀ ਪੰਡ ਚੁੱਕ ਕੇ ਲਿਆਇਆ ਹੈ। ਨੱਠਿਆ-ਨੱਠਿਆ ਤੁਹਾਡੇ ਦਰਸ਼ਨਾਂ ਨੂੰ ਗਿਆ ਹੈ ਤੁਸੀਂ ਜਾਂਦਿਆਂ ਨੇ ਹੀ ਚਿੱਕੜ ਇਹਦੇ ਸਿਰ 'ਤੇ ਰੱਖ ਦਿੱਤਾ, ਦੇਖੋ ਕਿਵੇਂ ਘਰਾਲਾਂ ਪੈ ਗਈਆਂ ਕੱਪੜਿਆਂ 'ਤੇ। ਕੱਪੜਿਆਂ ਦਾ ਤਾਂ ਧਿਆਨ ਰੱਖਦੇ ਰੇਸ਼ਮ ਦੇ ਕੱਪੜੇ ਪਹਿਨੇ ਹੋਏ ਨੇ। ਮਹਾਰਾਜ ਕਹਿੰਦੇ ਭਲੀਏ! ਤੈਨੂੰ ਚਿੱਕੜ ਨਜ਼ਰ ਆਉਂਦਾ ਹੈ, ਤੈਨੂੰ ਧਾਨਾਂ ਦੀ ਪੰਡ ਨਜ਼ਰ ਆਉਂਦੀ ਹੈ, ਮੈਂ ਤਾਂ ਦੀਨ ਦੁਨੀਆਂ ਦਾ ਤਖਤ ਇਹਦੇ ਸੀਸ 'ਤੇ ਰੱਖਿਆ ਹੈ। ਜਿਹਨੂੰ ਤੂੰ ਚਿੱਕੜ ਕਹਿੰਦੀ ਹੈ, ਇਹ ਕੇਸਰ ਹੈ ਕੇਸਰ। ਕਹਿਣ ਦੀ ਦੇਰ ਸੀ, ਹੁਕਮ ਦੀ ਦੇਰ ਸੀ, ਉਸੇ ਵੇਲੇ ਕੱਪੜੇ ਜਿਹੜੇ ਨੇ ਚਿੱਕੜ ਨਹੀਂ ਨਜ਼ਰ ਆਉਂਦਾ। ਕੇਸਰ ਦੇ ਛਿੱਟੇ ਨਜ਼ਰ ਆ ਰਹੇ ਨੇ।

ਸੋ ਮਹਾਰਾਜ ਕਹਿੰਦੇ ਜਿਹੜੇ ਕੱਪੜੇ ਆਦਮੀ ਨੂੰ ਸੇਵਾ ਕਰਨ ਤੋਂ ਲਾਂਭੇ ਰੱਖਣ, ਜਿਹੜੀ ਸਰਦਾਰੀ ਕਹਿੰਦੀ ਹੈ ਕਿ ਮੈਂ ਨਹੀਂ ਟੋਕਰੀ ਚੁੱਕਣੀ, ਕਹਿੰਦੇ -

***ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥***
***ਅੰਗ - ੮੧੧***

ਸੁੱਟ ਦੇ ਇਨ੍ਹਾਂ ਨੂੰ, ਕਿਉਂਕਿ ਤੂੰ ਸੇਵਾ ਨਹੀਂ ਕਰ ਸਕਿਆ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਸੰਗਤ ਦੇ ਵਿੱਚ ਬੈਠੇ ਨੇ, ਜੇਠ ਦਾ ਮਹੀਨਾ ਹੈ, ਦੀਵਾਨ ਲੱਗਿਆ ਹੋਇਆ ਹੈ, ਉਹਦੇ ਵਿੱਚ ਜਿਹੜਾ ਸੇਵਾਦਾਰ ਹੈ, ਚੌਰ ਬਰਦਾਰ ਹੈ, ਉਹ ਥੋੜ੍ਹਾ ਚੌਰ ਰੱਖ ਕੇ ਲਾਂਭੇ ਹੋਇਆ ਕਿਸੇ ਕਾਰਜ ਵਾਸਤੇ, ਤੇ ਮਹਾਰਾਜ ਜੀ ਦੇ ਮੁੱਖ ਤੋਂ ਫੁਰਮਾਨ ਹੋਇਆ ਕਿ 'ਜਲ'। ਪਿੱਛੇ ਦੇਖਿਆ ਨਾਲ 'ਜਲ' ਦੀ ਆਵਾਜ਼ ਦਿੱਤੀ, ਉੱਥੇ ਇੱਕ ਬਹੁਤ ਸੁੰਦਰ ਤੇ ਅਮੀਰ ਬੱਚਾ ਬੈਠਾ ਸੀ, ਮਨ ਵਿੱਚ ਚਾਉ ਜਾਗਿਆ ਕਿ ਅੱਜ ਮੈਂ ਜਲ ਲਿਆਵਾਂਗਾ, ਛੇਤੀ ਦੇ ਕੇ ਉਠਿਆ, ਜਾ ਕੇ ਬਰਤਨ ਚੁੱਕਿਆ ਜਾ ਕੇ ਧੋਤਾ ਚੰਗੀ ਤਰ੍ਹਾਂ ਨਾਲ, ਛੰਨੇ ਦੇ ਵਿੱਚ ਪਾਇਆ, ਉਹ ਪਾ ਕੇ ਹਥੇਲੀ 'ਤੇ ਰੱਖ ਕੇ ਜਲ ਲੈ ਆਇਆ। ਗਲਤੀ ਨਹੀਂ ਕਰੀ, ਕਈ ਪ੍ਰੇਮੀ ਗਲਤੀ ਕਰਦੇ ਨੇ, ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂ ਹੁੰਦਾ, ਕਿਸੇ ਨੂੰ ਪਾਣੀ ਲਿਆਉਣਗੇ, ਵਿੱਚ ਦੋ ਉਂਗਲੀਆਂ ਪਾਣੀ ਦੇ ਪਾ ਦੇਣਗੇ। ਉਹ ਤਾਂ ਪਾਣੀ ਜੂਠਾ ਹੋ ਗਿਆ ਭਾਈ! ਨਹੁੰਆਂ ਵਿੱਚ ਮੈਲ ਹੁੰਦੀ ਹੈ, ਉਹ ਪਾਣੀ ਦੇ ਨਾਲ ਛੂਹ ਗਈ। ਛੂਹਣ ਦੇ ਨਾਲ ਪਾਣੀ ਜੂਠਾ ਹੋ ਗਿਆ। ਚਾਹੇ ਹੱਥ ਧੋਤੇ ਵੀ ਨਾ। ਜਿਹੜਾ ਜਾਣਦਾ ਹੈ ਬੰਦਾ ਉਹ ਹੱਥ ਨਹੀਂ ਲੱਗਣ ਦਿੰਦਾ। ਬਹੁਤ ਸੰਭਾਲ ਕੇ ਲਿਆਉਂਦਾ ਹੈ। ਸੋ ਮਹਾਰਾਜ ਨੂੰ ਬੜੀ ਸੋਧ ਦੇ ਨਾਲ ਲਿਆ ਕੇ ਜਦੋਂ ਹਥੇਲੀ 'ਤੇ ਰੱਖ ਕੇ ਛੰਨਾ ਫੜਾਇਆ, ਮਹਾਰਾਜ ਜੀ ਨੇ ਜਲ ਲੈ ਲਿਆ ਤੇ ਨਾਲ ਦੀ ਨਾਲ ਉਸ ਬੱਚੇ ਦੀ ਹਥੇਲੀ 'ਤੇ ਨਿਗ੍ਹਾ ਚਲੀ ਗਈ। ਲਾਲ ਸੁਰਖ ਪਈ ਹੈ, ਨਹੁੰ ਲਾਲ ਸੁਰਖ ਨੇ, ਉਂਗਲੀਆਂ ਐਉਂ ਨੇ ਜਿਵੇਂ ਕਿਤੇ ਸਪੈਸ਼ਲ ਪ੍ਰਮੇਸ਼ਰ ਨੇ ਬੈਠ ਕੇ ਬਣਾਈਆਂ ਹੁੰਦੀਆਂ ਨੇ। ਦੂਜੇ ਹੱਥ ਵਲ ਦੇਖਿਆ, ਪੈਰ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਮਹਾਰਾਜ ਨੇ ਦੇਖਿਆ। ਦੇਖ ਲਿਆ ਕਿ ਇਹ ਬੱਚਾ ਜਿਹੜਾ ਹੈ ਇਹਨੇ ਕਦੇ ਸੇਵਾ ਨਹੀਂ ਕਰੀ।

ਪੁੱਛਣ ਲਗ ਗਏ, ਕਹਿੰਦੇ ਬੇਟਾ! ਤੇਰੇ ਹੱਥ ਐਨੇ ਕਿਉਂ ਨਰਮ ਨੇ?

ਕਹਿੰਦਾ ਮਹਾਰਾਜ! ਮੈਂ ਹੱਥਾਂ ਤੋਂ ਕਦੇ ਕੰਮ ਨਹੀਂ ਲਿਆ।

ਸੇਵਾ ਨਹੀਂ ਕਰੀ ਤੂੰ ਕਦੇ ਸੰਗਤਾਂ ਦੀ?

ਕਹਿੰਦਾ, ਪਾਤਸ਼ਾਹ! ਤੇਰਾ ਦਿੱਤਾ ਹੋਇਆ ਐਨਾ ਧਨ-ਦੌਲਤ ਹੈ ਕਿ ਸਾਨੂੰ ਲੋੜ ਹੀ ਨਹੀਂ ਪੈਂਦੀ ਕੋਈ ਕੰਮ ਕਰਨ ਦੀ।

ਕਹਿੰਦੇ, ਕਦੇ ਤੱਪੜ ਜਾਂ ਦਰੀਆਂ ਨਹੀਂ ਵਿਛਾਈਆਂ?

ਕਹਿੰਦਾ ਨੌਕਰਾਂ ਨੂੰ ਕਹਿ ਦਿੰਦੇ ਹਾਂ।

ਕਹਿੰਦੇ, ਕਦੇ ਦਰੀਆਂ ਝਾੜਨ ਦੀ ਤੇਰੇ ਉੱਤੇ ਧੂੜ ਤਾਂ

ਨਹੀਂ ਪਈ?

ਕਹਿੰਦਾ, ਮਹਾਰਾਜ! ਮੈਂ ਤਾਂ ਦੂਰ ਖੜ੍ਹਦਾ ਹੁੰਦਾ ਹਾਂ, ਜਿਧਰੋਂ ਹਵਾ ਆਵੇ, ਮੈਂ ਨਹੀਂ ਕਦੇ ਉਧਰ ਖੜ੍ਹਿਆ, ਕੱਪੜੇ ਮੈਲੇ ਹੋ ਜਾਣਗੇ।

ਕਹਿਣ ਲੱਗੇ, ਫੇਰ ਗਰਮੀ ਦੇ ਦਿਨਾਂ ਵਿੱਚ ਕਦੇ ਪੱਖਾ ਝੱਲਿਆ ਹੋਵੇ, ਸੰਗਤ ਦੇ ਜੋੜੇ ਸਾਫ ਕਰੇ ਹੋਣ?

ਕਹਿੰਦਾ ਨਹੀਂ ਮਹਾਰਾਜ। ਕਦੇ ਕਿਸੇ ਗੁਰਸਿੱਖ ਦੀ ਮੁੱਠੀ-ਚਾਪੀ ਕਰੀ ਹੋਵੇ?

ਕਿਉਂਕਿ ਉਹਦਾ ਫਲ ਬਹੁਤ ਹੈ -

***ਜੈਸੇ ਬੀਸ ਬਾਰ ਦਰਸਨ ਸਾਧ ਕੀਆ ਕਾਹੂ***
***ਤੈਸਾ ਫਲ ਸਿਖ ਕਉ ਚਾਪਿ ਪਗ ਸੁਆਏ ਕਾ॥***
***ਕਬਿੱਤ ਭਾਈ ਗੁਰਦਾਸ ਜੀ, ੬੭੩***

ਲੱਤਾਂ ਘੁੱਟ ਕੇ, ਚਰਨ ਘੁੱਟ ਕੇ ਕਿਸੇ ਗੁਰਸਿੱਖ ਨੂੰ ਸੁਲਾ ਦੇਣਾ, ਵੀਹ ਵਾਰੀ ਸਾਧੂ ਦੇ ਦਰਸ਼ਨ ਕਰਨ ਜਾਓ, ਐਨਾ ਫਲ ਹੈ।

ਕਹਿੰਦੇ, ਕਦੇ ਕਿਸੇ ਬਜ਼ੁਰਗ ਦੀ ਸੇਵਾ ਕਰੀ ਹੋਵੇ?

ਕਹਿੰਦਾ, ਨਾ ਮਹਾਰਾਜ।

ਬਰਤਨ ਮਾਂਜੇ ਹੋਣ?

ਕਦੇ ਕੋਈ ਸੇਵਾ ਕਰੀ ਹੋਵੇ? ਕਹਿੰਦਾ, ਸੱਚੇ ਪਾਤਸ਼ਾਹ! ਅੱਜ ਪਹਿਲਾ ਦਿਨ ਹੈ ਕਿ ਮੈਂ ਆਪ ਦੀ ਸੇਵਾ ਕਰੀ ਹੈ। ਅੱਜ ਤੋਂ ਪਹਿਲਾਂ ਨਹੀਂ ਕਰੀ।

ਮਹਾਰਾਜ ਜੀ ਨੇ ਬਰਤਨ ਜਿਹੜਾ ਸੀ ਪਿੱਛੇ ਹੋ ਕੇ ਪਾਣੀ ਡੋਲ ਦਿੱਤਾ। ਸੰਗਤ ਨੇ ਸਭ ਕੁਛ ਦੇਖ ਲਿਆ। ਕਿਉਂਕਿ ਸੰਗਤ ਦੀ ਤਾਂ ਨਿਗ੍ਹਾ ਹਰ ਵਕਤ ਗੁਰੂ 'ਚ ਰਹਿੰਦੀ ਹੈ। ਜਿਵੇਂ ਚਕੋਰ ਚੰਦਰਮਾ ਨੂੰ ਹਰ ਵਕਤ ਦੇਖਦਾ ਰਹਿੰਦਾ ਹੈ, ਐਉਂ ਦੇਖਦੇ ਰਹਿੰਦੇ ਨੇ। ਗੱਲ ਪਰ ਸਮਝ ਵਿੱਚ ਨਾ ਆਈ। ਅਖੀਰ ਸ਼ਬਦ ਦੀ ਸਮਾਪਤੀ ਤੋਂ ਬਾਅਦ ਸ਼ੰਕਾ ਦੇਖ ਕੇ ਸਾਰਿਆਂ ਦੇ ਮਨਾਂ 'ਚ ਮਹਾਰਾਜ ਕਹਿੰਦੇ ਪ੍ਰੇਮੀਓਂ! ਕੀ ਗੱਲ ਹੈ। ਕਹਿਣ ਲੱਗੇ! ਪਾਤਸ਼ਾਹ ਜਲ ਲਿਆਇਆ ਸੀ ਬੱਚਾ, ਆਪ ਨੇ ਅੰਗੀਕਾਰ ਕਰ ਲਿਆ, ਕੁਛ ਆਪ ਨੇ ਬਚਨ ਕਰੇ, ਫੇਰ ਜਲ ਡੋਲ੍ਹ ਦਿੱਤਾ। ਆਹ ਗੱਲ ਦਾ ਸਾਡੇ ਅੰਦਰ ਸੰਸਾ ਪੈਦਾ ਹੋ ਗਿਆ। ਕ੍ਰਿਪਾ ਕਰੋ ਸਾਡਾ ਸੰਸਾ ਦੂਰ ਕਰੋ। ਮਹਾਰਾਜ ਜੀ ਕਹਿਣ ਲੱਗੇ, ਪ੍ਰੇਮੀਓ! ਤੁਹਾਡੇ ਵਿੱਚ ਕੋਈ ਐਸਾ ਬੰਦਾ ਹੈ ਜਿਹਨੇ ਕਦੇ ਮੁਰਦੇ ਨਾਲ ਛੋਹਿਆ ਹੋਇਆ, ਕੁਝ ਖਾਧਾ ਪੀਤਾ ਹੋਵੇ। ਕਹਿੰਦੇ, ਸੱਚੇ ਪਾਤਸ਼ਾਹ! ਮੁਰਦੇ ਨਾਲ ਛੋਹਿਆ ਹੋਇਆ ਤਾਂ ਇੱਕ ਪਾਸੇ ਰਿਹਾ, ਜੇ ਅਸੀਂ ਸਮਸ਼ਾਨ ਭੂਮੀ ਤੱਕ ਮਜ਼ਲ ਦੇ ਪਿਛੇ ਵੀ ਚਲੇ ਜਾਈਏ, ਜਦ ਤੱਕ ਪੰਜ ਇਸ਼ਨਾਨਾ ਨਹੀਂ ਕਰਦੇ (ਪਹਿਲੇ ਜ਼ਮਾਨਿਆਂ 'ਚ ਇਸ਼ਨਾਨ ਕਰਿਆ ਕਰਦੇ ਸੀ, ਇਹ ਪੰਜ ਇਸ਼ਨਾਨਾ ਦਾ ਰਿਵਾਜ ਹੁਣੇ ਪਿਆ ਹੈ, ਪਹਿਲਾ ਸਣ ਕੱਪੜੇ ਆ ਕੇ ਇਸ਼ਨਾਨ ਕਰਦੇ ਸੀ। ਉਹ ਠੀਕ ਵੀ ਸੀਗਾ, ਕਿਉਂਕਿ ਬੀਮਾਰ ਦੇ ਨਾਲ ਐਲਰਜੀ ਹੁੰਦੀ ਹੈ, ਪ੍ਰਮਾਣੂ ਹੁੰਦੇ ਨੇ ਬੇਅੰਤ, ਜਿਹੜੇ ਉਹਦੇ ਨਾਲ ਚਿੰਬੜੇ ਹੁੰਦੇ ਨੇ, ਉਹ ਕਿਸੇ ਨੂੰ ਲੱਗ ਜਾਵੇ ਭੈੜੀ ਬੀਮਾਰੀ ਦਾ ਪ੍ਰਮਾਣੂ ਉਹ ਬੀਮਾਰ ਹੋ ਜਾਏਗਾ। ਇਸ ਕਰਕੇ ਇਸ਼ਨਾਨ, ਕੁਰਲੀਆਂ ਚੰਗੀ ਤਰ੍ਹਾਂ ਕਰਕੇ ਫੇਰ ਘਰ ਵੜਦੇ ਸੀ। ਵਸਤਰ ਵੀ ਧੋ ਕੇ ਵੜਦੇ ਸੀ, ਬਾਹਰ ਟੋਭੇ ਦੇ ਉੱਤੇ, ਨਦੀ, ਨਾਲੇ 'ਚ, ਨਹਿਰਾਂ 'ਚ, ਕਿਸੇ ਖੂਹ 'ਤੇ) ਕਹਿੰਦੇ ਸੱਚੇ ਪਾਤਸ਼ਾਹ! ਐਨਾ ਧਿਆਨ ਰੱਖਦੇ ਹਾਂ। ਕਹਿੰਦੇ, ਫੇਰ ਅਸੀਂ ਕਿਵੇਂ ਮੁਰਦੇ ਦੇ ਹੱਥੋਂ ਜਲ ਪੀ ਲੈਂਦੇ? ਸੰਸਾ ਪੈ ਗਿਆ।

ਕਹਿੰਦੇ, ਸੱਚੇ ਪਾਤਸ਼ਾਹ! ਇਹ ਤਾਂ ਮੁਰਦਾ ਨਹੀਂ?

ਕਹਿੰਦੇ, ਤੁਹਾਨੂੰ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਭੁੱਲ ਗਈ ਪ੍ਰੇਮੀਓ? ਸਾਰੇ ਸੋਚਣ ਲੱਗ ਗਏ ਕਿ ਕਾਹਦੇ ਵੱਲ ਇਸ਼ਾਰਾ ਹੋਇਆ ਹੈ। ਸਾਰਿਆਂ ਨੇ ਨਾਂਹ ਵਿੱਚ ਇਸ਼ਾਰਾ ਕਰ ਦਿੱਤਾ ਕਿ ਮਹਾਰਾਜ! ਆਉਂਦੀ ਨਹੀਂ ਹੈ ਦਿਮਾਗ 'ਚ ਕਿ ਆਪ ਦਾ ਕਿਹੜੀ ਤੁਕ ਵਲ ਇਸ਼ਾਰਾ ਹੈ। ਉਸ ਵੇਲੇ ਮਹਾਰਾਜ ਨੇ ਆਹ ਫੁਰਮਾਨ ਕੀਤਾ -

***ਧਾਰਨਾ - ਮਿਰਤਕ ਕਹੀਏ ਨਾਨਕਾ - ੨.***
***ਜਿਹ ਪ੍ਰੀਤ ਨਹੀਂ ਭਗਵੰਤ।***

ਕਹਿਣ ਲੱਗੇ, ਪ੍ਰੇਮੀਓ! ਗੁਰੂ ਨਾਨਕ ਪਾਤਸ਼ਾਹ ਨੇ ਇਹ ਉਚਾਰਨ ਕੀਤਾ ਹੈ।

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥***
***ਮਿਰਤਕ ਕਹੀਅਹਿ ਨਾਨਕਾ***
***ਜਿਹ ਪ੍ਰੀਤਿ ਨਹੀ ਭਗਵੰਤ ॥ ਅੰਗ - ੨੫੩***

ਇੱਕ ਬੰਦੇ ਦੇ ਵਿੱਚ ਪੰਜ ਸਿਫਤਾਂ ਹੋਣ, ਸਾਰੀ ਦੁਨੀਆਂ ਤੋਂ ਸੋਹਣਾ ਹੋਵੇ, ਸਭ ਤੋਂ ਉੱਚੀ ਕੁਲ ਦੇ ਨਾਲ ਸਬੰਧ ਰੱਖਣ ਵਾਲਾ ਹੋਵੇ; ਉਸ ਵਿੱਚ ਜਨਮ ਲਿਆ ਹੋਵੇ। ਚਤੁਰ ਐਨਾ ਹੋਵੇ ਕਿ ਕੋਈ ਵੀ ਦੁਨੀਆਂ ਦਾ ਬੰਦਾ ਉਹਦੇ ਨਾਲ ਗੱਲ ਨਾ ਕਰ ਸਕੇ। ਸੈਂਕੜੇ ਘੰਟੇ ਇੱਕੋ ਗੱਲ 'ਤੇ ਬੋਲ ਸਕਦਾ ਹੋਵੇ ਤੇ ਮੂੰਹ ਦਾ ਗਿਆਨੀ ਹੋਵੇ। ਦੋ ਤਰ੍ਹਾਂ ਦੇ ਹੁੰਦੇ ਨੇ ਇੱਕ ਤਾਂ ਉਹ ਹੁੰਦੇ ਨੇ ਜੋ ਉਹ ਗੱਲ ਕਹਿੰਦੇ ਨੇ ਜਿਹੜੀ ਪਹਿਲਾਂ ਆਪ ਕਮਾਉਂਦੇ ਨੇ। ਇੱਕ ਉਹ ਹੁੰਦੇ ਨੇ ਜਿਹੜੇ ਕਹਿੰਦੇ ਤਾਂ ਹੈਗੇ ਦੂਜਿਆਂ ਨੂੰ ਪਰ ਆਪ ਨਹੀਂ ਕਮਾਉਂਦੇ। ਦੂਸਰਿਆਂ ਨੂੰ ਉਪਦੇਸ਼ ਦਿੰਦੇ ਨੇ ਉਨ੍ਹਾਂ ਨੂੰ ਮਹਾਰਾਜ ਨੇ ਕਿਹਾ ਹੈ ਕਿ ਉਹ ਚੌਰਸਤੇ ਦੇ ਸਿਪਾਹੀ ਹੁੰਦੇ ਨੇ। ਦੂਜਿਆਂ ਨੂੰ ਤਾਂ ਰਾਹ ਦੱਸੀ ਜਾਣਗੇ ਪਰ ਆਪ ਨੂੰ ਕੋਈ ਅਸਰ ਨਹੀਂ ਹੁੰਦਾ।

ਗੁਰੂ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕੀਤਾ -

***ਧਾਰਨਾ - ਧਿਰਕਾਰ ਹੱਥਾਂ ਪੈਰਾਂ ਨੂੰ***
***ਬਾਝ ਗੁਰਾਂ ਦੀ ਸੇਵਾ।***

ਕਹਿੰਦੇ ਉਨ੍ਹਾਂ ਨੇ ਅੰਗ-ਅੰਗ ਦਾ ਫੁਰਮਾਨ ਕੀਤਾ ਸੀ -

***ਧ੍ਰਿਗੁ ਸਿਰੁ ਜੋ ਗੁਰ ਨਾ ਨਿਵੈ***
***ਗੁਰ ਲਗੈ ਨ ਚਰਣੀ।***
***ਧ੍ਰਿਗੁ ਲੋਇਣ ਗੁਰ ਦਰਸ ਵਿਣੁ***
***ਵੇਖੈ ਪਰ ਤਰਣੀ।***

*ਧ੍ਰਿਗੁ ਸਰਵਣਿ ਉਪਦੇਸ ਵਿਣੁ*
*ਸੁਣਿ ਸੁਰਤਿ ਨ ਧਰਣੀ।*
*ਧ੍ਰਿਗੁ ਜਿਹਬਾ ਗੁਰ ਸਬਦ ਵਿਣੁ*
*ਹੋਰ ਮੰਤ੍ਰ ਸਿਮਰਣੀ।*
*ਵਿਣੁ ਸੇਵਾ ਧ੍ਰਿਗੁ ਹਥ ਪੈਰ*
*ਹੋਰ ਨਿਹਫਲ ਕਰਣੀ।*
*ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ॥ ਭਾਈ ਗੁਰਦਾਸ ਜੀ ਵਾਰ ੨੭/੧੦*

ਸੋ ਇਸ ਤਰ੍ਹਾਂ ਦੇ ਨਾਲ ਜਿਹਭਾ ਨੂੰ ਵੀ ਧਿਰਕਾਰ ਕਿਹਾ, ਹੱਥਾਂ ਪੈਰਾਂ ਨੂੰ ਵੀ ਧਿਰਕਾਰ ਕਿਹਾ। ਸੋ ਕਹਿਣ ਲੱਗੇ, ਕਿ ਇਸ ਬੱਚੇ ਨੂੰ ਅਸੀਂ ਪੁੱਛਿਆ ਕਿ ਬੇਟਾ! ਤੂੰ ਕਦੀ ਸੇਵਾ ਵੀ ਕਰੀ ਹੈ? ਕਹਿੰਦਾ ਨਾ ਮਹਾਰਾਜ। ਬੜਾ ਅਸੀਂ ਖੋਲ੍ਹ-ਖੋਲ੍ਹ ਕੇ ਪੁੱਛਿਆ ਕਿ ਕਿ ਕਿਤੇ ਇਹਨੇ ਜਲ ਹੀ ਪਿਲਾ ਦਿੱਤਾ ਹੋਵੇ ਕਿਸੇ ਗੁਰਸਿੱਖ ਨੂੰ। ਕਿਤੇ ਪੱਖਾ ਹੀ ਝੱਲ ਦਿੱਤਾ ਹੋਵੇ, ਭੁੱਲ ਚੁੱਕ ਕੇ। ਜਦੋਂ ਇਹਨੇ ਕਿਹਾ ਕਿ ਮਹਾਰਾਜ! ਮੈਂ ਤਾਂ ਅੱਜ ਪਹਿਲੇ ਦਿਨ ਪਾਣੀ ਲਿਆਇਆ ਹਾਂ। ਸਾਧਸੰਗਤ ਜੀ! ਫੇਰ ਤਾਂ ਇਹ ਮੁਰਦਾ ਸੀ, ਮੁਰਦੇ ਦੇ ਹੱਥ ਦਾ ਛੋਹਿਆ ਹੋਇਆ ਅਸੀਂ ਨਹੀਂ ਪੀ ਸਕਦੇ।

ਸੋ ਐਡੀ ਵੱਡੀ ਮਹੱਤਤਾ ਗੁਰੂ ਮਹਾਰਾਜ ਨੇ ਸੇਵਾ ਨੂੰ ਦਿੱਤੀ ਹੈ ਤੇ ਨਾਲ ਫਲ ਕੀ ਦਿੱਤਾ ਹੈ ਕਿ ਜੋ ਇੱਛਾ ਹੋਵੇ ਉਹ ਪ੍ਰਾਪਤ ਹੋ ਜਾਂਦਾ ਹੈ। ਤੁਸੀਂ ਹੈਰਾਨ ਹੋਵੋਂਗੇ ਜਿਸ ਦਿਨ ਦਾ ਇਹ ਗੁਰਦੁਆਰਾ ਰਤਵਾੜਾ ਸਾਹਿਬ ਬਣੇ ਨੇ। ਕੋਈ ਦਵਾਈ ਨਹੀਂ ਦਿੰਦੇ, ਦਵਾਈ ਤਾਂ ਹੁਣ ਥੋੜ੍ਹੇ ਚਿਰ ਤੋਂ ਹੀ ਸ਼ੁਰੂ ਕਰੀ ਹੈ। ਇਹ ਵੀ ਸੇਵਾ ਹੋ ਰਹੀ ਹੈ ਜ਼ਬਰਦਸਤ, ਆਹ ਇਲਾਕੇ ਦੀ ਸੇਵਾ ਹੋ ਰਹੀ ਹੈ, ਜਿੱਥੇ ਹੁਣ ਤੁਸੀਂ ਬੈਠੇ ਓਂ। ਇਨ੍ਹਾਂ ਨੂੰ ਨਹੀਂ ਪਤਾ ਹੈ ਕਿ ਕਿੱਡੀ ਸੇਵਾ ਹੋ ਰਹੀ ਹੈ। ਥੋੜ੍ਹੇ ਜਿਹੇ ਬੰਦੇ ਜਾਣਦੇ ਨੇ, ਇਨ੍ਹਾਂ ਪਿੰਡਾਂ ਦੇ। ਟਾਂਵੇਂ-ਟਾਂਵੇਂ ਬਾਕੀ ਤਾਂ ਅਜੇ ਸੁੱਤੇ ਪਏ ਨੇ, ਇਨ੍ਹਾਂ ਨੂੰ ਅਜੇ ਕਿਸੇ ਗੱਲ ਦਾ ਗਿਆਨ ਹੋਇਆ ਨਹੀਂ ਹੈ। ਥੋੜ੍ਹੇ ਹੀ ਜਾਗੇ ਨੇ, ਕਿਉਂਕਿ ਪਤਾ ਨਹੀਂ, ਖੁਦਗਰਜ਼ੀ ਦੀ ਜ਼ਿੰਦਗੀ ਜਿਹੜੀ ਹੁੰਦੀ ਹੈ ਉਹ ਹੋਰ ਹੁੰਦੀ ਹੈ। ਜਿਹੜੀ ਪ੍ਰਮੇਸ਼ਰ ਵਾਸਤੇ ਜ਼ਿੰਦਗੀ ਹੁੰਦੀ ਹੈ ਉਹ ਹੋਰ ਹੁੰਦੀ ਹੈ। ਸ਼ਹਿਰ ਵਾਲੇ ਦੂਰ ਰਹਿੰਦੇ ਨੇ, ਕੋਈ ਕਿਤੇ ਰਹਿੰਦਾ ਹੈ, ਕੋਈ ਕਿਤੇ ਰਹਿੰਦਾ ਹੈ। ਕੁਛ ਬਰਕਤਾਂ ਵਾਲੇ ਨੇ ਜਿਨ੍ਹਾਂ ਨੂੰ ਪ੍ਰਮੇਸ਼ਰ ਨੇ ਕ੍ਰਿਪਾ ਕਰੀ ਹੋਈ ਹੈ। ਉਹ ਮਹੀਨੇ ਦੇ ਮਹੀਨੇ ਜਿਹੜੀ ਕਮੇਟੀ ਬਣੀ ਹੋਈ ਹੈ, ਡਿਸਪੈਂਸਰੀ ਦੀ ਉਨ੍ਹਾਂ ਨੂੰ ਆਪਣੀ ਤਨਖਾਹ 'ਚੋਂ ਦਸਾਂ ਨਹੁੰਆਂ ਦੀ ਕਮਾਈ ਕਰਕੇ ਪੈਸੇ ਦਿੰਦੇ ਨੇ। ਉਹਦੀ ਦਵਾਈ ਮੁੱਲ ਆਉਂਦੀ ਹੈ। ਤੇ ਪਿਛਲੇ ਸਾਲ ਦੇ ਅੰਦਰ ਤਕਰੀਬਨ ਪੰਦਰਾਂ ਹਜ਼ਾਰ ਮਰੀਜ਼ ਇੱਥੇ ਰਾਜ਼ੀ ਹੋ ਚੁੱਕਿਆ ਹੈ। ਮੈਂ ਹਿਸਾਬ ਕੱਢਿਆ ਹੈ ਕਿ ਮਾੜੇ ਜਿਹੇ ਡਾਕਟਰ ਦੇ ਕੋਲ ਵੀ ਜਾਓ ਨਾ ਤਾਂ ਉਹ ਵੀ ਤੀਹ ਰੁਪਏ ਲੈ ਲੈਂਦਾ ਹੈ। ਕਿੰਨੇ ਰੁਪਏ ਦਾ ਫਾਇਦਾ ਹੋ ਗਿਆ। ਸਾਢੇ ਚਾਰ ਲੱਖ ਰੁਪਏ ਦਾ ਫਾਇਦਾ ਹੋ ਗਿਆ ਉਨ੍ਹਾਂ ਪ੍ਰੇਮੀਆਂ ਨੂੰ, ਉਨ੍ਹਾਂ ਦੀ ਜੇਬ ਵਿੱਚ ਰਹਿ ਗਿਆ ਜਿਨ੍ਹਾਂ ਨੇ ਇੱਥੇ ਦਵਾਈ ਲਈ ਹੈ ਪੰਦਰਾਂ ਹਜ਼ਾਰ ਨੂੰ। ਥੋੜ੍ਹੀ ਸੇਵਾ ਹੈ, ਪਤਾ ਵੀ ਨਹੀਂ ਲਗਦਾ, ਸੇਵਾ ਕਰਨ ਵਾਲਿਆਂ ਨੂੰ ਕੋਈ ਪਤਾ ਨਹੀਂ ਕਿ ਅਸੀਂ ਕਿੰਨਾ ਫਾਇਦਾ ਕਰ ਦਿੱਤਾ। ਉਸ ਤੋਂ ਬਾਅਦ ਦਵਾਈ ਕਿੰਨੀ ਆ ਗਈ, ਪੰਦਰਾਂ ਹਜ਼ਾਰ ਬੰਦੇ ਨੂੰ ਦਵਾਈ ਲਿਆ ਕੇ ਦੇਖਿਓ ਕਿ ਕਿੰਨੇ ਹਜ਼ਾਰਾਂ ਦੀ ਆਏਗੀ ਕਿ ਲੱਖਾਂ ਦੀ ਆਏਗੀ। ਸੋ ਇਹ ਸੇਵਾ ਗੁਪਤ ਰੂਪ ਵਿੱਚ ਹੁੰਦੀ ਹੈ। ਸੇਵਾ ਦਾ ਪਤਾ ਲਗ ਜਾਏ ਕਿ ਮੈਂ ਸੇਵਾ ਕਰੀ ਹੈ ਉਹਦਾ ਫਲ ਘਟ ਜਾਂਦਾ ਹੈ, ਜਿਹੜਾ ਗੁਪਤ ਕਰਦਾ ਹੈ ਸੇਵਾ ਉਹਦਾ ਫਲ ਨਹੀਂ ਘਟਿਆ ਕਰਦਾ। ਸੋ ਇਹਦਾ ਫਲ ਕੀ ਮਹਾਰਾਜ ਨੇ ਲਿਖਿਆ ਹੈ? ਮਹਾਰਾਜ ਕਹਿੰਦੇ ਜਿਹੜਾ ਕੁਛ ਵੀ ਤੁਸੀਂ ਮੰਗੋਂਗੇ, ਜਿਹੜੀ ਇੱਛਿਆ ਕਰੋਂਗੇ ਉਹੀ ਫਲ ਪ੍ਰਾਪਤ ਹੋ ਜਾਏਗਾ। ਓਹੀ ਚੀਜ਼ ਮਿਲ ਜਾਂਦੀ ਹੈ -

*ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥*
*ਅੰਗ - ੪੫੭*

ਹੁਣ ਥੋੜ੍ਹੇ-ਥੋੜ੍ਹੇ ਪ੍ਰੇਮੀ ਸਮਝੇ ਨੇ ਇਸ ਇਲਾਕੇ ਨੂੰ, ਆਹ ਜਿਹੜੀ ਪਿਛੇ ਸੇਵਾ ਹੋਈ ਹੈ, ਮੈਂ ਇੱਥੇ ਖੜ੍ਹਾ ਸੀ, ਮੇਰਾ ਮਨ ਬੜਾ ਖੁਸ਼ ਹੋਇਆ ਕਿ ਆਹ ਮੁੱਲਾਂਪੁਰ ਤੋਂ, ਪੈਂਤਪੁਰ ਤੋਂ, ਰਤਵਾੜੇ ਪਿੰਡ ਦੇ ਵੀ ਥੋੜ੍ਹੇ ਜਿਹੇ ਭਾਈ, ਬੀਬੀਆਂ; ਸਲਾਮਤਪੁਰ ਦੇ; ਮੈਂ ਕਿਹਾ ਸ਼ੁਕਰ ਹੈ ਵਾਹਿਗੁਰੂ, ਤੂੰ ਕ੍ਰਿਪਾ ਹੀ ਕਰ ਦਿੱਤੀ ਕਿ ਇਹ ਵੀ ਸੇਵਾ 'ਚ ਆਉਣ ਲਗ ਗਏ। ਜੁਆਨ ਬੱਚੇ ਆਏ, ਟਰਾਲੀਆਂ ਭਰ-ਭਰ ਕੇ ਸੁੱਟਦੇ ਰਹੇ। ਸ਼ਹਿਰ ਵਾਲੇ ਆਏ। ਜਿਨ੍ਹਾਂ ਨੇ ਸੇਵਾ ਕਰੀ ਹੈ, ਟੋਕਰੀਆਂ ਭਰ-ਭਰ ਕੇ ਸੁੱਟੀਆਂ ਨੇ। ਜਿਵੇਂ ਵਿਆਜ-ਦਰ-ਵਿਆਜ ਪੈਸਾ ਵਧਦਾ ਹੈ ਐਉਂ ਇਨ੍ਹਾਂ ਦੀ ਸੇਵਾ ਵਧਦੀ ਹੀ ਤੁਰੀ ਜਾਣੀ ਹੈ, ਜਿਸ ਦਿਨ ਕੋਈ ਬ੍ਰਹਮਗਿਆਨੀ ਮਹਾਂਪੁਰਸ਼ ਆ ਕੇ ਬੈਠ ਗਿਆ। ਹਜ਼ਾਰਾਂ ਗੁਣਾਂ ਉਸ ਦਿਨ ਹੀ ਵਧ ਜਾਣੀ ਹੈ। ਇਹ ਐਵੇਂ ਹੀ ਤਾਂ ਨਹੀਂ ਹੈ। ਇਹ ਤਾਂ ਗੁਰੂ ਮਹਾਰਾਜ ਦੀ ਮੇਹਰ ਹੈ, ਲੇਕਿਨ ਆਪ ਦਾ ਫੁਰਮਾਨ ਹੈ ਕਿ ਫਲ ਤਾਂ ਇਹਦਾ ਹੈਗਾ ਬਹੁਤ ਵੱਡਾ, ਪਰ ਇਹ ਕੋਈ ਵਿਰਲਾ-ਵਿਰਲਾ ਕਰਦਾ ਹੈ। ਐਸ ਤਰ੍ਹਾਂ ਨਾਲ ਫੁਰਮਾਨ ਕਰਿਆ ਹੈ -

*ਧਾਰਨਾ - ਸਾ ਸੇਵਾ ਲਾਇਆ ਜੀ,*
*ਜਾ ਕੈ ਮਸਤਕਿ ਭਾਗ।*

ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਸੇਵਾ ਦਾ ਮੈਦਾਨ ਖੁਲ੍ਹਿਆ ਪਿਆ ਹੈ, ਕੁੰਭ ਲੱਗਿਆ ਹੋਇਆ ਹੈ, ਅਰ ਉਸ ਇਲਾਕੇ 'ਚ ਜਿੱਥੇ ਦਸ ਸਾਲ ਪਹਿਲਾਂ ਬਿਲਕੁਲ ਨਹੀਂ ਸੀ ਜਾਣਦਾ ਕਿ ਕੋਈ ਸੇਵਾ ਦਾ ਵੀ ਫਲ ਹੁੰਦਾ ਹੈ ਤੇ ਰਾਹ ਦੱਸਣਾ ਵੀ ਹੇਠੀ ਸਮਝਦੇ ਸੀ। ਪੁੱਛ ਲਓ ਕਿਸੇ ਨੂੰ ਵੀ, ਗੱਲ ਨਹੀਂ ਸੀ ਕਰਦੇ। ਫਤਹਿ ਬੁਲਾਉਣਾ ਤਾਂ ਇੱਕ ਪਾਸੇ ਰਿਹਾ ਪਿੱਠ ਕਰਕੇ ਖੜ੍ਹ ਜਾਂਦੇ ਸੀ। ਮੈਂ ਤੁਰਿਆ ਫਿਰਦਾ ਰਿਹਾ ਹਾਂ ਸੜਕਾਂ 'ਤੇ, ਮੈਂ ਅੱਖੀਂ ਦੇਖੀਆਂ ਹੋਈਆਂ ਗੱਲਾਂ ਕਹਿੰਦਾ ਹਾਂ। ਹੈਰਾਨ ਹੋ ਜਾਣਾ, ਐਉਂ ਝਾਕਦੇ ਸੀ ਕਿ ਪਤਾ ਨਹੀਂ ਕੌਣ ਆ ਗਿਆ। ਲੇਕਿਨ ਆਹ ਜਿਹੜੇ ਬੱਚੇ ਹੁਣ ਹੋਏ ਨੇ ਨਾ, ਦਸ ਸਾਲ ਦੇ ਇਨ੍ਹਾਂ ਦੇ ਉੱਤੇ ਗੁਰੂ ਮਹਾਰਾਜ ਦੀ ਐਨੀ ਮਿਹਰ ਹੈ, ਇੱਕ ਵਾਰੀ ਲੰਘ ਜਾਓ, ਸੜਕਾਂ 'ਤੇ ਖੜ੍ਹ ਕੇ ਫਤਹਿ ਬੁਲਾਉਣ ਲੱਗ ਜਾਂਦੇ ਨੇ। ਕਿਉਂਕਿ ਇੱਥੇ ਗੁਰੂ ਦਾ ਵਾਸਾ ਹੋ ਗਿਆ, ਗੁਰੂ ਦਾ ਵਾਸਾ ਹੋ ਕੇ ਵਿਘਨ ਹਟ ਗਏ, ਭੂਤ-ਪ੍ਰੇਤ ਨੱਠਣੇ ਸ਼ੁਰੂ ਹੋ ਗਏ। ਜਿਹੜੀ ਕੁਬੁੱਧੀ ਸੀ ਉਹ ਖਤਮ ਹੋਣ ਲਗ ਗਈ। ਬੁੱਧੀ ਆਉਣ ਲਗ ਗਈ। ਹੌਲੀ-ਹੌਲੀ ਪਾਪ ਖਤਮ ਹੋਣ ਲਗ ਗਏ ਤੇ ਬਖਸ਼ਿਸ਼ ਹੋ ਗਈ ਗੁਰੂ

ਦੀ ਤੇ ਸੇਵਾ ਵੀ ਕਰਨ ਲਗ ਗਏ। ਚਾਉ ਨਾਲ ਸੇਵਾ ਕਰਦੇ ਨੇ ਹੁਣ ਸਾਰੇ। ਇੱਕ ਤੋਂ ਇੱਕ ਅੱਗੇ ਹੋ ਕੇ ਕਰਦੇ ਨੇ। ਸੋ ਮੇਰੇ ਮਨ 'ਚ ਆਇਆ ਕਿ ਸੱਚੇ ਪਾਤਸ਼ਾਹ! ਤੂੰ ਬੜਾ ਦਿਆਲੂ ਹੈਂ ਤੂੰ ਵੀ ਇਨ੍ਹਾਂ ਦੇ ਮਸਤਕ ਦੇ ਵਿੱਚ ਕਲਮ ਫੇਰ ਦਿੱਤੀ ਕਿ ਸੇਵਾ ਕਰੋ। ਸੇਵਾ ਨਾਲ ਕੀ ਹੋਏਗਾ, ਬਰਕਤਾਂ ਪੈਣਗੀਆਂ। ਫੁਰਮਾਨ ਹੈ-

***ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥***

***ਅੰਗ - ੪੫੭***

ਫੇਰ ਸੇਵਾ ਦੇ ਨਾਲ ਹੋਏਗਾ ਕੀ?

***ਤਾ ਕੀ ਪੂਰਨ ਆਸ ਜਿਨ੍ ਸਾਧਸੰਗੁ ਪਾਇਆ ॥***

***ਅੰਗ - ੪੫੭***

ਸਾਧੂ ਦੀ ਸੰਗਤ ਪ੍ਰਾਪਤ ਕਰਕੇ, ਨਾਲ ਸੇਵਾ ਕਰਦਾ ਹੈ ਤਾਂ ਕਹਿੰਦੇ ਉਹਦੀਆਂ ਆਸਾਂ ਪੂਰੀਆਂ ਹੋ ਜਾਂਦੀਆਂ ਨੇ। ਕਿੰਨੇ ਬੀਮਾਰ ਰਾਜ਼ੀ ਹੋਏ ਨੇ ਇੱਥੇ। ਪਹਿਲਾਂ ਅਸੀਂ ਰਜਿਸਟਰ ਲਾਇਆ ਹੋਇਆ ਸੀ ਬਈ ਥੋੜ੍ਹੇ ਬਹੁਤੇ ਹੋਣਗੇ ਲਿਖ ਲੈਂਦੇ ਹਾਂ। ਇਹ ਬੀਬੀ ਕਹਿਣ ਲੱਗੀ ਸੈਕਰੇਟਰੀ ਕਿ ਬਾਬਾ ਜੀ! ਕਿੰਨੇ ਕੁ ਮੈਂ ਲਿਖੀ ਜਾਵਾਂ ਇਹ ਤਾਂ ਹਜ਼ਾਰਾਂ ਦੀ ਤਦਾਦ 'ਚ ਜਾਣਗੇ, ਮੈਂ ਕਿਹਾ ਕਿ ਬੀਬੀ ਛੱਡ ਦੇ, ਆਪਾਂ ਨੇ ਕੀ ਲੈਣਾ ਹੈ ਲਿਖ ਕੇ। ਇਹ ਤਾਂ ਗੁਰੂ ਮਹਾਰਾਜ ਦੀਆਂ ਬਰਕਤਾਂ ਨੇ ਦਰਵਾਜ਼ਾ ਖੋਲ੍ਹ ਦਿੱਤਾ ਗੁਰੂ ਮਹਾਰਾਜ ਨੇ ਕਿ ਆਓ ਸੇਵਾ ਕਰੋ, ਲਓ ਜਿਹੜਾ ਕੁਛ ਲੈਣਾ ਹੈ। ਇੱਥੇ ਇੱਕ ਪ੍ਰੇਮੀ ਆਇਆ ਬਦਲੀ ਨਾ ਓਹਦੀ ਹੋਵੇ, ਉਹ ਬੜਾ ਪਰੇਸ਼ਾਨ ਸੀ, ਆਪਣੇ ਇੱਥੇ ਸੰਗਤ 'ਚ ਆਉਂਦੇ ਨੇ। ਨਾਲ ਲੈ ਕੇ ਆ ਗਿਆ ਕਿ ਚੱਲ ਤੇਰੀ ਮੈਂ ਬਦਲੀ ਕਰਾਵਾਂ। ਆਫੀਸਰ ਸੀਗਾ, ਇੱਥੇ ਆ ਕੇ ਖੜ੍ਹ ਗਏ ਕਹਿੰਦੇ ਮਹਾਰਾਜ! ਤੁੱਛ ਸੇਵਾ ਕਰਾਂਗੇ, ਜੋ ਸਾਡੇ ਤੋਂ ਹੋ ਜਾਏ, ਬਦਲੀ ਹੋ ਜਾਏ। ਤੀਜੇ ਦਿਨ ਚਿੱਠੀ ਆ ਗਈ ਕਿ ਤੇਰੀ ਬਦਲੀ ਫਲਾਣੇ ਥਾਂ ਦੀ ਹੋ ਗਈ। ਜਿੱਥੇ ਕਹਿੰਦਾ ਸੀ ਉਥੇ ਦੀ ਹੋ ਗਈ। ਇੱਥੇ ਟੋਲ੍ਹਦਾ ਫਿਰੇ, ਇੱਥੇ ਮੈਂ ਵੀ ਆਇਆ ਹੋਇਆ ਸੀ, ਮੈਂ ਕਿਹਾ ਕੀ ਗੱਲ ਹੈ? ਕਹਿੰਦਾ ਮੈਂ ਹਜ਼ਾਰ ਰੁਪਿਆ ਦੇਣਾ ਹੈ। ਮੈਂ ਕਿਹਾ ਕਾਹਦਾ? ਕਹਿੰਦਾ ਮੈਂ ਇੱਥੇ ਕਹਿ ਗਿਆ ਸੀ ਕਿ ਇੱਥੇ ਮੈਂ ਸੇਵਾ ਵਿੱਚ ਪੈਸੇ ਲਾਵਾਂਗਾ, ਮੇਰੀ ਬਦਲੀ ਹੋ ਜਾਏ, ਕਹਿੰਦਾ ਤਿੰਨ ਦਿਨ ਹੀ ਲੱਗੇ ਨੇ, ਮੈਨੂੰ ਤਾਂ ਡੇਢ ਸਾਲ ਹੋ ਗਿਆ ਸੀ ਲੱਗੇ ਨੂੰ, ਉੱਘ-ਸੁੱਘ ਵੀ ਨਹੀਂ ਸੀ ਨਿਕਲਦੀ। ਮਹਾਰਾਜ ਕਹਿੰਦੇ ਐਵੇਂ ਨਹੀਂ ਹੁੰਦੀ -

***ਤਾ ਕੀ ਪੂਰਨ ਆਸ ਜਿਨ੍ ਸਾਧਸੰਗੁ ਪਾਇਆ ॥***

***ਅੰਗ - ੪੫੭***

ਉਹਦੀ ਆਸਾ ਪੂਰਨ ਹੁੰਦੀ ਹੈ। ਕਿੰਨ੍ਹਿਆਂ ਦੀਆਂ ਹੁੰਦੀਆਂ ਨੇ, ਅਸੀਂ ਤਾਂ ਯਾਦ ਨਹੀਂ ਰਖਦੇ। ਸਾਨੂੰ ਤਾਂ ਇੱਕੋ ਹੀ ਗੱਲ ਯਾਦ ਹੈ -

***ਧਾਰਨਾ - ਕਰਕੇ ਕੋਈ ਵੇਖ ਲਓ***
***ਸੇਵਾ ਤੋਂ ਮਿਲਦਾ ਮੇਵਾ।***

ਇੱਥੇ ਰਤਵਾੜਾ ਸਾਹਿਬ ਜਦੋਂ ਆਪਾਂ ਗੁਰਦੁਆਰਾ ਬਣਾ ਰਹੇ ਸੀ, ਤਾਂ ਇੱਥੇ ਕੋਈ ਆਮਦਨ ਤਾਂ ਹੈ ਨਹੀਂ ਸੀ ਕੋਈ। ਸਾਰੇ ਤੁਸੀਂ ਜਾਣਦੇ ਓਂ ਕਿ ਕੋਈ ਆਮਦਨ ਨਹੀਂ ਹੈ, ਯਾਤਰੂ ਵੀ ਆਉਂਦੇ ਨੇ ਪ੍ਰਸ਼ਾਦ ਛਕਦੇ ਨੇ। ਗੋਲਕ ਜਦੋਂ ਖੋਲ੍ਹਦੇ ਹਾਂ, ਪੰਝੀਆਂ ਦੱਸੀਆਂ ਜ਼ਿਆਦਾ ਹੁੰਦੀਆਂ ਨੇ। ਮੇਰੇ ਮਨ 'ਚ ਖਿਆਲ ਆ ਗਿਆ ਕਿ ਕੰਮ ਲੰਮਾ ਸ਼ੁਰੂ ਕਰ ਲਿਆ। ਜਿੰਨੇ ਕੁ ਪੈਸੇ ਕੋਲ ਸੀਗੇ ਲਾਉਣੇ ਸ਼ੁਰੂ ਕਰ ਲਏ, ਘਰ ਗਿਆ ਮੈਂ ਉਥੇ ਟੈਲੀਫੋਨ ਆ ਗਿਆ, ਇੰਗਲੈਂਡ ਤੋਂ, ਕਹਿੰਦੇ ਬਾਬਾ ਜੀ! ਮੇਰਾ ਕੰਮ ਰੁਕ ਗਿਆ ਸੀ, ਸਟੋਰ ਮੇਰੇ ਭਰੇ ਪਏ ਸੀ ਵਿਕਦੇ ਨਹੀਂ ਸੀਗੇ। ਕੋਈ ਚਾਰਾ ਨਹੀਂ ਸੀ ਚਲਦਾ ਤੇ ਮੈਂ ਤੁਹਾਡੀਆਂ ਫਿਲਮਾ ਦੇਖੀਆਂ, ਉਹਦੇ ਵਿੱਚ ਸੇਵਾ ਦਾ ਮਹਾਤਮ ਆਇਆ ਤੇ ਮੇਰੇ ਮਨ ਵਿੱਚ ਆਇਆ ਕਿ ਮੈਂ ਵੀ ਸੇਵਾ ਕਰਾਂ। ਮੇਰਾ ਕੰਮ ਚੱਲ ਜਾਵੇ। ਕਹਿੰਦਾ ਤੁਸੀਂ ਹੈਰਾਨ ਹੋਵੋਂਗੇ, ਮਨ 'ਚ ਮੇਰੇ ਆਇਆ ਤੇ ਮੈਂ ਅਰਦਾਸ ਕਰੀ ਕਿ ਹੇ ਸੱਚੇ ਪਾਤਸ਼ਾਹ! ਜੇ ਮੈਨੂੰ ਘਾਟਾ ਪੈ ਗਿਆ, ਗਰੀਬ ਹੋ ਜਾਵਾਂਗਾ ਮੈ। ਮੈਨੂੰ ਵੀ ਮੌਕਾ ਦੇ, ਮੈਂ ਵੀ ਸੇਵਾ ਕਰਾਂਗਾ। ਕਹਿਣ ਲੱਗਿਆ, ਥੋੜ੍ਹੇ ਜਿਹੇ ਦਿਨਾਂ ਵਿੱਚ ਹੀ ਮੇਰਾ wear house ਖਾਲੀ ਹੋ ਗਿਆ ਤੇ ਮੈਨੂੰ ਬਹੁਤ ਲਾਭ ਹੋਇਆ। ਪਰਸੋਂ ਨੂੰ ਮੇਰਾ ਬੰਦਾ ਆ ਰਿਹਾ ਹੈ ੬੦ ਹਜ਼ਾਰ ਰੁਪਿਆ ਲੈ ਕੇ। ਉਹਨੂੰ ਸੇਵਾ 'ਚ ਲਾ ਦਿਓ। ਬੀਬੀ ਜੀ (ਸੰਤ ਮਾਤਾ ਬੀਬੀ ਰਣਜੀਤ ਕੌਰ ਜੀ) ਕਹਿੰਦੇ ਮੇਨੂੰ ਦਿਓ ਟੈਲੀਫੋਨ। ਮੈਂ ਕਿਹਾ ਕੀ ਗੱਲ ਤੂੰ ਕੀ ਕਹਿਣਾ ਹੈ? ਮੈਂ ਕਿਹਾ ਕਿ ਐਨਾ ਲਾਭ ਹੋਇਆ ਹੈ, ਦੋ ਲੱਖ ਪੌਂਡ, ਥੋੜ੍ਹਾ ਨਹੀਂ ਹੁੰਦਾ, ਬਹੁਤ ਰੁਪਿਆ ਹੈ। ਕਹਿੰਦੀ ਇਹਨੂੰ ਮੈਂ ਕਹਿੰਦੀ ਹਾਂ ਕਿ ਬੱਸ ਦੇ ਸੰਗਤਾਂ ਨੂੰ, ਬੱਸ ਲੈ ਦੇ ਦੋ ਤਿੰਨ ਲੱਖ ਰੁਪਏ ਦੀ। ਮੈਂ ਕਿਹਾ ਨਾ ਐਉਂ ਨਹੀਂ ਆਪਾਂ ਕਹਿਣਾ ਜਿਹੜੀ ਸ਼ਰਧਾ ਹੈ ਓਹੀ ਠੀਕ ਹੈ। ਜਦ ਨਿਸ਼ਾਨ ਸਾਹਿਬ ਲੱਗਿਆ ਹੈ ਜਦ ਵੀ ਆਹੀ ਹਾਲ ਸੀ ਕਿਉਂਕਿ ਪੈਸਾ ਆਉਂਦਾ ਸੀ, ਖਰਚ ਕਰ ਦਿੰਦੇ ਹਾਂ, ਇੱਥੇ ਰਹਿੰਦਾ ਤਾਂ ਹੈ ਨਹੀਂ, ਨਾ ਜਮ੍ਹਾਂ ਕਰੀਦਾ ਹੈ, ਨਾ ਐਨੀ ਆਮਦਨ ਹੈ। ਉਸ ਵੇਲੇ ਸੰਗਤ ਵਿੱਚ ਹੀ ਬੈਠੇ ਰਹੇ, ਇਕ ਪਰਿਵਾਰ ਹੈ ਸੰਗਤ ਵਿਚੋਂ ਹੀ, ਨਿਸ਼ਾਨ ਸਾਹਿਬ ਲਾ ਰਹੇ ਸੀ, ਨਿਸ਼ਾਨ ਸਾਹਿਬ ਦਾ ਮੇਰਾ ਖਿਆਲ ਹੋ ਗਿਆ, ਪੈਸਾ ਕਾਫੀ ਲਗਣਾ ਸੀ, ੧੨ ਹਜ਼ਾਰ ਤਾਂ ਦੋਧੀਆਂ ਨੇ ਦਿੱਤਾ, ੩੫-੪੦ ਹਜ਼ਾਰ ਇਸ ਉਪਰ ਖਰਚ ਆਉਂਦਾ ਸੀ, ਤਾਂ ਸਰਦਾਰ ਜਸਵੰਤ ਸਿੰਘ ਬੈਟਰੀਆਂ ਵਾਲੇ ਕਹਿੰਦੇ ਜੀ ਸੰਗਮਰਮਰ ਤਾਂ ਮੈਂ ਲਗਵਾਉਂਗਾ। ਡਾ. ਸਾਹਿਬ ਕੁਲਦੀਪ ਕਹਿੰਦੇ ਬਾਕੀ ਪੈਸੇ ਮੈਂ ਦੇ ਦੇਵਾਂਗਾ, ਦੋਹਾਂ ਨੇ ਅੱਧੇ-ਅੱਧੇ ਦੇ ਦਿੱਤੇ। ਇਧਰੋਂ ਡਾਕਟਰ ਸਾਹਿਬ ਦੇ ਘਰੋਂ ਬੀਬੀ ਅੰਮ੍ਰਿਤ ਬੀਮਾਰ ਸੀ। ਬਹੁਤ ਹੀ ਬੀਮਾਰ, ਸ਼ੂਗਰ ਜਮਾਂਦਰੂ ਹੋਈ-ਹੋਈ ਸੀ, ਇੱਥੇ ਰਹਿ ਕੇ ਸੇਵਾ ਕਰੀ ਉਸ ਨੇ, ਉਹ ਮਹਾਰਾਜ ਨੇ (ਹੁਣ ਵੀ ਬੀ ਜੀ ਦੀ ਸੇਵਾ ਕਰਦੀ ਹੈ) ਬਿਲਕੁਲ ਤੰਦਰੁਸਤ ਕਰ ਦਿੱਤੀ ਮਹਾਰਾਜ ਨੇ ਥੋੜ੍ਹੇ ਜਿਹੇ ਦਿਨਾਂ 'ਚ। ਸੰਗਤ ਨੇ ਅਰਦਾਸ ਕਰੀ ਇੱਥੇ ਖੜ੍ਹੇ ਹੋ ਕੇ, ਜਦੋਂ ਨਿਸ਼ਾਨ ਸਾਹਿਬ ਜੀ ਦਾ ਚੋਲਾ ਚਾੜ੍ਹਿਆ, ਅਰਦਾਸ ਦੇ ਵਿੱਚ ਅਰਦਾਸੀਏ ਸਿੰਘ ਨੇ ਕਿਹਾ ਕਿ ਸੱਚੇ ਪਾਤਸ਼ਾਹ! ਹੁਣ ਤੇਰਾ ਨਿਸ਼ਾਨ ਕਾਇਮ ਹੋ ਗਿਆ ਹੁਣ ਤੂੰ ਡਾਕਟਰ ਸਾਹਿਬ ਦਾ ਵੀ ਨਿਸ਼ਾਨ ਕਾਇਮ ਕਰ ਦੇ ਦੁਨੀਆਂ 'ਚ। ਬੜੀ ਵੱਡੀ ਗੱਲ ਕਹਿ ਦਿੱਤੀ, ਮੈਂ ਵੀ ਸੁਣ ਲਈ, ਮੈਂ ਕਿਹਾ ਸੱਚੇ ਪਾਤਸ਼ਾਹ! ਤੇਰੇ ਘਰ ਤਾਂ ਕੋਈ ਘਾਟਾ ਨਹੀਂ ਹੈ, ਉਸੇ ਸਾਲ ਮਹਾਰਾਜ ਜੀ ਨੇ ਨਾਲੇ ਤਾਂ ਸਿਹਤ ਦੇ ਦਿੱਤੀ, ਨਾਲੇ ਕਾਰੋਬਾਰ ਚਲਾ ਦਿੱਤਾ, ਬਾਹਰ ਜਾਂਦੇ ਸੀ ਨੌਕਰੀ ਕਰਨ, ਇਥੇ

ਹੀ ਕਾਰੋਬਾਰ ਵਧੀਆ ਚਲਾ ਦਿੱਤਾ, ਨਾਲੇ ਇੱਕ ਲਾਲ ਦੇ ਦਿੱਤਾ, ਬਹੁਤ ਹੀ ਸੋਹਣਾ ਬੱਚਾ। ਸੇਵਾ ਫੇਰ ਨਿਹਫਲ ਤਾਂ ਨਾ ਹੋਈ ਨਾ–

***ਜਾ ਕੀ ਸੇਵਾ ਨਿਫਲ ਨ ਹੋਵਤ***
***ਖਿਨ ਮਹਿ ਕਰੇ ਉਧਾਰ ॥ ਅੰਗ - ੫੦੦***

ਮਾੜਾ ਜਿਹੜਾ ਕਰਨ ਦੇ ਨਾਲ ਹੀ ਉਧਾਰ ਕਰ ਦਿੰਦੀ ਹੈ, ਕੋਈ ਕਰਕੇ ਦੇਖ ਲਓ, ਬਾਣੀ ਦੇ ਅੰਦਰ ਇਸ ਤਰ੍ਹਾਂ ਵੀ ਫੁਰਮਾਨ ਆਉਂਦਾ ਹੈ -

***ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ।***
***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥***
***ਜੇ ਕੋ ਆਪੁਨਾ ਦੂਖੁ ਮਿਟਾਵੈ ॥***
***ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥***
***ਜੇ ਕੋ ਆਪੁਨੀ ਸੋਭਾ ਲੋਰੈ ॥***
***ਸਾਧਸੰਗਿ ਇਹ ਹਉਮੈ ਛੋਰੈ ॥***
***ਜੇ ਕੋ ਜਨਮ ਮਰਣ ਤੇ ਡਰੈ ॥***
***ਸਾਧ ਜਨਾ ਕੀ ਸਰਨੀ ਪਰੈ ॥***
***ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥***
***ਨਾਨਕ ਤਾ ਕੈ ਬਲਿ ਬਲਿ ਜਾਸਾ ॥ ਅੰਗ - ੨੬੬***

ਦੁਨੀਆਂ ਦੇ ਵਿੱਚ ਚਾਰੋਂ ਪਦਾਰਥਾਂ ਦੀ ਆਦਮੀ ਨੂੰ ਲੋੜ ਹੈ, ਧਰਮ, ਅਰਥ, ਕਾਮ, ਮੋਖਸ਼; ਧਰਮ ਦੀ, ਅਰਥ ਦੀ, ਕਾਮਨਾ ਪੂਰੀ ਹੋਣ ਦੀ ਤੇ ਮੁਕਤੀ ਦੀ। ਸਾਧ ਜਨਾਂ ਦੀ ਸੇਵਾ ਕਰਨ ਲਗ ਜਾਵੇ, ਗੁਰੂ ਦੀਆਂ ਸੰਗਤਾਂ ਦੀ ਸੇਵਾ ਕਰੇ, ਮਿਲ ਜਾਂਦਾ ਹੈ ਸਭ ਕੁਛ। ਚੌਥੇ ਪੰਜਵੇਂ ਦੀ ਗੱਲ ਹੈ ਇਕ ਬੀਬੀ ਮੇਰੇ ਕੋਲ ਆਈ। ਕਹਿਣ ਲੱਗੀ, ਬਾਬਾ ਜੀ! ਮੇਰੀਆਂ ਮੱਝਾਂ ਸਾਰੀਆਂ ਹੀ ਬੀਮਾਰ ਹੋ ਗਈਆਂ, ਪਰੇਸ਼ਾਨ ਬਹੁਤ ਹਾਂ। ਮੈਂ ਕਿਹਾ, ਬੀਬੀ! ਮੈਂ ਕਿਹੜਾ ਡਾਕਟਰ ਹਾਂ ਮੱਝਾਂ ਦਾ; ਕਹਿੰਦੀ ਦਵਾਈਆਂ ਵੀ ਦਿਵਾਈਆਂ ਨੇ ਪਰ ਮੱਝਾਂ ਠੀਕ ਨਹੀਂ ਹੋ ਰਹੀਆਂ। ਮੈਂ ਕਿਹਾ ਫੇਰ ਸਾਡੇ ਕੋਲ ਤਾਂ ਇੱਕੋ ਹੀ ਇਲਾਜ ਹੈ, ਪੰਜ ਸਿੰਘਾਂ ਨੂੰ ਪ੍ਰਸ਼ਾਦਾ ਛਕਾ ਦਿਓ, ਇਹ ਪਦਾਰਥਾਂ ਦੇ ਵਿੱਚ ਹੀ ਚੀਜ਼ ਆਉਂਦੀ ਹੈ। ਮੈਂ ਪਰ ਇਹ ਹਿਸਾਬ ਰੱਖੀਂ ਨਿਤਨੇਮ ਕਰਨ ਵਾਲੇ ਹੋਣ ਸਿੰਘ। ਬਾਣੀ ਪੜ੍ਹਨ ਵਾਲੇ ਹੋਣ। ਮੈਂ ਨਾਉਂ ਵੀ ਦੱਸ ਦਿੱਤੇ ਸਿੰਘਾਂ ਦੇ। ਉਹ ਦੂਜੇ ਦਿਨ ਮੈਨੂੰ ਫੇਰ ਮਿਲੀ, ਮੈਂ ਕਿਹਾ ਕੀ ਹਾਲ ਹੈ, ਤੁਹਾਡੀਆਂ ਮੱਝਾਂ ਦਾ, ਕਹਿੰਦੀ ਉਹ ਤਾਂ ਕੱਲ੍ਹ ਹੀ ਰਾਜ਼ੀ ਹੋ ਗਈਆਂ, ਮੈਂ ਕਿਹਾ ਪਹਿਲਾਂ ਹੀ ਠੀਕ ਕਰ ਦਿੱਤੀਆਂ ਮਹਾਰਾਜ ਨੇ, ਹੁਣ ਸੇਵਾ ਕਰ। ਸੋ ਇਸ ਤਰ੍ਹਾਂ ਸੇਵਾ ਕਰੀ ਹੋਈ ਮਹਾਰਾਜ ਕਹਿੰਦੇ -

***ਜਾ ਕੀ ਸੇਵਾ ਦਸ ਅਸਟ ਸਿਧਾਈ ॥***
***ਪਲਕ ਦਿਸਟਿ ਤਾ ਕੀ ਲਾਗਹੁ ਪਾਈ ॥***
***ਅੰਗ - ੩੯੦***

ਅਠਾਰ੍ਹਾਂ ਸਿੱਧੀਆਂ ਨੇ ਸੇਵਾ 'ਚ, ਨਿਗ੍ਹਾ ਕਰ ਦੇਵੇ ਤਾਂ ਉਸੇ ਵੇਲੇ ਸਭ ਠੀਕ ਹੋ ਜਾਂਦਾ ਹੈ। ਸੋ ਮੇਰੇ ਮਨ ਵਿੱਚ ਬੜੀ ਪ੍ਰਸੰਨਤਾ ਹੋਈ ਹੈ ਕਿ ਸੰਗਤਾਂ ਨੇ, ਐਨਾ ਭਰਤ ਪੈਂਦਾ ਸੀ ੪੫ ਹਜ਼ਾਰ ਸੁਕੇਅਰ ਫੁਟ 'ਚ, ਕਿਸੇ ਇੰਜਨੀਅਰ ਨੂੰ ਪੁੱਛ ਲਓ ਕਿ ਕਿੰਨਾ ਰੁਪਿਆ ਲਗਦਾ ਹੈ। ਪਤਾ ਹੀ ਨਹੀਂ ਲੱਗਿਆ ਕਿਹੜੇ ਵੇਲੇ ਸਿਰਾਂ ਤੋਂ ਹੋ ਕੇ, ਸੀਸ ਪਵਿੱਤਰ ਕਰਦਾ ਹੋਇਆ ਨਾਲੇ ਤਾਂ ਬਿਲਡਿੰਗ ਭਰ ਗਈ। ਕੀਰਤਨ ਦੇ ਨਾਲ ਸੇਵਾ ਦਾ ਮਹਾਤਮ ਵੀ ਵੱਡਾ ਹੈ। ਗੁਰੂ ਮਹਾਰਾਜ ਦਾ ਐਸਾ ਫੁਰਮਾਨ ਹੈ ਕਿ ਦਰਗਾਹ ਦੇ ਵਿੱਚ ਥਾਂ ਤਾਂ ਮਿਲਦਾ ਹੈ, ਸੁੱਖ ਤਾਂ ਮਿਲਦਾ ਹੈ, ਜੇ ਦੁਨੀਆਂ 'ਚ ਪਹਿਲਾਂ ਸੇਵਾ ਕਰੇ -

***ਧਾਰਨਾ - ਤਾਂ ਦਰਗਹ ਸੁੱਖ ਪਾਈਦੈ,***
***ਜੇ ਵਿੱਚ ਦੁਨੀਆਂ ਸੇਵ ਕਮਾਈਏ।***
***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬***

ਜਿੰਨਾ ਆਪਾਂ ਇੱਥੇ ਰਹਿੰਦੇ ਹਾਂ ਓਨੇ ਚਿਰ ਵਿੱਚ ਸੇਵਾ ਕਰੋ। ਛਾਤੀ ਖੋਲ੍ਹੀ ਫਿਰਦਾ ਹੈ ਦਰਗਾਹ ਵਿੱਚ, ਸੁੰਗੜਿਆ ਨਹੀਂ ਫਿਰਦਾ। ਸਾਰੇ ਕਹਿੰਦੇ ਨੇ -

***ਰੇ ਰੇ ਦਰਗਹ ਕਹੈ ਨ ਕੋਊ ॥***
***ਆਉ ਬੈਠੁ ਆਦਰੁ ਸੁਭ ਦੇਊ ॥ ਅੰਗ - ੨੫੨***

ਸੁੱਖ ਪਾਉਣਾ ਹੈ, ਸੋ ਇੱਥੇ ਕਰਕੇ ਦਰਗਾਹ ਦਾ ਸੁੱਖ; ਇੱਥੇ ਦਾ ਸੁੱਖ; ਮਹਾਰਾਜ ਕਹਿੰਦੇ ਸੇਵਾ ਵਾਲਾ ਜਿਹੜਾ ਹੈ ਉਹਦੇ ਵਿੱਚ ਤੇ ਰੱਬ ਵਿੱਚ ਫਰਕ ਹੱਟ ਜਾਇਆ ਕਰਦਾ ਹੈ। ਬਰਾਬਰ ਹੋ ਜਾਂਦਾ ਹੈ ਸੇਵਾ ਕਰਨ ਵਾਲਾ ਰੱਬ ਦੇ। ਭਾਈ ਘਨੱਈਏ ਨੂੰ ਗੁਰੂ ਦਸਵੇਂ ਪਾਤਸ਼ਾਹ ਨੇ ਕਿਹਾ, ਭਾਈ ਘਨੱਈਆ! ਤੂੰ ਖਾਲਸੇ ਦੀ ਪਦਵੀ ਪ੍ਰਾਪਤ ਕਰ ਲਈ, ਆਤਮ ਰਸੀਆ ਹੈਂ ਤੂੰ, ਤੇ ਹੁਣ ਸੁਣ -

***ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥ (ਸਰਬ ਲੋਹ ਗ੍ਰੰਥ 'ਚੋਂ)***

ਤੇਰੇ ਵਿੱਚ, ਮੇਰੇ ਵਿੱਚ ਤੇ ਵਾਹਿਗੁਰੂ ਵਿੱਚ ਕੋਈ ਭੇਦ ਨਹੀਂ ਰਿਹਾ, ਤੂੰ ਮੇਰਾ ਸਰੂਪ ਬਣ ਗਿਆ।

***ਹਰਿ ਕਾ ਸੇਵਕੁ ਸੋ ਹਰਿ ਜੇਹਾ ॥***
***ਭੇਦੁ ਨ ਜਾਣਹੁ ਮਾਣਸ ਦੇਹਾ ॥***
***ਜਿਉ ਜਲ ਤਰੰਗ ਉਠਹਿ ਬਹੁ ਭਾਤੀ***
***ਫਿਰਿ ਸਲਲੈ ਸਲਲ ਸਮਾਇਦਾ ॥ ਅੰਗ - ੧੦੭੬***

ਸੋ ਇਸ ਤਰ੍ਹਾਂ ਦੇ ਨਾਲ ਆਪ ਨੇ ਸਾਰਿਆਂ ਨੇ ਸੇਵਾ ਕੀਤੀ। ਸੋ ਹੁਣ ਸਮਾਂ ਇਜ਼ਾਜ਼ਤ ਨਹੀਂ ਦਿੰਦਾ, ਇੱਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ

ਗੁਰ ਸਤੋਤਰ

ਅਰਦਾਸ

☬☬☬☬☬

# ਨਾਮ ਤੇ ਨਾਮ ਦਾ ਦਾਤਾ ਸਤਿਗੁਰੂ

*ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*

ਵਿਆਖਿਆ - ਏਸ ਸ਼ਬਦ ਦੇ ਚੌਹਾਂ ਪਦਿਆਂ ਵਿੱਚੋਂ ਹਰ ਇਕ ਪਦੇ ਦੀ ਅੰਤਲੀ ਪੰਗਤੀ ਪਹਿਲੀਆਂ ਪੰਗਤੀਆਂ ਵਿੱਚ ਵਰਨਣ ਕੀਤੇ ਭਾਵ ਦਾ ਸਾਰ ਸਿੱਟਾ ਦਰਸਾਉਂਦੀ ਹੈ।

(੧) ਪਹਿਲੇ ਪਦੇ ਦੀਆਂ ਪਹਿਲੀਆਂ ਦੋ ਪੰਗਤੀਆਂ ਦਸਦੀਆ ਹਨ ਕਿ ਸਿੱਧਾਂ ਜੋਗੀਆ ਨੇ ਬਥੇਰੀਆਂ ਮਨ-ਉਕਤ ਧਿਆਨ-ਸਮਾਧੀਆਂ ਲਾ ਲਾ ਕੇ ਮਨ-ਮੰਨਿਆ ਕਿਰਤਮ ਨਾਮ ਬਥੇਰਾ ਜਪਿਆ ਤੇ ਮਨ ਸਾਧਨਹਾਰੇ ਮੁਨੀਆਂ ਨੇ ਭੀ ਉਸ ਦਾ ਜਾਪ ਜਪਿਆ, ਜਤੀਆਂ ਸਤੀਆਂ ਸੰਤੋਖੀਆਂ ਨੇ ਭੀ ਬਥੇਰਾ ਧਿਆਵਨਾ ਧਿਆਇਆ ਅਤੇ ਇੰਦ੍ਰ ਆਦਿਕਾਂ ਨੇ ਭੀ ਮੁਖ ਕਰਕੇ ਮੂੰਹ-ਆਇਆ ਨਾਮ ਰਟਨ ਕੀਤਾ ਪਰ ਤਿਨ੍ਹਾਂ ਨੇ ਹੀ ਜਦੋਂ ਗੁਰੂ ਦੀ ਸ਼ਰਨੀ ਪੈ ਕੇ ਗੁਰੂ ਤੋਂ ਗੁਰਦੀਖਿਆ ਪ੍ਰਾਪਤ ਕਰ ਕੇ ਗੁਰਮਤਿ ਨਾਮ ਗੁਰਮੰਤ੍ਰ ਨੂੰ ਜਪਿਆ ਤਦੋਂ ਹੀ ਤਿਨ੍ਹਾਂ ਦੀ ਗੁਰਮੁਖਿ ਬਣ ਕੇ ਪਾਰ-ਉਤਾਰਾ ਹੋਇਆ।

(੨) ਸੁਰ ਨਰ ਗਣ ਗੰਧਰਬਾਂ ਨੇ ਭੀ ਮਨ ਥੰਮ ਥੰਮ ਕੇ ਜਪਨਾ ਜਪਿਆ। ਵਿਚਾਰੇ ਰਿਖੀਆਂ ਮਨ-ਭਾਉਂਦੇ ਗੀਤ ਸਤੋਤਰ ਬਣਾ ਕੇ ਤੇ ਵੇਦ-ਮੰਤਰਾਂ ਦੀਆਂ ਰਿਚੀਆ ਪੜ੍ਹ ਪੜ੍ਹ ਕੇ ਨਿਜ ਕਿਰਤਮੀ ਜਸ ਗਾਇਨ ਕੀਤੇ, ਸ਼ਿਵ ਜੀ ਬ੍ਰਹਮਾ ਆਦਿਕ ਦੇਵੀ ਦੇਵਤਿਆਂ ਨੇ ਭੀ ਨਿਜ ਕਥੇ, ਉਚਰੇ ਕਿਰਤਮ ਨਾਮ ਰਚਿ ਰਚਿ ਹਰੀ ਪ੍ਰਮਾਤਮਾ ਨੂੰ ਜਪਿਆ।

ਪਰ ਓੜਕ ਗੁਰਮਤਿ ਨਾਮ ਪ੍ਰਾਪਤ ਕਰ ਕੇ ਤੇ ਗੁਰਮੁਖ ਬਣ ਕੇ ਹੀ ਗੁਰੂ ਦੁਆਰਾ ਨਾਮ ਗੁਰਮੰਤ੍ਰ ਸੇਤੀ ਓਹਨਾਂ ਦਾ ਹਿਰਦਾ ਭਿੱਜਿਆ ਅਤੇ ਇਸ ਬਿਧ ਉਨ੍ਹਾਂ ਦਾ ਨਿਸਤਾਰਾ ਹੋਇਆ।

(੩) ਤੇਤੀ ਕਰੋੜ ਦੇਵਤਿਆਂ ਨੇ ਭੀ ਉਸ ਨੂੰ ਕਿਰਤਮ ਨਾਮ ਜਪ ਜਪ ਕੇ ਬਥੇਰਾ ਧਿਆਇਆ, ਪਰ ਉਸ ਅਗੰਮ ਅਗੋਚਰ ਪ੍ਰਭੂ ਪ੍ਰਮਾਤਮਾ ਦਾ ਉਨ੍ਹਾਂ ਅੰਤ ਨਹੀਂ ਪਾਇਆ, ਬੇਦਾਂ ਪੁਰਾਣ ਸਿਮ੍ਰਤੀਆਂ ਨੇ ਭੀ ਬੇਦਾਂ ਦੁਆਰਾ ਬਥੇਰਾ ਹਰਿ ਹਰਿ ਗਾਇਆ, ਪਰ ਜਿਨ੍ਹਾਂ ਦੇ ਰਿਦੰਤਰ ਗੁਰੂ ਦੁਆਰਾ ਰਸ-ਜੋਤਿ-ਪ੍ਰਕਾਸ਼-ਕਲਾ-ਕ੍ਰਿਸ਼ਮੀ ਪਾਰਸ-ਰੂਪੀ-ਗੁਰਮਤਿ-ਗੁਰਮੰਤ੍ਰ ਵਸ ਰਸ ਗਇਆ, ਤਿਨ੍ਹਾਂ ਗੁਰਮੁਖਾਂ ਦਾ ਹੀ ਇਸ ਭਵ-ਸਾਗਰ ਤੋਂ ਪਾਰ ਪੈਣਾ ਸੰਭਵ ਹੋਇਆ।

(੪) ਜਿਨ੍ਹਾਂ ਨੇ ਅਨਿਕ ਪ੍ਰਕਾਰੀ ਉਕਤੀਆ ਯੁਕਤੀਆਂ ਅਤੇ ਮਨ ਦੇ ਵੇਗ ਤਰੰਗਾਂ ਦੁਆਰਾ ਭਾਂਤ ਭਾਂਤ ਦੇ ਕਿਰਤਮ ਨਾਮਾਂ ਨੂੰ ਜਪਿਆ ਹੈ ਤਿਨ੍ਹਾਂ ਦੀ ਗਿਣਤੀ ਹੀ ਨਹੀਂ ਗਿਣੀ ਜਾ ਸਕਦੀ। ਪਰ ਭਜਨ ਭਗਤੀ ਤਿਨ੍ਹਾਂ ਦੀ ਹੀ ਥਾਇ ਪੈਂਦੀ ਹੈ, ਜਿਨ੍ਹਾਂ ਉਤੇ ਗੁਰੂ ਦੀ ਕਿਰਪਾ ਹੋਵੇ ਤੇ ਜੋ ਪਰਮ ਪੁਰਖ ਪ੍ਰਭੂ ਦੀ ਨਦਰ ਦੇ ਪਾਤਰ ਹੋ ਗਏ ਹੋਣ ਅਤੇ ਜਿਨ੍ਹਾਂ ਨੂੰ ਗੁਰੂ ਕਿਰਪਾਲ ਨੇ ਕਿਰਪਾ ਧਾਰ ਕੇ ਗੁਰਮਤਿ ਗੁਰਮੰਤ੍ਰ (ਨਾਮ) ਦ੍ਰਿੜ੍ਹਾ ਦਿਤਾ ਹੋਵੇ। ਬਸ ਜਿਨ੍ਹਾਂ ਨੂੰ ਇਸ ਬਿਧੇ ਹੀ ਗੁਰਮਤਿ ਨਾਮ ਗੁਰੂ ਦੁਆਰਿਓਂ ਦ੍ਰਿੜ੍ਹ ਹੋਇਆ ਤਿਨ੍ਹਾਂ ਦਾ ਨਾਮ ਜਪਣਾ ਹੀ ਥਾਇ ਪਇਆ ਤੇ ਦਰ ਪ੍ਰਵਾਨ ਹੋਇਆ ਹੈ।

ਹਰਿ ਸਿਮਰਨ ਰੂਪੀ ਤੱਤ ਗੁਰਮਤਿ ਸੇਵਾ ਦੇ ਕਰਨਹਾਰ ਸੋਈ ਗੁਰਮੁਖ ਸੇਵਕ ਜਨ ਪ੍ਰਵਾਨ ਹਨ ਜਿਨ੍ਹਾਂ ਨੇ ਕੇਵਲ ਗੁਰਮਤਿ ਨਾਮ ਦੁਆਰਾ ਤੇ ਗੁਰਮਤਿ ਦ੍ਰਿੜ੍ਹਾਏ ਗੁਰਮੰਤ੍ਰ ਦੁਆਰਾ ਇਹ ਤੱਤ ਗੁਰਮਤਿ ਸਿਮਰਨ ਰੂਪੀ ਸੇਵਾ ਕੀਤੀ ਹੈ। ਜੈਸਾ ਕਿ ਨਿਮਨ ਲਿਖਤ ਗੁਰਵਾਕ ਸਿੱਧ ਕਰਦਾ ਹੈ -

***ਸੇਵਕ ਜਨ ਸੇਵਹਿ ਤੇ ਪਰਵਾਣੁ***
***ਜਿਨ ਸੇਵਿਆ ਗੁਰਮਤਿ ਹਰੇ ॥***
***ਤਿਨ ਕੇ ਕੋਟਿ ਸਭਿ ਪਾਪ***
***ਖਿਨੁ ਪਰਹਰਿ ਹਰਿ ਦੂਰਿ ਕਰੇ ॥***
***ਤਿਨ ਕੇ ਪਾਪ ਦੋਖ ਸਭਿ ਬਿਨਸੇ***
***ਜਿਨ ਮਨਿ ਚਿਤਿ ਇਕੁ ਅਰਾਧਿਆ ॥***
***ਤਿਨ ਕਾ ਜਨਮੁ ਸਫਲਿਓ ਸਭੁ ਕੀਆ***
***ਕਰਤੈ ਜਿਨ ਗੁਰ ਬਚਨੀ ਸਚੁ ਭਾਖਿਆ ॥***
***ਤੇ ਧੰਨੁ ਜਨ ਵਡ ਪੁਰਖ ਪੂਰੇ***
***ਜੋ ਗੁਰਮਤਿ ਹਰਿ ਜਪਿ ਭਉ ਬਿਖਮੁ ਤਰੇ ॥***
***ਸੇਵਕ ਜਨ ਸੇਵਹਿ ਤੇ ਪਰਵਾਣੁ***
***ਜਿਨ ਸੇਵਿਆ ਗੁਰਮਤਿ ਹਰੇ ॥***

***ਅੰਗ - ੧੧੧੪-੧੫***

ਗੁਰਮਤਿ ਨਾਮ ਦੇ ਜਪੇ ਬਿਹੂਣ ਕਿਸੇ ਦੀ ਭੀ ਗਤਿ ਮੁਕਤੀ ਨਹੀਂ ਹੋ ਸਕਦੀ। ਪਿਛਲੇ ਜੁਗਾਂਤਰੀ ਜਨਮਾਂ ਦੇ ਅਨਮਤਿ ਅਵਲੰਬੀ ਜਪੀ ਤਪੀ ਜਤੀ ਜੋਗੀ ਸੰਨਿਆਸੀ ਰਿਖੀ ਮੁਨੀ ਤੱਤ ਕਲਿਆਣ ਮੁਕਤਿ ਨੂੰ ਪ੍ਰਾਪਤ ਨਹੀਂ ਹੋ ਸਕੇ, ਜੈਸਾ ਕਿ ਇਸ ਪ੍ਰਕਾਰ ਦੇ ਅਨੇਕਾਂ ਪ੍ਰਮਾਣ ਗੁਰਬਾਣੀ ਅੰਦਰਿ ਆਉਂਦੇ ਹਨ -

***ਸਨਕ ਸਨੰਦ ਅੰਤੁ ਨਹੀ ਪਾਇਆ ॥***
***ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ ॥***

***ਅੰਗ - ੪੭੮***

ਇਸ ਦੇ ਮੁਕਾਬਲੇ ਵਿੱਚ ਜੋ ਗੁਰਬਾਣੀ ਅੰਦਰ ਇਸ ਪ੍ਰਕਾਰ ਦੇ ਵਾਕ ਆਉਂਦੇ ਹਨ -

***ਗੁਰ ਕੈ ਸਬਦਿ ਤਰੇ ਮੁਨਿ ਕੇਤੇ***
***ਇੰਦ੍ਰਾਦਿਕ ਬ੍ਰਹਮਾਦਿ ਤਰੇ ॥***
***ਸਨਕ ਸਨੰਦਨ ਤਪਸੀ ਜਨ ਕੇਤੇ***
***ਗੁਰ ਪਰਸਾਦੀ ਪਾਰਿ ਪਰੇ ॥ ਅੰਗ - ੧੧੨੫***

ਇਨ੍ਹਾਂ ਪ੍ਰਮਾਣਾਂ ਤੋਂ ਸਾਫ ਸਿੱਧ ਹੋਇਆ ਕਿ ਤਿਨ੍ਹਾਂ ਦਾ ਕਲਿਆਣ ਨਿਸਤਾਰਾ ਜਦ ਭੀ ਹੋਇਆ ਤਾਂ ਗੁਰਮਤਿ ਗੁਰਸ਼ਬਦ

(ਗੁਰਮੰਤ੍ਰ) ਦੁਆਰਾ ਤੇ ਗੁਰਪ੍ਰਸਾਦੀ ਹੋਇਆ। ਸਤਿਗੁਰ ਨਾਨਕ ਦੀ ਸ਼ਰਨੀ ਆ ਕੇ ਹੀ ਛੁਟਕਾਰਾ ਹੋਇਆ। ਓਦੋਂ ਤਕ ਉਹ ਜੁਗੋ ਜੁਗ ਜਨਮ ਧਾਰਦੇ ਹੀ ਰਹੇ। ਗੁਰ ਸ਼ਰਨੀ ਆ ਕੇ ਹੀ ਤਿਨ੍ਹਾਂ ਦੀ ਗਤਿ ਮੁਕਤਿ ਤੱਤ ਕਲਿਆਣ ਹੋਈ, ਸਤਿਗੁਰੂ ਦੇ ਗ੍ਰਹਿ ਵਿਖੇ ਆ ਕੇ ਜਨਮ ਲੈਣ ਕਰਿ ਹੀ ਉਨ੍ਹਾਂ ਦਾ ਆਵਾਗਵਨ ਮਿਟਿਆ, ਜੈਸੇ ਕਿ ਭਿਖਾ ਭੱਟ ਬ੍ਰਹਮਾ ਜੀ ਦੇ ਔਤਾਰ ਹੋ ਕੇ ਜਦੋਂ ਗੁਰੂ ਘਰ ਗੁਰ ਸੰਗਤਾਂ ਵਿੱਚ ਜਨਮ ਧਾਰ ਕੇ ਗੁਰ-ਦੀਖਤ ਹੋਏ ਤਾਂ ਉਨ੍ਹਾਂ ਦੀ ਕਲਿਆਣ ਹੋਈ। ਭਿਖਾ ਜੀ ਦੀ ਆਪਣੇ ਮੁਖੋਂ ਹੀ ਗੁਰੂ ਕਲਾ ਕ੍ਰਿਸ਼ਮਤਾ ਦੁਆਰਾ ਉਚਰੀ ਹੋਈ ਬਾਣੀ ਹੀ ਇਸ ਗੱਲ ਦੀ ਸਾਖਾ ਭਰਦੀ ਹੈ -

***ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥***
***ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥***
***ਬਰਸੁ ਏਕੁ ਹਉ ਫਿਰਿਓ***
***ਕਿਨੈ ਨਹੁ ਪਰਚਉ ਲਾਯਉ ॥***
***ਕਹਤਿਅਹ ਕਹਤੀ ਸੁਣੀ ਰਹਤ ਕੋ***
***ਖੁਸੀ ਨ ਆਯਉ ॥***
***ਹਰਿ ਨਾਮੁ ਛੋਡਿ ਦੂਜੈ ਲਗੇ***
***ਤਿਨ੍ ਕੇ ਗੁਣ ਹਉ ਕਿਆ ਕਹਉ ॥***
***ਗੁਰੁ ਦਯਿ ਮਿਲਾਯਉ ਭਿਖਿਆ***
***ਜਿਵ ਤੂ ਰਖਹਿ ਤਿਵ ਰਹਉ ॥ ਅੰਗ - ੧੩੯੫***

ਕਲਿਜੁਗ ਵਿੱਚ ਸਭ ਜੀਆਂ ਦਾ ਉਧਾਰ ਸਤਿਗੁਰ ਨਾਨਕ ਦੇਵ ਜੀ ਦੇ ਘਰ ਗੁਰਸਿਖੀ ਮੰਡਲ ਵਿੱਚ ਆ ਕੇ ਹੀ ਹੋਣਾ ਹੈ। ਪਿਛਲੇ ਜੁਗਾਂ ਤੋਂ ਲੈ ਕੇ ਜੋ ਆਵਾਗਉਣ ਦੇ ਗੇੜ ਵਿੱਚ ਭਰਮਦੇ ਹੁਣ ਤਕ ਸਿੱਧ, ਮੁਨੀ, ਜਪੀ, ਤਪੀ ਆਦਿ ਫਿਰ ਰਹੇ ਹਨ ਤੇ ਆਮ ਸੰਸਾਰੀ ਜੀਵ ਸਭ ਦਾ ਉਧਾਰ ਨਿਸਤਾਰਾ ਗੁਰਸਿੱਖ ਬਣ ਕੇ ਤੇ ਗੁਰਮਤਿ ਨਾਮ ਦੇ ਅਭਿਆਸੀ ਹੋ ਕੇ ਹੀ ਹੋਣਾ ਹੈ, ਜਿਹਾ ਕਿ ਗੁਰੂ ਸਾਹਿਬ ਦਾ ਹੁਕਮ ਹੈ -

***ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥***
***ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ***
***ਮਤੁ ਕੋ ਧਰਹੁ ਗੁਮਾਨਾ ॥ ੧ ॥***
***ਸਤਿਗੁਰ ਕੀ ਜਿਸ ਨੋ ਮਤਿ ਆਵੈ***
***ਸੋ ਸਤਿਗੁਰ ਮਾਹਿ ਸਮਾਨਾ ॥***
***ਇਹ ਬਾਣੀ ਜੋ ਜੀਅਹੁ ਜਾਣੈ***
***ਤਿਸੁ ਅੰਤਰਿ ਰਵੈ ਹਰਿ ਨਾਮਾ ॥ ੧ ॥ ਰਹਾਉ ॥***
***ਚਹੁ ਜੁਗਾ ਕਾ ਹੁਣਿ ਨਿਬੇੜਾ***
***ਨਰ ਮਨੁਖਾ ਨੋ ਏਕੁ ਨਿਧਾਨਾ ॥***
***ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ***
***ਕਲਿ ਮਹਿ ਕੀਰਤਿ ਹਰਿ ਨਾਮਾ ॥ ੨ ॥***
***ਜੁਗਿ ਜੁਗਿ ਆਪੋ ਆਪਣਾ ਧਰਮੁ ਹੈ***
***ਸੋਧਿ ਦੇਖਹੁ ਬੇਦ ਪੁਰਾਨਾ ॥***
***ਗੁਰਮੁਖਿ ਜਿਨੀ ਧਿਆਇਆ***
***ਹਰਿ ਹਰਿ ਜਗਿ ਤੇ ਪੂਰੇ ਪਰਵਾਨਾ ॥ ੩ ॥***
***ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ***
***ਚੂਕੈ ਮਨਿ ਅਭਿਮਾਨਾ ॥***
***ਕਹਤ ਸੁਣਤ ਸਭੇ ਸੁਖ ਪਾਵਹਿ***
***ਮਾਨਤ ਪਾਹਿ ਨਿਧਾਨਾ ॥ ਅੰਗ - ੭੯੭***

### ੫. ਉਧਾਰ ਨਿਸਤਾਰੇ ਦੀ ਸਬੀਲ ਤੇ ਜ਼ਿਰੀਆ -

ਸਤਿਗੁਰੂ ਨਾਨਕ ਸਾਹਿਬ ਦੀ ਜਗਤ ਤਾਰਕ, ਜਗਤ ਸੁਧਾਰਕ ਯਾਤਰਾ ਦੀ ਲੀਲ੍ਹਾ ਭੀ ਬੜੀ ਬਚਿਤ੍ਰ ਹੈ। ਸਤਿਗੁਰੂ ਨਾਨਕ ਦੇਵ ਜੀ ਦੇ ਜੀਵਾਂ ਨੂੰ ਨਿਸਤਾਰਨ, ਉਭਾਰਨ ਤੇ ਕਲਿਆਨ ਕਰਨ ਦੇ ਹੀਲੇ ਭੀ ਅਤੀ ਚੋਜ ਚੁਈਲੇ ਤੇ ਗੁਰਮਤਿ ਵਿਸ਼ੇਸ਼ ਮਰਯਾਦਾ ਮਰਯਾਦੀਲੇ ਹਨ। ਕੋਈ ਬੰਨ੍ਹੀ ਬੰਨ੍ਹੀ ਰੁੰਨ੍ਹੀ ਰਸਮ ਡਰੰਨੀ ਮਰਯਾਦਾ ਗੁਰੂ ਕਲਾ ਉਧਾਰਨੀ ਰਹਿਮਤ ਵਿੱਚ ਕਰਾਰ ਦਾਦ ਨਹੀਂ। ਨਾਨਾ ਪ੍ਰਕਾਰੀ ਗੁਰ ਰਹਿਮਤੀ ਮੌਜਾਂ ਵਿਚਿ ਅਨਿਕ ਤਰੰਗੀ ਕਰਣਾਰਸੀ ਨਿਰੰਜਨੀ ਮੌਜਾਂ ਵਿੱਚ ਜਿਵੇਂ-ਜਿਵੇਂ ਸਤਿਗੁਰੂ ਗੁਰੂ ਅਵਤਾਰਾਂ ਨੂੰ ਭਾਇਆ ਤਿਵੇਂ ਤਿਵੇਂ ਨਾਨਾ ਪ੍ਰਕਾਰੀ ਜੀਵਾਂ ਦੀ ਕਲਿਆਣ ਗਤੀ ਦੇ ਸੌਜ ਸਾਜੇ। ਜਿਸ ਪ੍ਰਕਾਰ ਭੀ ਜਿਸ ਜਿਸ ਕਰਮਗਤੀ ਲਿਖਤਕਾਰ ਦੁਆਰਾ ਜਿਸ-ਜਿਸ ਪ੍ਰਾਣੀ ਦਾ ਉਧਾਰ ਹੋਣਾ ਗੁਰੂ ਅੰਤਰਯਾਮੀ ਨੂੰ ਦਿੱਬ ਦ੍ਰਿਸ਼ਟਾਰ ਹੋਇਆ, ਤਿਵੇਂ ਤਿਵੇਂ ਹੀ ਗੁਰੂ ਬਿਧਾਤਾ ਨੇ ਤਿਨ੍ਹਾਂ ਦਾ ਪਾਰ ਉਤਾਰਾ ਕਰ ਦਿੱਤਾ। ਪਾਰ-ਉਤਾਰੇ ਦਾ ਜੋ ਦੁਆਰਾ ਲਿਖਤਕਾਰਾ ਸਤਿਗੁਰੂ ਨੂੰ ਆਸ਼ਕਾਰਾ ਹੋਇਆ, ਸੋਈ ਸਬੀਲ ਦੁਆਰਾ ਸਤਿਗੁਰਾਂ ਨੇ ਵਰਤਾਇਆ। ਤ੍ਰੈਕਾਲਦਰਸੀ ਗੁਰੂ ਅਵਤਾਰਾਂ ਨੂੰ ਜਿਸ ਜਿਸ ਪ੍ਰਾਣੀ ਦੀ ਜਿਸ ਅਧਿਕਾਰਤਾ ਦੁਆਰਾ ਸਦਗਤੀ ਹੋਣ ਦੀ ਦਿੱਬ ਲਖਤਾ ਸਾਮ੍ਹਣੇ ਹੋਈ, ਤਿਸ ਤਿਸ ਪ੍ਰਕਾਰ ਤਿਸ ਤਿਸ ਪ੍ਰਾਣੀ ਦੇ ਉਧਾਰ-ਨਿਸਤਾਰੇ ਦਾ ਤਰੀਕਾ (ਦੁਆਰਾ-ਜ਼ਿਰੀਆ) ਵਰਤਿਆ ਅਤੇ ਤੱਤਕਾਲ ਹੀ ਕਰਣਾ ਰਸ ਵਿੱਚ ਘਰ ਕੇ 'ਜਗਤੇ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ'' ਵਾਲਾ ਵਰਤਾਰਾ ਵਰਤਿਆ। ਜਿਸ ਜਿਸ ਬਿਧਿ ਭੀ ਜਿਸ ਕਿਸੇ ਦਾ ਉਧਾਰ ਹੁੰਦਾ ਨਿਜ ਗੁਰਮਤਿ ਅਨੁਕੂਲ ਜਾਤਾ, ਤਿਸੇ ਬਿਧਿ ਹੀ ਉਸ ਨੂੰ ਉਭਾਰ ਲਿਆ। ਇਸ ਉਭਾਰਨ ਉਧਾਰਨ ਹਿਤ ਗੁਰੂ ਸਾਹਿਬ ਖੁਦ ਚਲ ਚਲ ਕੇ ਓਥੇ ਓਥੇ ਜਾਂਦੇ ਰਹੇ ਜਿਥੇ ਜਿਥੇ ਕਿ ਅਧਿਕਾਰੀ ਉਧਾਰ ਅਧਿਕਾਰ ਜੀਵਾਂ ਨੇ ਗੁਰਾ ਦੀ ਕਿਰਪਾ-ਕਟਾਕਸ਼ ਦੁਆਰਾ ਵਰੋਸਾਉਣਾ ਸੀ। ਮਰ ਜਾਣੇ ਮਰਦਾਨੇ ਨੂੰ, ਮਰਦੇ ਜਾਂਦੇ ਮਰਦਾਨੇ ਨੂੰ, ਮਰਾਸੀਆਂ ਦੇ ਘਰੋਂ ਮੰਗ ਕੇ ਸਦੀਵ ਲਈ ਆਪਣੇ ਸੰਗ ਸਾਥ ਰਖ ਕੇ ਅਪਨਾਇਆ। ਅਨੇਕ ਵਾਰ ਉਸ ਨੂੰ ਚੋਜ ਚਲਤੀ ਕਉਤਕਾਂ ਦੁਆਰਾ ਭਰਮਾਇਆ, ਸੀਝਾਇਆ, ਓੜਕ ਲਗਾਤਾਰੀ ਸ਼ਬਦ ਸੰਕੀਰਤਨੀ ਦਾਤਾਂ ਦੀਆਂ ਭੰਡਾਰ-ਨਛਾਵਰੀ-ਬਰਕਤਾਂ ਦੇ ਪਾਰਸ-ਪ੍ਰਭਾਵੀ-ਅਕਲ-ਕਲਾ ਦੇ ਤੁਫੈਲ ਸਦ-ਗਤੀ ਨੂੰ ਪੁਚਾਇ ਦਿੱਤਾ। ਇਕਨਾਂ ਨੂੰ ਆਪਣੇ ਨਿਕਟ ਬੁਲਾਇ ਬੁਲਾਇ, ਇਕਨਾਂ ਦੇ ਆਪਣੇ ਘਰੀਂ, ਮੰਜ਼ਲੀਂ, ਮੰਡਲ ਅਸਥਾਨੀਂ, ਉਚ ਅਗੰਮ ਗਗਨ ਮੰਡਲੀ ਜਾਇ ਜਾਇ, ਆਪਣੀ ਪਾਰਸ ਸੁਪਰਸਤਾ ਦੁਆਰਾ ਨਿਸਤਾਰਿਆ। ਕਿਸੇ ਨੂੰ ਚਰਨ ਛੁਹਾ ਕੇ ਹੀ ਪਾਰ ਉਤਾਰਿਆਂ, ਕਿਸੇ ਨੂੰ ਜੋਤਿ ਝਲਕਾਰੀ ਦਰਸ਼ਨਾਂ ਦਾ ਨਦਰ ਕਟਾਰਾ ਫੇਰ ਕੇ ਕ੍ਰਿਤ ਕ੍ਰਿਤ ਕਰ ਦਿੱਤਾ। ਕਿਸੇ ਦਾ ਗੁਰ-ਗ੍ਰਹਿ ਵਿਖੇ ਜਨਮਾਇ ਕੇ ਗਵਨ ਮਿਟਾਇ ਦਿਤਾ, ਕਿਸੇ ਦਾ ਛਿਨ ਮਾਤ੍ਰ ਵਿੱਚ ਹੀ

ਚਉਰਾਸੀ ਦਾ ਗੇੜ ਮੁਕਾਇ ਦਿੱਤਾ। ਆਪਣਿਆ ਬੇਗਾਨਿਆਂ ਦਾ ਭੀ ਕੋਈ ਤਫੱਰਕਾ ਨਹੀਂ ਰਖਿਆ। ਕਿਸੇ ਨੂੰ ਬੀਰ ਬਣਾ ਕੇ, ਕਿਸੇ ਨੂੰ ਤੀਰ ਵਾਹਿ ਕੇ, ਕਿਸੇ ਨੂੰ ਸ਼ਬਦ-ਸਾਣ ਚੜ੍ਹਾਇ ਕੇ, ਜਿਵੇਂ ਕਿਵੇਂ ਭੀ ਸਕਿਆ ਅਤੇ ਉਚਿਤ ਪੇਖਿਆ ਤਿਵੇਂ ਤਿਵੇਂ ਹੀ ਤਿਸ ਦਾ ਹੁਕਮ ਸੇਤੀ ਕਲਿਆਣ ਕਰੰਮਤੀ ਬੋਲ ਬਾਲਾ ਕਰ ਦਿਤਾ। ਇਹੋ ਤਾਂ ਸਤਿਗੁਰੂ ਲੀਲ੍ਹਾ-ਧਾਰੀ ਦੀਆਂ ਜੀਆਂ-ਜੰਤ ਉਧਾਰੀ ਬਚਿਤ੍ਰ ਪਵਿਤ੍ਰ ਪੁਨੀਤ ਉੱਚ ਪ੍ਰੀਤ-ਰੀਤਾਂ ਹਨ। ਕਿਤੇ ਕਿਤੇ ਅਨੇਕ ਥਾਵੀਂ ਇਹ ਨਿਯਮ ਭੀ ਬੰਧੇਜ ਵਿਚ ਨਹੀਂ ਰਖਿਆ ਕਿ ਮਨੁੱਖਾ ਜਨਮ ਵਿੱਚ ਹੀ ਨਿਸਤਾਰਾ ਕਰਨਾ ਹੈ। ਕਈ ਜੀਵਾਂ ਨੂੰ ਸਰਪ ਜੋਨੀ ਵਿੱਚ ਹੀ ਚੁਰਾਸੀ ਤੋਂ ਛੁਟਕਾਰਾ ਦੇ ਦਿਤਾ। ਕਿਤੇ ਚਿੜੀਆਂ ਤੋਂ ਬਾਝ ਤੁੜਾਇ ਕੇ ਕਿਤੇ ਬਾਜਾਂ ਨੂੰ ਬਾਜ ਧਾਮੇ ਖਵਾਇ ਕੇ, ਸਦਗਤੀ ਨੂੰ ਜਾਇ ਪ੍ਰਾਪਤ ਕੀਤਾ। ਅਗਾਧ ਗਤੀ ਹੈ ਸਤਿਗੁਰੂ ਦੇ ਜੀਆ ਉਧਾਰਨ, ਨਿਸਤਾਰਨ ਵਾਲੀ ਅਕੱਥ ਕਥਾਂ ਦੀ। ਸੋ ਸਤਿਗੁਰੂ ਨੂੰ ਜਿਵੇਂ ਭੀ ਸੁਝਿਆ, ਜੀਵਾਂ ਦੇ ਉਧਾਰ ਦਾ ਦੁਆਰਾ, ਸਬੀਲ, ਗੋਸ਼ਵਾਰਾ, ਤਿਵੇਂ ਹੀ ਬਣਤ ਬਣ ਗਈ ਜੀਵਾਂ ਦੇ ਉਧਾਰ ਨਿਸਤਾਰੇ ਦੀ। ਹਾਂ ਜੀ! -

***ਹੋਰੁ ਦੁਆਰਾ ਕੋਇ ਨ ਸੁਝੈ ॥***
***ਤ੍ਰਿਭਵਣ ਧਾਵੈ ਤਾ ਕਿਛੂ ਨ ਬੁਝੈ ॥***
***ਸਤਿਗੁਰੁ ਸਾਹੁ ਭੰਡਾਰੁ ਨਾਮੁ***
***ਜਿਸੁ ਇਹੁ ਰਤਨੁ ਤਿਸੈ ਤੇ ਪਾਇਣਾ ॥ ੪ ॥***
***ਜਾ ਕੀ ਧੂਰਿ ਕਰੇ ਪੁਨੀਤਾ ॥***
***ਸੁਰਿ ਨਰ ਦੇਵ ਨ ਪਾਵਹਿ ਮੀਤਾ ॥***
***ਸਤਿ ਪੁਰਖੁ ਸਤਿਗੁਰੁ ਪਰਮੇਸਰੁ***
***ਜਿਸੁ ਭੇਟਤ ਪਾਰਿ ਪਰਾਇਣਾ ॥ ੫ ॥***
***ਪਾਰਜਾਤੁ ਲੋੜਹਿ ਮਨ ਪਿਆਰੇ ॥***
***ਕਾਮਧੇਨੁ ਸੋਹੀ ਦਰਬਾਰੇ ॥***
***ਤ੍ਰਿਪਤਿ ਸੰਤੋਖੁ ਸੇਵਾ ਗੁਰ ਪੂਰੇ***
***ਨਾਮੁ ਕਮਾਇ ਰਸਾਇਣਾ ॥ ੬ ॥***
***ਗੁਰ ਕੈ ਸਬਦਿ ਮਰਹਿ ਪੰਚ ਧਾਤੂ ॥***
***ਭੈ ਪਾਰਬ੍ਰਹਮ ਹੋਵਹਿ ਨਿਰਮਲਾ ਤੂ ॥***
***ਪਾਰਸੁ ਜਬ ਭੇਟੈ ਗੁਰੁ ਪੂਰਾ***
***ਤਾ ਪਾਰਸੁ ਪਰਸਿ ਦਿਖਾਇਣਾ ॥ ੭ ॥***
***ਕਈ ਬੈਕੁੰਠ ਨਾਹੀ ਲਵੈ ਲਾਗੇ ॥***
***ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥***
***ਏਕੰਕਾਰੁ ਸਤਿਗੁਰ ਤੇ ਪਾਈਐ***
***ਹਉ ਬਲਿ ਬਲਿ ਗੁਰ ਦਰਸਾਇਣਾ ॥ ੮ ॥***
***ਗੁਰ ਕੀ ਸੇਵ ਨ ਜਾਣੈ ਕੋਈ ॥***
***ਗੁਰੁ ਪਾਰਬ੍ਰਹਮੁ ਅਗੋਚਰੁ ਸੋਈ ॥***
***ਜਿਸ ਨੋ ਲਾਇ ਲਏ ਸੋ ਸੇਵਕੁ***
***ਜਿਸੁ ਵਡਭਾਗ ਮਥਾਇਣਾ ॥ ੯ ॥***
***ਗੁਰ ਕੀ ਮਹਿਮਾ ਬੇਦ ਨ ਜਾਣਹਿ ॥***
***ਤੁਛ ਮਾਤ ਸੁਣਿ ਸੁਣਿ ਵਖਾਣਹਿ ॥***
***ਪਾਰਬ੍ਰਹਮ ਅਪਰੰਪਰ ਸਤਿਗੁਰ***
***ਜਿਸੁ ਸਿਮਰਤ ਮਨੁ ਸੀਤਲਾਇਣਾ ॥ ੧੦ ॥***
***ਜਾ ਕੀ ਸੋਇ ਸੁਣੀ ਮਨੁ ਜੀਵੈ ॥***
***ਰਿਦੈ ਵਸੈ ਤਾ ਠੰਢਾ ਥੀਵੈ ॥***
***ਗੁਰੁ ਮੁਖਹੁ ਅਲਾਏ ਤਾ ਸੋਭਾ ਪਾਏ***
***ਤਿਸੁ ਜਮ ਕੈ ਪੰਥਿ ਨ ਪਾਇਣਾ ॥***

***ਅੰਗ - ੧੦੭੮***

ਦੇ ਗੁਰਵਾਕ ਅਨੁਸਾਰ ਜੀਵਾਂ ਦੀ ਉਧਾਰ-ਕਲਿਆਣ ਦਾ ਹੋਰ ਕੋਈ ਬਸੀਠ-ਦੁਆਰਾ ਨਹੀਂ, ਪਰ ਸਤਿਗੁਰੂ ਦੁਆਰੇ-ਜ਼ਿਰੀਏ ਹੋਇਕੇ ਸਾਹਿਬ ਸੰਮ੍ਹਾਲਣ ਦੇ ਨਾਨਾ ਬਿਧੀ ਦੁਆਰੇ (ਤਰੀਕੇ) ਭੀ ਹਨ, ਜੋ ਅਗਿਆਨ ਭੁਲੇ ਲੋਗ, 'ਜਿਤੁ ਦੁਆਰੈ ਉਬਰੈ ਤਿਤੈ ਲੇਹੁ ਉਬਾਰਿ" ਦੇ ਅਰਥ ਇਹ ਕਰਦੇ ਹਨ ਕਿ ਕਿਸੇ ਦੁਆਰਿਓਂ, ਕਿਸੇ ਮਤ-ਮਤਾਂਤਰੀ ਦੀਖਿਆ ਰੂਪੀ ਦੁਆਰਿਓਂ ਕਿਸੇ ਪ੍ਰਾਣੀ ਦਾ ਉਭਾਰ ਉਧਾਰ ਹੋਵੇ, ਤਿਥੇ ਹੀ ਉਧਾਰ ਕਰਾ ਲੈਣਾ ਚਾਹੀਦਾ ਹੈ, ਇਹ ਉਨ੍ਹਾਂ ਦੀ ਗਲਤਫਹਿਮੀ ਹੈ। ਕਲਿਆਣ ਦਾ ਦੁਆਰਾ ਬਸ ਇਕ ਸਤਿਗੁਰੂ ਦਾ ਦੁਆਰਾ ਹੀ ਹੈ, ਜਗਤ ਜਲੰਦੇ ਨੂੰ ਰੱਖ ਲੈਣ ਦਾ। ਉਭਰਨ ਉਭਾਰਨ, ਜਗ ਉਧਰਨ ਉਧਾਰਨ ਜੋਗ ਦੁਆਰਾ ਹੈ ਤਾਂ ਬਸ ਇੱਕੋ ਗੁਰੂ ਦਾ ਦੁਆਰਾ ਹੈ। ਪਰ ਇਸ ਦੁਆਰੇ, ਇਸ ਇਕੋ ਗੁਰੂ-ਦੰਗ-ਦੁਆਲ (ਅਸਚਰਜ ਦਰ) ਦੁਆਰੇ ਦੇ ਨਿਜ ਸਕੀਮੇ ਦੁਆਰੇ ਅੰਦਰ ਅਨੇਕ ਤੇ ਨਾਨਾ ਬਚਿਤ੍ਰੇਕ ਦੁਆਰੇ (ਤਰੀਕੇ) ਹਨ, ਧੰਨ ਗੁਰੂ ਨਾਨਕ ਨਿਰੰਕਾਰੀ, ਧੰਨ ਗੁਰੂ ਨਾਨਕ ਨਿਰੰਕਾਰੀ, ਧੰਨ ਗੁਰੂ ਨਾਨਕ ਨਿਰੰਕਾਰੀ, ਧੰਨ ਗੁਰੂ ਨਾਨਕ ਅਵਤਾਰੀ, ਧੰਨ ਗੁਰੂ ਨਾਨਕ ਦਸਮੇਸ਼ ਕਲਾਧਾਰੀ, ਧੰਨ, ਧੰਨ, ਧੰਨ, ਧੰਨ, ਧੰਨ।

ਸੋ ਜੁਗ ਜੁਗਾਂਤੀ ਭਗਤ ਅਵਤਾਰ ਭੀ ਹੋਏ, ਚਾਹੇ ਉਨ੍ਹਾਂ ਦਾ ਓਦੋਂ ਉਨ੍ਹਾਂ ਜੁਗਾਂ ਅੰਦਰ ਅਨਿਕ ਬਾਰ ਉਧਾਰ ਨਿਸਤਾਰਾ ਹੋਇਆ ਅਤੇ ਇਨ੍ਹਾਂ ਭਗਤ ਅਵਤਾਰਾ ਦੁਆਰਾ ਸ੍ਰੀ ਅਕਾਲ ਪੁਰਖ ਆਪਣੀ ਚਮਤਕਾਰੀ ਚੋਜ ਪਰਜੁੱਲਤ ਕਰਦੇ ਰਹੇ, ਪ੍ਰੰਤੂ ਕਿੰਚਤ ਚੋਜ ਚਮਤਕਾਰੀ ਨਿਸਤਾਰਿਆਂ ਦੀ ਨਿਰਭਰਤਾ ਉਤੇ ਹੀ ਸੰਤੁਸ਼ਟ ਨਾ ਰਹਿੰਦੇ ਹੋਏ ਪੂਰਬ ਜੁਗ ਜਨਮਾਂ ਦੇ ਭਗਤ ਜਨਾਂ ਨੇ ਅਵੱਸ਼ ਗੁਰੂ ਗ੍ਰਿਹਿ ਵਿਖੇ ਹੀ ਉਤਰ ਕੇ (ਜਨਮ ਲੈ ਕੇ) ਆਪਣੀ ਗੁਰ-ਮਤਿ ਆਦਰਸ਼ੀ ਤੱਤ ਕਲਿਆਣ ਪ੍ਰਾਪਤ ਕੀਤੀ। ਏਸੇ ਪ੍ਰਕਾਰ ਜਨਕ ਜੀ ਨੇ ਭੀ ਗੁਰਮੁਖਿ ਗੁਰਦੀਖਿਆ ਦੁਆਰਾ ਹੀ ਪਰਮ ਪਦ ਪਾਇਆ। ਵਸ਼ਿਸ਼ਟ ਜੀ ਭਾਵੇਂ ਸ੍ਰੀ ਰਾਮ ਚੰਦ੍ਰ ਜੀ ਦੇ ਸਮੇਂ ਲੋਕਾਚਾਰ ਜਗਤ-ਗੁਰੂ ਬਣੇ, ਪ੍ਰੰਤੂ ਉਨ੍ਹਾਂ ਦੀ ਕਲਿਆਣ ਜਦ ਹੋਈ, ਗੁਰਮੁਖਿ ਗੁਰਦੀਖਿਆ ਦੁਆਰਾ ਹੀ ਹੋਈ, ਜੈਸਾ ਕਿ ਗੁਰਵਾਕ ਹੈ -

***ਬਿਨੁ ਗੁਰ ਹਰਿ ਨਾਮੁ ਨ ਕਿਨੈ ਪਾਇਆ***
***ਮੇਰੇ ਭਾਈ ॥ ਅੰਗ - ੫੯੧***

ਇਸ ਲੇਖ ਵਿੱਚ ਪਿੱਛੇ ਕਿਰਤਮ ਨਾਮ ਤੇ ਗੁਰਮਤਿ ਨਾਮ ਦੇ ਫਲ ਦੇ ਸਬੰਧ ਵਿੱਚ ਇਹ ਲਿਖਿਆ ਗਿਆ ਹੈ ਕਿ ਕਿਰਤਮ ਨਾਮ ਦੇ ਜਪਣਹਾਰੇ ਗੁਰਮਤਿ ਮੁਕਤਿ ਨੂੰ ਪ੍ਰਾਪਤ ਨਹੀਂ ਹੋ ਸਕਦੇ। ਗੁਰਮਤਿ ਮੁਕਤੀ ਤੋਂ ਭਾਵ ਏਥੇ ਗੁਰਮਤਿ ਦੇ ਇਸ ਆਦਰਸ਼ ਦਾ ਹੈ -

*ਕਬੀਰ ਸੁਰਗ ਨਰਕ ਤੇ ਮੈ ਰਹਿਓ*
*ਸਤਿਗੁਰ ਕੇ ਪਰਸਾਦਿ ॥*
*ਚਰਨ ਕਮਲ ਕੀ ਮਉਜ ਮਹਿ*
*ਰਹਉ ਅੰਤਿ ਅਰੁ ਆਦਿ ॥ ਅੰਗ - ੧੩੭੦*
*ਰਾਜੁ ਨ ਚਾਹਉ ਮੁਕਤਿ ਨ ਚਾਹਉ*
*ਮਨਿ ਪ੍ਰੀਤਿ ਚਰਨ ਕਮਲਾਰੇ ॥ ਅੰਗ - ੫੩੪*

ਗੁਰਸਿੱਖਾਂ ਲਈ ਚਰਨ ਕਮਲ ਦੀ ਮੌਜ ਤੋਂ ਬਿਨਾਂ ਹੋਰ ਨਾਨਾ ਪ੍ਰਕਾਰੀ ਮੁਕਤੀਆਂ ਕੁਝ ਮੁੱਲ ਨਹੀਂ ਰਖਦੀਆਂ। ਗੁਰਸਿੱਖਾਂ ਦਾ ਮੁਖ ਮੰਤਵ ਅਕਾਲੀ ਦਰਸ਼ਨਾਂ ਦੀ ਲੀਨਤਾ ਹੈ। ਇਹੋ ਵਾਸਤਵੀ ਤੱਤ ਉਧਾਰ ਹੈ। ਇਸੇ ਕਰਕੇ ਗੁਰਵਾਕ ਹੈ -

*ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥*
*ਅੰਗ - ੧੦੭੮*

ਉਹ ਪੁੱਗ ਖਲੋਤੇ ਜਿਨ੍ਹਾਂ ਨੇ ਆਦਿ ਅੰਤ ਚਰਨ ਕਮਲ ਕੀ ਮਉਜ ਮਹਿ ਹੀ ਤੋੜ ਨਿਭਾਈ ਤੇ ਗੁਰਪੁਰੀ (ਸਚਖੰਡ) ਨਿਵਾਸ ਕੀਤਾ।

ਰਿਹਾ ਸਵਾਲ ਇਹ ਕਿ ਜੋ ਭਗਤ ਕਿਰਤਮ ਨਾਮ ਕੇਵਲ ਈਸ਼ਰ-ਸਿੱਧੀ ਲਈ ਨਿਸ਼ਕਾਮ ਹੋ ਕੇ ਜਪਦੇ ਹਨ, ਉਨ੍ਹਾਂ ਨੂੰ ਕੀ ਫਲ ਪ੍ਰਾਪਤ ਹੋਵੇਗਾ। ਇਸ ਸਬੰਧੀ ਇਤਨੀ ਟੂਕ ਦੇਣੀ ਹੀ ਕਾਫੀ ਹੈ ਕਿ ਉਹ 'ਸਤਿਨਾਮ ਗੁਰਮਤਿ' ਨਾਮ ਦੇ ਅਧਿਕਾਰੀ ਬਣ ਕੇ ਗੁਰਮਤਿ ਨਾਮ ਦੁਆਰਾ ਉਧਰਨਗੇ। ਸਤਿਨਾਮ ਸਦਾ ਸੁਖਦਾਈ ਹੈ, ਇਹ ਕਦੇ ਉਲਟ ਨਹੀਂ ਪੈ ਸਕਦਾ, ਚਾਹੇ ਮਨੋਰਥ-ਸਿੱਧੀ ਲਈ ਭੀ ਕਿਉਂ ਨਾ ਜਪਿਆ ਜਾਵੇ। ਜਿਹਾ ਕਿ ਗੁਰਵਾਕ ਹੈ -

*ਅਪਨੇ ਲੋਭ ਕਉ ਕੀਨੋ ਮੀਤੁ ॥*
*ਸਗਲ ਮਨੋਰਥ ਮੁਕਤਿ ਪਦੁ ਦੀਤੁ ॥ ਅੰਗ - ੧੯੫*

ਪ੍ਰੰਤੂ ਕਿਰਤਮ ਨਾਮਾਂ ਦੇ ਜਾਪਕ ਜੋ ਮੰਤਰਾਂ ਜੰਤਰਾਂ ਨਾਲ ਕਈ ਪ੍ਰਕਾਰ ਦੀਆ ਸਿੱਧੀਆਂ ਪ੍ਰਾਪਤ ਕਰਨ ਦਾ ਉਦਮ ਕਰਦੇ ਹਨ, ਅਕਸਰ ਉਨ੍ਹਾਂ ਨੂੰ ਕਈ ਪ੍ਰਕਾਰ ਦੇ ਕਸ਼ਟ ਸਰੀਰਕ ਤੇ ਮਾਨਸਿਕ ਬਿਆਪਦੇ ਦੇਖਦੇ ਗਏ ਹਨ।

## ੮
## ਗੁਰਮਤਿ ਨਾਮ ਪ੍ਰਥਾਇ ਸੰਕੇਤਕ ਕਿਰਤਮ ਨਾਮ

ਜਿਥੇ ਵੀ ਗੁਰੂ ਸਾਹਿਬਾਨ ਦਾ ਦ੍ਰਿੜਾਇਆ ਹੋਇਆ ਇਹ ਸੰਕੇਤਕ ਕਿਰਤਮ ਨਾਮ ਪਦਵਾ ਆਉਂਦਾ ਹੈ ਉਥੇ ਅਸਾਂ ਗੁਰਮਤਿ-ਖੋਜੀਆਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਉਹ ਸੰਕੇਤਕ ਨਾਮ ਹੀ ਅਸਲ ਗੁਰਮਤਿ ਨਾਮ ਹੈ। ਮਿਸਾਲ ਦੇ ਤੌਰ ਤੇ ਜਿਥੇ ਗੁਰੂ ਨੌਵੀਂ ਪਾਤਸ਼ਾਹੀ ਜੀ ਨੇ ਇਉਂ ਜਣਾਇਆ ਹੈ -

*ਕਹੁ ਨਾਨਕ ਇਹ ਬਿਪਤਿ ਮਹਿ*
*ਟੇਕ ਏਕ ਰਘੁਨਾਥ॥ ਅੰਗ - ੧੪੨੯*

ਸੋ ਉਥੇ 'ਰਘੁਨਾਥ' ਪਦ ਤੋਂ ਭਾਵ ਰਘੂ ਕੁਲ ਦਾ ਨਾਥ ਰਾਜਾ ਰਾਮ ਚੰਦਰ ਨਹੀਂ, ਬਲਕਿ ਗੁਰਮਤਿ ਨਾਮ ਦਾ ਇਹ ਇਕ ਸੰਕੇਤਕ ਇਸ਼ਾਰਾ ਹੈ। ਜਿਸ ਤੋਂ ਸਪਸ਼ਟ ਤੌਰ ਤੇ ਇਹੋ ਸੰਕੇਤਿਆ ਗਿਆ ਹੈ ਕਿ ਰਘੁਨਾਥ ਵਾਹਿਗੁਰੂ ਪ੍ਰੀਪੂਰਨ ਦਾ ਇਕ ਸੰਕੇਤਕ ਨਾਮ ਹੈ। ਗੁਰੂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀਉ ਰਘੂ ਕੁਲ ਦੇ ਰਾਜਾ ਰਾਮ ਚੰਦਰ ਜੀ ਦੇ ਉਪਾਸ਼ਕ ਨਹੀਨ ਸਨ। ਇਸੇ ਤਰ੍ਹਾਂ ਗੁਰਬਾਣੀ ਅੰਦਰ ਜਿੱਥੇ ਕਿਤੇ ਵੀ 'ਬੀਠੁਲ' ਨਾਮ ਦਾ ਸੰਕੇਤਕ ਪਦ ਆਉਂਦਾ ਹੈ, ਉਥੇ ਵੀ ਵਾਹਿਗੁਰੂ ਪ੍ਰੀਪੂਰਨ ਤੋਂ ਇਸ਼ਾਰਾ ਹੈ, 'ਬੀਠੁਲ' ਕੇਵਲ ਸੰਕੇਤਿਆ ਹੋਇਆ ਪਦ ਹੀ ਰਹਿ ਜਾਂਦਾ ਹੈ।

ਗੁਰੂ ਨਾਨਕ ਦਾ ਦ੍ਰਿੜ੍ਹਾਇਆ ਦਰਸਾਇਆ ਗੁਰਮਤਿ ਨਾਮ ਹੀ (ਵਾਹਿਗੁਰੂ ਹੀ) ਸਾਰੇ ਪ੍ਰਚਲਤ ਹੋਇਆ। ਅਸੀਂ ਸੁਣਿਆ ਹੈ ਕਿ ਭਾਈ ਨਿਹਾਲ ਸਿੰਘ ਸੂਰੀ ਨੇ ਇਹ ਸਿੱਧ ਕੀਤਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਹੀ ਮਿਲ ਕੇ ਸਾਰੇ ਭਗਤਾਂ ਰਾਮਾਨੰਦ ਭਗਤਾਂ ਆਦਿਕਾਂ ਨੂੰ ਗੁਰਮਤਿ ਨਾਮ ਦ੍ਰਿੜਾਇਆ। ਅਸੀਂ ਨਿਹਾਲ ਸਿੰਘ ਸੂਰੀ ਦੇ ਇਸ ਖਿਆਲ ਦੀ ਪ੍ਰੋੜ੍ਹਤਾ ਲਈ ਇਹ ਸਿੱਧ ਕਰਦੇ ਹਾਂ ਕਿ ਗੁਰੂ ਨਾਨਕ ਸਾਹਿਬ ਜਦ ਚਾਹੁੰਣ ਅਤੇ ਜਿੱਥੇ ਜਾਣਾ ਚਾਹੁੰਣ, ਆਪਣਾ ਗੁਰਮਤਿ ਨਾਮ ਦਾ ਚੱਕਰ ਫੇਰ ਸਕਦੇ ਹਨ। ਗੁਰੂ ਨਾਨਕ ਸਾਹਿਬ ਨੇ ਨੌਂ ਖੰਡ ਪ੍ਰਿਥਵੀ ਦਾ ਉਧਾਰ ਇਸੇ ਪ੍ਰਕਾਰ ਕੀਤਾ। ਜਦੋਂ ਗੁਰੂ ਨਾਨਕ ਸਾਹਿਬ ਧੁਰੋਂ ਪਤਾਲੋਂ ਬਣੀ ਹੋਈ ਕੜਾਹ ਪ੍ਰਸ਼ਾਦ ਦੀ ਦੇਗ ਮੰਗਵਾ ਸਕਦੇ ਹਨ, ਤਾਂ ਉਨ੍ਹਾਂ ਦੇ ਨਜ਼ਦੀਕ ਇਹ ਕੋਈ ਬੜੀ ਗੱਲ ਨਹੀਂ ਕਿ ਉਹ ਗੁਰਮਤਿ ਨਾਮ ਦਾ ਚੱਕਰ ਸਾਰਿਆਂ ਤਬਕਿਆਂ ਅੰਦਰ ਫਿਰਾ ਸਕਣ। ਇਸ ਗੱਲ ਵਿੱਚ ਰੰਚਕ ਸੰਦੇਹ ਨਹੀਂ, ਜੈਸੇ ਕਿ ਭਾਈ ਗੁਰਦਾਸ ਜੀ ਨੇ ਲਿਖਿਆ ਹੈ ਕਿ ਗੁਰੂ ਸਾਹਿਬ ਦੇ ਆਗਮਨ ਤੋਂ ਪਹਿਲਾਂ ਗੁਰੂ ਰੂਪੀ ਸਾਧ ਕੋਈ ਨਹੀਂ ਸੀ, ਪਹਿਲੇ ਗੁਰੂ ਰੂਪੀ ਸਾਧ ਦੁਨੀਆਂ ਨੂੰ ਥੰਮ੍ਹਣਹਾਰੇ ਹੋਏ ਤਾਂ ਕੇਵਲ ਗੁਰੂ ਨਾਨਕ ਸਾਹਿਬ ਹੀ ਹੋਏ। ਅੱਜਕਲ੍ਹ ਦੇ ਸਭ ਬਣਾਉਟੀ ਸਾਧ ਬਣੇ ਬੈਠੇ ਹਨ, ਨਾ ਉਹ ਪ੍ਰਿਥਵੀ ਨੂੰ ਥੰਮ ਸਕਦੇ ਹਨ ਨਾ ਉਹ ਸੱਚੇ ਸਾਧ ਕਹਾ ਸਕਦੇ ਹਨ। ਗੁਰੂ ਨਾਨਕ ਸਾਜਿਬ ਨੇ ਹੀ 'ਸਤਿਨਾਮ' (ਸੱਚੇ ਨਾਮ' ਦਾ ਸੱਚਾ ਚੱਕਰ ਸਾਰੇ ਚਲਾਇਆ ਅਤੇ ਚਲਾ ਕੇ ਅਨੇਕਾਂ ਜੰਤਾਂ ਨੂੰ ਤਾਰਿਆ। ਅਨੇਕਾਂ ਜਨਮਾਂ ਜੂਨੀਆਂ ਅੰਦਰ ਹੀ ਇਨ੍ਹਾਂ ਜੀਆਂ ਜੰਤਾਂ ਨੂੰ ਗੁਰੂ ਨਾਨਕ ਸਾਹਿਬ ਤਾਰਦੇ ਰਹੇ। ਸੂਰਜ ਪ੍ਰਕਾਸ਼ ਦੇ ਇਤਿਹਾਸਕਾਰ ਭਾਈ ਸੰਤੋਖ ਸਿੰਘ ਜੀ ਦਾ ਆਪਣੀ ਕਵਿਤਾ ਅੰਦਰ ਜਣਾਇਆ ਇਹ ਖਿਆਲ ਬਿਲਕੁਲ ਦਰੁਸਤ ਭਾਸਦਾ ਹੈ ਕਿ 'ਤਾਰੇ ਗਨੇ ਜਾਤ, ਤੇਰੇ ਤਾਰੇ ਨਾ ਗਨੀਅਤ ਹੈ।' ਤੇਰੇ ਦਾ ਭਾਵ ਉਥੇ ਗੁਰੂ ਸਾਹਿਬ ਵੱਲ ਹੈ। ਗੁਰੂ ਨਾਨਕ ਸਾਹਿਬ ਹੀ ਨਾਮ ਦਾ ਸੱਚਾ ਛਿੱਟਾ ਖੰਡਾਂ ਬ੍ਰਹਿਮੰਡਾਂ ਵਿਖੇ ਦੇਣ ਵਾਲੇ ਹੋਏ ਹਨ। 'ਸਤਿਨਾਮ' ਦਾ ਪਦ ਇੱਕ ਵਿਸ਼ੇਸ਼ਣ ਰੂਪ ਪਦ ਹੈ, ਨਾ ਕਿ ਖੁਦ ਵਾਹਿਗੁਰੂ ਨਾਮ ਤੋਂ ਭਾਵ ਹੈ। ਤਾਂ ਤੇ ਜਿਥੇ ਵੀ ਇਤਿਹਾਸ ਅੰਦਰ ਇਹ ਆਉਂਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਸਤਿਨਾਮ ਦਾ ਚੱਕਰ ਚਲਾਇਆ, ਉਥੇ ਸਪਸ਼ਟ ਭਾਵ ਇਹ ਹੀ ਹੈ ਕਿ ਵਾਹਿਗੁਰੂ ਨਾਮ ਦਾ ਚੱਕਰ ਫਿਰਾਇਆ ਅਤੇ ਖੰਡਾ ਖੜਕਾਇਆ।

☬☬☬☬☬

# ਸਿਹਤ ਰੱਖਿਆ ਗਿਆਨ

***ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ) ਆਯੁਰਵੇਦ ਭੀਸ਼ਗ ਆਚਾਰੀਯ।***
***ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ ਆਯੁਰਵੇਦ ਸੇਵਾ ਸੰਸਥਾ, ਧੂਰੀ।***
***ਮੋਬਾਈਲ ਨੰ. 98156-07803***

## ਸਵਾਈਨ ਫਲੂ (ਆਯੁਰਵੇਦ ਦੇ ਝਰੋਖੇ ਤੋਂ)

ਇਹ ਸੰਕਰਾਮਕ (ਛੂਤ) ਰੋਗ ਹੈ। ਜੋ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਤਕ ਜਲਦੀ ਫੈਲਦਾ ਹੈ। ਇਸ ਦਾ ਕਾਰਨ ਵਾਤਾਵਰਣ 'ਚ ਪ੍ਰਦੂਸ਼ਣ ਦਾ ਫੈਲਣਾ ਹੈ। ਆਯੁਰਵੇਦ ਅਨੁਸਾਰ ਇਸ ਦੇ ਲੱਛਣ ਪ੍ਰਤੀਸਇ ਨਾਲ ਮਿਲਦੇ ਹਨ। ਇਹ ਬੀਮਾਰੀ ਕਿਸੇ ਵੀ ਸਮੇਂ ਪੈਦਾ ਹੋ ਜਾਂਦੀ ਹੈ। ਜੇ ਇਸ ਰੋਗ ਵਲ ਛੇਤੀ ਧਿਆਨ ਨਾ ਦਿੱਤਾ ਜਾਵੇ ਤਾਂ ਇਸ ਨਾਲ ਹੋਰ ਵੀ ਰੋਗ ਜਨਮ ਲੈਂਦੇ ਹਨ ਜਿਵੇਂ ਕਿ ਫੇਫੜਿਆਂ ਦੇ ਰੋਗ, ਖਾਂਸੀ, ਜੁਕਾਮ ਨਜ਼ਲਾ, ਗਲੇ ਦੇ ਰੋਗ, ਨੱਕ ਦੇ ਰੋਗ, ਖਈ (ਟੀ.ਬੀ) ਸਾਹ, ਦਮਾ, ਛਿੱਕਾਂ ਦਾ ਆਉਣਾ, ਅੱਖਾਂ 'ਚੋਂ ਪਾਣੀ ਆਉਣਾ, ਹੱਡ ਪੈਰ ਦੁਖਣੇ ਆਦਿ। ਜੇ ਇਹ ਦੱਸੇ ਲੱਛਣ ਹੋਣ ਤਾਂ ਜ਼ਿਆਦਾ ਆਰਾਮ ਕਰਨਾ ਚਾਹੀਦਾ ਹੈ। ਪੇਟ ਦੀ ਸਫਾਈ ਰੱਖਣੀ ਚਾਹੀਦੀ (ਕਬਜ਼ ਨਹੀਂ ਹੋਣੀ ਚਾਹੀਦੀ) ਪਾਣੀ ਉਬਾਲ ਕੇ ਪੀਣਾ ਚਾਹੀਦਾ ਹੈ।

ਇਸ ਦੀ ਰੋਕਥਾਮ ਲਈ ਕੁਝ ਘਰੇਲੂ ਇਲਾਜ -

੧. ਦੁੱਧ ਜਾਂ ਚਾਹ ਪੀਣ ਵੇਲੇ ਇੱਕ ਚੁੱਟਕੀ ਕਾਲੀ ਮਿਰਚ ਦਾ ਪਾਊਡਰ ਪਾ ਕੇ ਪੀਓ

੨. ਦਾਲਚੀਨੀ ਦਾ ਪਾਊਡਰ ਅੱਧਾ ਗ੍ਰਾਮ ਦਿਨ ਵਿੱਚ ਦੋ ਤਿੰਨ ਵਾਰ ਸ਼ਹਿਦ ਨਾਲ ਸੇਵਨ ਕਰੋ।

੩. ਹਰੀ ਪੱਤੀ ਦੀ ਚਾਹ, ਲੌਂਗ, ਸੁੰਢ, ਕਾਲੀ ਮਿਰਚ, ਤੇਜ ਪੱਤਰ, ਤੁਲਸੀ ਦੇ ਪੱਤੇ ਇਨ੍ਹਾਂ ਸਭ ਨੂੰ ਬਰਾਬਰ ਮਾਤਰਾ ਵਿੱਚ ਲੈ ਕੇ ਕੁੱਟ ਕੇ ਰੱਖੋ। ਇਸ ਦੀ ਚਾਹ ਬਣਾ ਕੇ ਪੀਓ।

੪. ਬਨਕਸ਼ਾ, ਮੁਲੱਠੀ, ਕਾਲੀ ਮਿਰਚ, ਗੁੱਲ ਗਾਜਵਾ, ਤੁਲਸੀ ਦੇ ਪੱਤੇ, ਉਨਾਭ, ਮੁਨੱਕਾ, ਇਨ੍ਹਾਂ ਸਭ ਨੂੰ ਬਰਾਬਰ ਮਾਤਰਾ ਵਿੱਚ ਕੁੱਟ ਕੇ ਰੱਖੋ। ਇਸ ਵਿਚੋਂ ਦੋ ਤੋਲੇ ਲੈ ਕੇ ਪਾਈਆਂ ਪਾਣੀ ਵਿੱਚ ਉਬਾਲੋ। ਪਾਣੀ ਛਟਾਂਕ ਰਹਿਣ ਤੇ ਕੋਸਾ-ਕੋਸਾ ਪੁਣ ਕੇ ਪੀਓ। ਇਹ ਕਾੜਾ ਸਵਾਈਨ ਫਲੂ ਲਈ ਅਤੇ ਇਸ ਤੋਂ ਬਚਾਅ ਲਈ ਬਹੁਤ ਲਾਭਕਾਰੀ ਹੈ।

੫. ਹਲਦੀ ਦਾ ਪਾਊਡਰ ਇੱਕ ਚਮਚ ਦਿਨ ਵਿੱਚ ਦੋ ਵਾਰ ਦੁੱਧ ਵਿੱਚ ਉਬਾਲ ਕੇ ਪੀਓ।

੬. ਜੰਗ ਹਰੜ ਇੱਕ ਨਗ, ਦੇਸੀ ਜਵਾਇਣ ੧੦ ਗ੍ਰਾਮ, ਗਿਲੋ ੧੦ ਗ੍ਰਾਮ, ਪੁਦੀਨੇ ਦੇ ਪੱਤੇ ੧੦ ਨਗ, ਤੁਲਸੀ ਦੇ ਪੱਤੇ ੧੫ ਨਗ, ਕਾਲੀ ਮਿਰਚ ੧੫ ਨਗ, ਪਤਾਸੇ ੭, ਇਨ੍ਹਾਂ ਸਾਰਿਆਂ ਨੂੰ ਪਾਣੀ ਪਾ ਕੇ ਦੀ ਸਰਦਾਈ ਤਰ੍ਹਾਂ ਰਗੜੋ ਅਤੇ ਸਵੇਰ ਵੇਲੇ ਪੁਣ ਕੇ ਪੀਓ। ਇਹ ਇੱਕ ਖੁਰਾਕ ਹੈ ਇਸੇ ਤਰ੍ਹਾਂ ਤਿੰਨ ਦਿਨ ਕਰੋ। ਇਸ ਦੇ ਪੀਣ ਨਾਲ ਸਵਾਈਨ ਫਲੂ, ਜੁਕਾਮ ਨਜਲਾ, ਮਲੇਰੀਆ ਆਦਿ ਤੋਂ ਬਚਾਅ ਰਹੇਗਾ।

੭. ਦਿਨ ਵਿੱਚ ਦੋ ਤਿੰਨ ਵਾਰ ਭੁੱਜੇ ਛੋਲੇ ਖਾਣੇ ਬਹੁਤ ਲਾਭਕਾਰੀ ਹਨ। ਭੋਜਨ ਚੰਗੀ ਭੁੱਖ ਲੱਗੀ ਤੋਂ ਹੀ ਖਾਵੋ। ਹਰ ਘਰ ਇਹ ਘਰੇਲੂ ਇਲਾਜ ਲਈ ਚਾਰ ਪੌਦੇ ਹੋਣੇ ਜ਼ਰੂਰੀ ਹਨ। ਜਿਵੇਂ ਕਿ ਤੁਲਸੀ, ਗਿਲੋ, ਪੁਦੀਨਾ ਅਤੇ ਗੁਲਾਬ।

### ਘਰ ਪਈਆਂ ਚੀਜ਼ਾਂ ਨਾਲ ਘਰੇਲੂ ਇਲਾਜ

੧. ਮਿਰਗੀ - ਰਾਈ ਬਰੀਕ ਪੀਸ ਕੇ ਸ਼ੀਸੀ ਵਿੱਚ ਪਾ ਰੱਖੋ। ਲੋੜ ਪੈਣ ਤੇ ਸੁੰਘਾਓ। ਤੁਰੰਤ ਹੋਸ਼ ਆ ਜਾਵੇਗੀ।

੨. ਸਰਦੀ ਦਾ ਜੁਕਾਮ - ਸੇਧਾ ਨਮਕ ੧੦ ਗ੍ਰਾਮ, ਕਾਲੀ ਮਿਰਚ ੫ ਗ੍ਰਾਮ, ਦੇਸੀ ਖੰਡ, ੫੦ ਗ੍ਰਾਮ, ਤਿੰਨਾਂ ਨੂੰ ਬਰੀਕ ਪੀਸ ਕੇ ਮਿਲਾ ਕੇ ਰੱਖੋ। ਸਵੇਰੇ ਸ਼ਾਮ ੨-੩ ਗ੍ਰਾਮ ਦੁੱਧ ਨਾਲ ਲੈਣ ਨਾਲ ਜੁਕਾਮ, ਨਜਲਾ ਠੀਕ ਹੋ ਜਾਵੇਗਾ।

੩. ਅੱਖਾਂ ਦੀ ਕਮਜ਼ੋਰੀ - ਹਲਦੀ ਬਰੀਕ ਪੀਸ ਕੇ ਕੱਪੜ ਛਾਣ ਕਰਕੇ ਰੱਖੇ ਰਾਤ ਨੂੰ ਸੌਣ ਵਕਤ ਸਿਲਾਈਆਂ ਪਾਉਣ ਨਾਲ ਨਿਗ੍ਹਾ ਦੀ ਕਮਜ਼ੋਰੀ ਦੂਰ ਹੋ ਜਾਂਦੀ ਹੈ।

੪. ਅੰਧਰਾਤਾ - ਰਾਤ ਨੂੰ ਨਾ ਦਿਖਣਾ ਸਫੈਦ ਖੰਡ ਦਾ ਪਤਾਸਾ ਲੈ ਕੇ ਖੂਬ ਪੀਸੇ ਰਾਤ ਨੂੰ ਸਲਾਈ ਨਾਲ ਅੱਖਾਂ ਵਿੱਚ ਪਾਉਣ ਨਾਲ ਅੰਧਰਾਤਾ ਠੀਕ ਹੋ ਜਾਂਦਾ ਹੈ।

੫. ਅੱਖ ਦੇ ਜ਼ਖਮ - ਹਲਦੀ ਦੀ ਗੱਠੀ ਪੱਥਰ ਤੇ ਪਾਣੀ ਨਾਲ ਘਸਾ ਕੇ ਲੇਪ ਕਰਨ ਨਾਲ ਅੱਖ ਦਾ ਜ਼ਖਮ ਠੀਕ ਹੋ ਜਾਂਦਾ ਹੈ।

੬. ਮੋਤੀਆਂ ਬਿੰਦ - ਪਿਆਜ ਦਾ ਰਸ ਤੇ ਸ਼ਹਿਦ ਮਿਲਾ ਕੇ ਕੁਝ ਦਿਨ ਅੱਖ ਵਿੱਚ ਆਓ ਮੋਤੀਆ ਠੀਕ ਹੋ ਜਾਂਦਾ ਹੈ।

੭. ਕੰਨ ਦਾ ਦਰਦ - ਤਿਲਾਂ ਦਾ ਤੇਲ ੩੦ ਗ੍ਰਾਮ ਲਾਲ ਮਿਰਚ ੧ ਪਾ ਕੇ ਅੱਗ ਤੇ ਪਕਾਉ ਜਦੋਂ ਮਿਰਚ ਪੱਕ ਕੇ ਕਾਲੀ ਹੋ ਜਾਵੇ ਤਾਂ ਪੁਣ ਕੇ ਸੀਸੀ ਵਿੱਚ ਪਾ ਕੇ ਰੱਖੋ ਇਹ ਤੇਲ ਕੰਨ ਵਿੱਚ ਦੋ-ਦੋ ਬੂੰਦਾਂ ਪਾਓ ਕੰਨ ਦਾ ਦਰਦ ਠੀਕ ਹੋ ਜਾਂਦਾ ਹੈ।

੮. ਮੂੰਹ ਪੱਕੇ ਤੋਂ - ਮਿਸਰੀ ਬਰੀਕ ਪੀਸ ਕੇ ਇਕ ਗ੍ਰਾਮ ਮੁਸਕਕਪੂਰ ਪਾ ਕੇ ਮਿਲਾਓ ਤਾਂ ਮੂੰਹ ਪੱਕੇ ਤੇ ਲਾਉਣ ਨਾਲ ਮੂੰਹ ਦੇ ਛਾਲੇ ਠੀਕ ਹੋ ਜਾਂਦੇ ਹਨ।

੯ ਪੇਟ ਵਿੱਚ ਗੈਸ ਭਰਨੀ - ਹਲਦੀ ੧ ਗ੍ਰਾਮ, ਸੇਧਾਂ ਲੂਣ ੧ ਗ੍ਰਾਮ ਦੋਨਾਂ ਨੂੰ ਪੀਸ ਕੇ ਪਾਣੀ ਨਾਲ ੧-੨ ਵਾਰੀ ਲਵੋ ਗੈਸ ਭਰਨੀ ਠੀਕ ਹੋ ਜਾਵੇਗੀ।

੧੦. ਪੇਟ ਦੇ ਕੀੜੇ - ਲੂਣ ਪੀਸਿਆ ਹੋਇਆ ਤਿੰਨ ਗ੍ਰਾਮ ਗਊ ਦੇ ਦੁੱਧ ਦੀ ਲੱਸੀ ਵਿੱਚ ਪਾ ਕੇ ਪੀਣ ਨਾਲ ਫਾਇਦਾ ਹੁੰਦਾ ਹੈ।

੧੧. ਬੁਖਾਰ - ਕਾਲੀ ਮਿਰਚ ੨੫ ਗ੍ਰਾਮ ਪੀਸ ਕੇ ਕੱਪੜ ਛਾਣ ਕਰ ਲਵੋ। ਫਿਰ ਤੁਲਸੀ ਦਾ ਤਾਜ਼ਾ ਰਸ ਪਾ ਕੇ ੬੪ ਘੰਟੇ ਘੁਟਾਲੀ ਕਰੋ ਫਿਰ ਕਾਲੀ ਮਿਰਚ ਜਿੰਨੀ ਗੋਲੀਆਂ ਬਣਾ ਕੇ ਸੁਕਾਉ। ਗੋਲੀ ਤੇ ਤਿੰਨ ਗੋਲੀਆਂ ਤੱਕ ਉਮਰ ਅਨੁਸਾਰ ਸ਼ਹਿਦ ਮਿਲਾ ਕੇ ਦਿਨ ਵਿੱਚ ਤਿੰਨ ਵਾਰੀ ਲਵੋ। ਛੋਟੇ ਬੱਚਿਆਂ ਨੂੰ ਚੌਥਾ ਹਿੱਸਾ ਜਾਂ ਅੱਧੀ ਗੋਲੀ ਦੇਵੋ ਹਰ ਪ੍ਰਕਾਰ ਦੇ ਬੁਖਾਰ ਨੂੰ ਦੂਰ ਕਰਦੀ ਹੈ।

੧੨. ਬਿੱਛੂ ਦੇ ਕੱਟੇ ਤੋਂ - ਲਾਲ ਮਿਰਚ ਪਾਣੀ ਨਾਲ ਪੀਸ ਕੇ ਬਿੱਛੂ ਦੇ ਕੱਟੇ ਤੇ ਲਾਵੇ ਜਾਂ ਸੇਧਾ ਨਮਕ ਪਾਣੀ ਵਿੱਚ ਘੋਲ ਕੇ ਬਿੱਛੂ ਦੇ ਲੜੇ ਹੋਏ ਦੀ ਅੱਖ ਵਿੱਚ ਦੋ-ਦੋ ਬੂੰਦਾਂ ਪਾਵੇ ਤਾਂ ਵੀ ਦਰਦ ਠੀਕ ਹੋ ਜਾਂਦਾ ਹੈ।

# ਆਤਮ ਮਾਰਗ

***ਮੇਜਰ ਸੋਹਨ ਸਿੰਘ***
***ਧੁਲੀਆ (ਮਹਾਂਰਾਸ਼ਟਰ)***

ਐਸਾ ਮਾਰਗ ਜਿਹੜਾ ਸਾਨੂੰ ਆਤਮ (ਆਪਣੇ ਆਪ) ਸਏਲਡ ਤਕ ਲੈ ਜਾਵੇ ਅਤੇ ਅਸੀਂ ਪਰਮ ਸੱਚ ਜੋ ਆਤਮ ਤੋਂ ਅੱਗੇ ਹੈ, ਉਸ ਦੇ ਦਰਸ਼ਨ ਕਰ ਸਕੀਏ, ਆਤਮ-ਮਾਰਗ ਕਹਿਲਾਉਂਦਾ ਹੈ। ਕਨੋ -ਟਹੇਸਏਲਡ -

***ਜਨ ਨਾਨਕ ਬਿਨੁ ਆਪਾ ਚੀਨੈ***
***ਮਿਟੈ ਨ ਭ੍ਰਮ ਕੀ ਕਾਈ ॥ ਅੰਗ - ੬੮੪***

ਸਾਰੇ ਆਪੇ ਦੀ ਛਾਨਬੀਨ ਕਰਕੇ ਹੀ ਅਸੀਂ ਭਰਮ ਤੋਂ ਬਾਹਰ ਨਿਕਲ ਕੇ ਪਰਮ-ਸੱਚ ਜਾਂ ਪ੍ਰਮਾਤਮਾ ਜਾਂ ਪ੍ਰਭੂ, ਜੋ ਵੀ ਨਾਮ ਦੇਣਾ ਹੈ, ਉਸ ਤਕ ਪਹੁੰਚ ਸਕਦੇ ਹਾਂ। ਇਹ ਸ੍ਰਿਸ਼ਟੀ ਪ੍ਰਮਾਤਮਾ ਨੇ ਚਲਾਉਣ ਵਾਸਤੇ ਇੱਕ ਮਾਇਆ ਅਤੇ ਦੂਸਰਾ ਕੁਦਰਤ (ਸ਼ਿਵ-ਸ਼ਕਤੀ) ਪੈਦਾ ਕਰ ਦਿੱਤੀ ਹੈ ਐਤ ਬਣੇ-ਬਣਾਏ ਹੁਕਮ ਵਿੱਚ 'ਮਾਇਆ' ਅਤੇ 'ਕੁਦਰਤ' ਨੂੰ ਚਲਾ ਦਿੱਤਾ ਹੈ। 'ਹੁਕਮ' ਪ੍ਰਮਾਤਮਾ ਦਾ ਅਟੱਲ-ਨਿਯਮ ਹੈ। ਇਹ ਹਰ ਇੱਕ ਉਪਰ ਬਰਾਬਰ ਲਾਗੂ ਹੁੰਦਾ ਹੈ। ਇਸ ਵਿੱਚ ਬੱਝਾ ਹੋਇਆ ਜੀਵ ਜਨਮਾਂ-ਜਨਮਾਂ ਤੋਂ ਚੱਕਰ ਕੱਟ ਰਿਹਾ ਹੈ। ਜਿਵੇਂ ਕਿ - ਕੋਹਲੂ ਦਾ ਬੈਲ, ਖੋਪੇ ਲੱਗੇ ਹੋਣ ਅਤੇਰ ਇੱਕੋ ਚੱਕਰ ਵਿੱਚ ਲਗਾਤਾਰ ਘੁੰਮੀ ਜਾ ਰਿਹਾ ਹੈ।

ਮਨੁੱਖ-ਜੂਨੀ ਭੋਗ-ਜੂਨੀ ਅਤੇ ਕਰਮ-ਜੂਨੀ ਹੈ। ਬਾਕੀ ਸਾਰੀਆਂ ਜੂਨਾਂ ਮਨੁੱਖ ਤੋਂ ਹੇਠਾਂ ਵਾਲੀਆਂ ਜਿਵੇਂ ਭੂਤ-ਪ੍ਰੇਤ; ਕੀੜੇ-ਮਕੌੜੇ; ਪੰਛੀ ਅਤੇ ਜਾਨਵਰ ਚਾਰ ਹੇਠਾਂ ਦੀਆਂ ਜੂਨੀਆਂ ਹਨ। ਇਹ ਭੋਗ-ਜੂਨੀਆਂ ਹਨ। ਜੀਵ ਤੋਂ ਉਪਰ ਗੰਧਰਬ-ਲੋਕ ਤੋਂ ਲੈ ਕੇ ਬ੍ਰਹਮ-ਲੋਕ, ਅਰੂਪ-ਬ੍ਰਹਮ-ਲੋਕ ਤਕ ਦੀਆਂ ੨੬ ਜੂਨਾਂ ਵੀ ਭੋਗ ਜੂਨੀਆਂ ਹਨ। ਪਰਮ ਸੱਚ ਵਿੱਚ ਸਮਾਉਣ ਵਾਸਤੇ ਮਨੁੱਖ-ਜੂਨੀ ਵਿੱਚ ਆਉਣਾ ਹੀ ਪੈਂਦਾ ਹੈ। ਇਸ ਜੂਨੀ ਵਿੱਚ ਪਿਛਲੇ ਜਨਮਾਂ ਦੇ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ ਅਤੇ ਅੱਗੇ ਵਾਸਤੇ ਐਸੇ ਕਰਮ ਕਰਨੇ ਪੈਂਦੇ ਹਨ, ਜਿਸ ਦੇ ਫਲ ਵਜੋਂ ਅਸੀਂ (ਜੀਵ) ਪਰਮ-ਸੱਤ ਵਿੱਚ ਸਮਾਂ ਜਾਈਏ। ਗੁਰਬਾਣੀ ਵੀ ਸਾਨੂੰ ਸੇਧ ਦਿੰਦੀ ਹੈ -

***ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ***
***ਸਾਰ ਨ ਜਾਣਾ ਤੇਰੀ ॥***
***ਸਭ ਤੇ ਵਡਾ ਸਤਿਗੁਰੁ ਨਾਨਕੁ***
***ਜਿਨਿ ਕਲ ਰਾਖੀ ਮੇਰੀ ॥ ਅੰਗ - ੭੫੦***

ਜਿਵੇਂ ਇੱਕ tepoy ਦੇ ਤਿੰਨ ਪੈਰ ਹਨ, ਇਸੇ ਤਰ੍ਹਾਂ ਗਿਆਨ, ਧਿਆਨ ਅਤੇ ਕਰਮ ਮਾਨਵ ਜੀਵਨ ਦੇ ਅੰਗ ਹਨ। ਇਸੇ ਤਰ੍ਹਾਂ ਗਿਆ, ਧਿਆਨ ਅਤੇ ਕਰਮ ਮਾਨਵ ਜੀਵਨ ਦੇ ਅੰਗ ਹਨ। ਇਨ੍ਹਾਂ ਵਿਚੋਂ ਇੱਕ ਵੀ ਕਮਜ਼ੋਰ ਹੋਵੇ ਤਾਂ ਗੱਲ ਬਣਦੀ ਨਹੀਂ। ਗਿਆਨ ਤੋਂ ਬਿਨਾਂ ਧਿਆਨ ਨਹੀਂ, ਧਿਆਨ ਤੋਂ ਬਿਨਾਂ ਗਿਆਨ ਨਹੀਂ - ਇਹ ਦੋਵੇਂ ਇੱਕ ਸਿੱਕੇ ਦੇ ਦੋ ਪਹਿਲੂ ਹਨ। ਕਰਮ ਨੂੰ ਸਮਝਣ ਵਾਸਤੇ ਗਿਆਨ ਦੀ ਲੋੜ ਹੈ ਅਤੇ ਗਿਆਨ ਸਾਨੂੰ ਸਤਿਗੁਰੂ ਪਾਸੋਂ ਮਿਲਦਾ ਹੈ। ਗਿਆਨ ਨੂੰ ਸਮਝਣ ਵਾਸਤੇ ਧਿਆਨ ਲਾਉਣਾ ਪੈਂਦਾ ਹੈ।

ਇਸੇ ਕਰਕੇ ਬਾਬਾ ਜੀ ਨੇ 'ਆਤਮ-ਮਾਰਗ' ਰਸਾਲਾ ਹਰ ਜੀਵ ਦੇ ਭਲੇ ਵਾਸਤੇ ਅੱਜ ਤੋਂ ੧੫ ਸਾਲ ਪਹਿਲਾਂ ਆਰੰਭ ਕੀਤਾ। ਇਸ ਨੂੰ ਜੋ ਪੜ੍ਹਦੇ ਹਨ, ਸਮਝਦੇ ਹਨ ਅਤੇ ਬਾਬਾ ਜੀ ਦੇ ਗੁਰਬਾਣੀ ਵਿੱਚੋਂ ਦੱਸੇ ਹੋਏ ਉਪਦੇਸ਼ਾਂ ਤੇ ਚਲਦੇ ਹਨ; ਓਹੀ ਜਾਣਦੇ ਹਨ ਕਿ ਇਸ ਵਿੱਚੋਂ ਕੀ ਮਿਲਦਾ ਹੈ। ਗੂੰਗੇ ਦੀ ਮਿਠਾਈ ਹੈ, ਇਸ ਦਾ ਸ਼ਬਦਾਂ ਵਿੱਚ ਵਰਨਣ ਨਹੀਂ ਕੀਤਾ ਜਾ ਸਕਦਾ। ਇਹ ਤਾਂ ਖਾ ਕੇ ਹੀ ਸਵਾਦ ਲਿਆ ਜਾ ਸਕਦਾ ਹੈ -

***ਪੀਪਾ ਬਾਤ ਅਗੰਮ ਕੀ ਕਹਿਣ ਸੁਨਣ ਮੇਂ ਨਾਹੇਂ।***
***ਜੋ ਜਾਣੇ ਸੋ ਕਹੇ ਨਾ। ਕਹੇ ਸੋ ਜਾਣੇ ਨਾਹੀ।***

ਜੋ ਜਾਗ ਗਿਆ, ਉਹ ਦੱਸ ਨਹੀਂ ਸਕਦਾ ਅਤੇ ਜੋ ਦਸਦਾ ਫਿਰਦਾ ਹੈ, ਉਸ ਨੇ ਜਾਣਿਆ ਨਹੀਂ। ਕੇਵਲ ਸੁਣਿਆ, ਮੰਨਿਆ ਅਤੇ ਕਲਪਨਾ ਹੀ ਦਸ ਰਿਹਾ ਹੈ, ਜੋ ਕਿ ਬੁੱਧੀ ਤੱਕ ਦਾ ਮੰਡਲ ਹੈ ਅਤੇ ਬੁੱਧੀ ਦੀ ਵੀ ਕੁਛ ਸੀਮਾਂ ਹੁੰਦੀ ਹੈ। ਆਤਮ-ਮਾਰਗ ਇਕ ਅਨੁਭਵ ਦਾ ਮੰਡਲ ਹੈ ਜੋ ਜੀਵ ਇਸ ਤੇ ਚਲ ਕੇ ਜੀਵਨ-ਮੁਕਤ ਹੋ ਜਾਂਦਾ ਹੈ, ਉਹ ਜੀਵਾਂ ਦੇ ਭਲੇ ਲਈ, ਇਸ ਦਾ ਸ਼ਬਦਾਂ ਵਿੱਚ ਵਰਨਣ ਕਰਦਾ ਹੈ ਅਤੇ ਸਾਫ-ਸਾਫ ਦਸਦਾ ਹੈ, ਮੈਂ ਇਸ ਮਾਰਗ ਤੇ ਚੱਲਿਆ ਹਾਂ ਅਤੇ ਤੁਸੀਂ ਵੀ ਚੱਲ ਕੇ ਦੇਖੋ। ਚਲਦੇ ਹੋਏ ਦੇ ਰਾਹ ਵਿੱਚ ਜੋ ਵੀ ਸਟੇਸ਼ਨ ਆਉਂਦੇ ਹਨ, ਉਨ੍ਹਾਂ ਬਾਰੇ ਵੀ ਬਿਆਨ ਕਰਦਾ ਹੈ। ਉਸਦਾ ਆਪਣਾ ਜੀਵਨ ਹੀ ਦਸਦਾ ਹੈ ਕਿ ਉਸ ਨੇ ਗੁਰਬਾਣੀ ਨੂੰ ਜੀਵਨ ਵਿੱਚ ਅਸਲੀ ਰੂਪ ਦਿੱਤਾ ਹੈ।

ਮਾਨਵ-ਜੂਨੀ ਬੜੀ ਦੁਰਲੱਭ ਹੈ, ਜਿਸਨੂੰ ਦੇਵਤੇ ਵੀ ਤਰਸਦੇ ਹਨ। ਇਹੋ ਹੀ ਇੱਕ ਜੂਨੀ ਹੈ, ਜਿਸ ਵਿੱਚ ਜੀਉਂਦੇ-ਜੀਅ ਮੁਕਤੀ, ਜੀਵਨ-ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸਾਨੂੰ ਮਾਨਵ-ਜੂਨੀ ਵੀ ਮਿਲ ਗਈ। ਆਤਮ ਮਾਰਗ ਦਸਣ ਵਾਲੇ ਸੰਤ-ਸਤਿਗੁਰੂ ਵੀ ਮਿਲ ਗਏ; ਸ਼ਰਧਾ ਵੀ ਜਾਗ ਪਈ। ਹਜ਼ਾਰਾਂ-ਲੱਖਾਂ ਲੋਗ ਬਾਬਾ ਜੀ ਦੇ ਸ਼ਰਧਾਲੂ ਬਣ ਗਏ। ਉਨ੍ਹਾਂ ਵਿੱਚੋਂ ਹਜ਼ਾਰਾਂ ਲੋਕ ਇਸ ਮਾਰਗ ਤੇ ਤੁਰੇ ਜਾ ਰਹੇ ਹਨ। ਜਿਵੇਂ ਕਿ ਦਸ-ਹਜ਼ਾਰ ਮੀਲ ਦਾ ਸਫਰ ਪਹਿਲੇ ਕਦਮ ਤੋਂ ਹੀ ਸ਼ੁਰੂ ਹੁੰਦਾ ਹੈ। ਜਿੰਨੇ ਕਦਮ ਪੁਟਾਂਗੇ, ਉਨ੍ਹਾਂ ਹੀ ਟੀਚੇ ਦੇ ਨੇੜੇ ਪਹੁੰਚ ਜਾਵਾਂਗੇ। ਤੁਰਨਾ ਆਪ ਹੀ ਹੈ। ਠੀਕ ਦਿਸ਼ਾ ਵਿੱਚ ਤੁਰਨਾ ਹੈ ਅਤੇ ਠੀਕ ਢੰਗ ਨਾਲ ਤੁਰਨਾ ਹੈ। ਸਮਾਂ ਆਉਣ ਤੇ ਮੰਜ਼ਿਲ ਤੱਕ ਪਹੁੰਚ ਹੀ ਜਾਵਾਂਗੇ। ਭਵਜਲ ਨੂੰ ਤਰਨਾ ਆਪ ਹੀ ਹੈ। ਸੰਤ ਮਾਰਗ ਦਸਦਾ ਹੈ ਅਤੇ ਥੋੜ੍ਹਾ-ਬਹੁਤ ਨਾਲ ਵੀ ਤੁਰ ਕੇ ਮਾਰਗ ਸਮਝਾਉਣਾ ਰਹਿੰਦਾ ਹੈ।

***ਧੁਰ ਕੀ ਬਾਣੀ ਆਈ ॥***
***ਤਿਨਿ ਸਗਲੀ ਚਿੰਤ ਮਿਟਾਈ ॥ ਅੰਗ - ੬੨੮***

ਕਦਮ-ਕਦਮ ਚਲਦਿਆਂ ਚਿੰਤਾ ਮਿਟਣੀ ਸ਼ੁਰੂ ਹੋ ਜਾਂਦੀ ਹੈ ਐਤ ਮਨ ਵਿੱਚ ਵਿਸ਼ਵਾਸ਼ ਵੱਜਣਾ ਸ਼ੁਰੂ ਹੋ ਜਾਂਦਾ ਹੈ। ਨਾਲੋ-ਨਾਲ ਫਲ ਮਿਲੀ ਜਾਂਦਾ ਹੈ ਅਤੇ ਜੀਵ ਦਾ ਇਸ ਮਾਰਗ ਨੂੰ ਛੱਡਣ ਦਾ ਦਿਲ ਨਹੀਂ ਕਰਦਾ। ਮਹੀਨੇ ਦਾ ਆਇਆ 'ਆਤਮ-ਮਾਰਗ' ਰਸਾਲਾ ਪੜ੍ਹ ਕੇ ਸ਼ਰਧਾਲੂ ਅਗਲੇ ਮਹੀਨੇ ਦੇ ਰਸਾਲੇ ਦੀ ਉਡੀਕ ਕਰਨ ਲਗ ਪੈਂਦਾ ਹੈ। ਜੇ ਬਾਬ ਜੀ ਦੇ ਬਚਨਾਂ ਤੇ ਧਿਆਨ ਦੇਈਏ ਤਾਂ ਸਾਫ-ਸਾਫ ਸਮਝ ਪੈਂਦੀ ਹੈ ਕਿ ਕਿਵੇਂ ਇੱਕ ਸ਼ਬਦ ਦੂਜੇ ਦੇ ਵਿੱਚ ਮਾਲਾ ਦੇ ਮਣਕਿਆਂ ਵਾਂਗ ਪਰੋਇਆ

ਹੋਇਆ ਹੈ ਅਤੇ ਸਰਲ ਭਾਸ਼ਾ, ਉਦਾਹਰਨਾਂ ਦਾ ਪ੍ਰਯੋਗ ਕਰਕੇ ਸਮਝਾਉਂਦੇ ਹਨ। ਸਭ ਸਾਡੇ ਭਲੇ ਵਾਸਤੇ।

ਦੋ ਸੱਚ ਹਨ - ਪ੍ਰਗਟ ਜਾਂ ਨਾਸ਼ਮਾਨ ਸੱਚ ਅਤੇ ਪਰਮ-ਸੱਚ। ਦੋਵੇਂ ਹੀ ਸੱਚ ਹਨ ਪਰ ਪ੍ਰਗਟ ਸੱਚ ਮਾਇਆ ਹੈ, ਭਰਮ ਹੈ। ਪਰਮ-ਸੱਚ ਹੀ ਅਸਲੀ ਸੱਚ ਹੈ। ਪਰਮ-ਸੱਚ ਤੱਕ ਸਾਨੂੰ ਉਹੀ ਲੈ ਜਾ ਸਕਦਾ ਹੈ, ਜੋ ਆਪ ਇੱਥੋਂ ਤਕ ਪਹੁੰਚਿਆ ਹੋਵੇ। ਸੰਤ ਦਾ ਅਰਥ ਹੀ ਹੈ ਜੋ ਸੱਚ ਦੇ ਅੰਤ ਤਕ ਪਹੁੰਚ ਚੁੱਕਿਆ ਹੋਵੇ। ਅਸੀਂ ਬੜੇ ਵਡਭਾਗੀ ਹਾਂ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥ ਅੰਗ - ੨੦੪***

***ਧਾਰਨਾ - ਪੂਰਬ ਕਰਮ ਦੇ ਅੰਕੁਰ ਜਦੋਂ ਪ੍ਰਗਟੇ,***
***ਜਨਮਾਂ ਦੀ ਸੋਈ ਜਾਗ ਪਈ।***
***ਪਿਆਰਿਓ, ਜਨਮਾਂ ਦੀ ਸੋਈ ਜਾਗ ਪਈ,***
***ਅੰਨ੍ਹੇਰਾ ਮਿਟ ਗਿਆ, ਪ੍ਰਕਾਸ਼ ਸਾਰੇ ਹੋ ਗਿਆ,***
***ਜਨਮਾਂ ਦੀ ਸੋਈ ਜਾਗ ਪਈ - ਪਿਆਰੇ ਜੀ,***
***ਜਨਮਾਂ ਦੀ ਸੁੱਤੀ ਜਾਗ ਪਈ।***

ਇਹ ਅਸੀਂ ਵਡਭਾਗੀ ਹਾਂ, ਪਿਛਲੇ ਕਰਮਾਂ ਦੇ ਪੁੰਨ ਕਰਮ ਕੀਤੇ ਹੋਏ ਪੁੰਗਰ ਪਏ ਹਨ, ਵੈਰਾਗੀ ਸੰਤ ਮਿਲ ਗਿਆ ਹੈ ਅਤੇ ਜੀਵ ਆਤਮਾ ਸੁੱਤੀ ਹੋਈ ਜਾਗ ਪਈ ਹੈ।

ੴੴੴੴੴ

(ਪੰਨਾ 49 ਦੀ ਬਾਕੀ)

ਤਾਂ ਕੇਵਲ ਬਚਨ ਬੰਧਨ ਪੂਰੇ ਕਰ ਰਿਹਾ ਹੈ, ਉਹ ਡੂੰਘਾ ਜਾਣ ਦੀ ਕੋਸ਼ਿਸ਼ ਨਹੀਂ ਕਰ ਰਿਹਾ। ਜਦੋਂ ਤੁਸੀਂ ਆਪਣੇ ਕਰਮਾਂ ਦਾ ਫਲ ਲੈਂਦੇ ਹੋ ਉਹ ਫਲ ਤੁਹਾਨੂੰ ਹੋਰ ਕਰਮ ਕਰਨ ਲਈ ਪ੍ਰੇਰਦਾ ਹੈ। ਜਿਵੇਂ ਕਿ ਇਕ ਦੰਪਤੀ ਘਰ ਲੈਂਦੇ ਹਨ ਫੇਰ ਇਕ ਦਮ ਉਨ੍ਹਾਂ ਨੂੰ ਫਰਨੀਚਰ ਚਾਹੀਦਾ ਹੈ, ਦਰੀਆਂ ਗਲੀਚੇ ਚਾਹੀਦੇ ਹਨ ਤੇ ਹੋਰ ਬਹੁਤ ਕੁਝ, ਉਹ ਸਮਝ ਜਾਂਦੇ ਹਨ ਕਿ ਇੱਕ ਤੋਂ ਬਾਅਦ ਇੱਕ ਕੰਮ ਇੱਕ ਕਰਮਾਂ ਦੀ ਲਾਈਨ ਲੱਗੀ ਪਈ ਹੈ। ਫੇਰ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਇਸ ਨੂੰ ਕਿਸ ਤਰ੍ਹਾਂ ਦੇਖਿਆਂ ਜਾਵੇ ਨਜਿੱਠਿਆ ਜਾਵੇ ਹੁੰਦਾ ਇਹ ਹੈ ਕਿ ਓਹਿ ਇਸ ਵਿੱਚ ਲਪੇਟੇ ਚਲੇ ਜਾਂਦੇ ਹਨ ਉਨ੍ਹਾਂ ਨੂੰ ਸੋਚਣ ਦਾ ਸਮਾਂ ਹੀ ਨਹੀਂ ਰਹਿੰਦਾ। ਬਹੁਤ ਸਾਰੀਆ ਰਹੱਸਮਈ ਗੱਲਾਂ ਹੁੰਦੀਆਂ ਹਨ ਜਿਹੜੀਆਂ ਸਾਰੀ ਜ਼ਿੰਦਗੀ ਵਿੱਚ ਖੁਲ੍ਹਦੀਆਂ ਹੀ ਨਹੀਂ ਕਾਰਣ ਲੋਕ ਸੰਸਾਰ ਅੰਦਰ ਐਨੇ ਉਲਝੇ ਰਹਿੰਦੇ ਹਨ ਐਨੇ ਲਿਪਤ ਰਹਿੰਦੇ ਹਨ ਉਨ੍ਹਾਂ ਕੋਲ ਨਾ ਤਾਂ ਸਮਾਂ ਹੁੰਦਾ ਹੈ, ਨਾ ਹੀ ਰੁਝਾਅ। ਸਿੱਖਣ ਦੀ ਲੋੜ ਹੈ ਕਿ ਹਰ ਕੋਈ ਆਪਣੀ ਡੀਊਟੀ ਆਪਣੀ ਯੋਗਤਾ ਅਨੁਸਾਰ ਕਰੇ ਆਪਣੀ ਸਮਰਥਾ ਅਨੁਸਾਰ ਕਰੇ ਪਰ ਇਸ ਤੋਂ ਇਹ ਭਾਵ ਨਹੀਂ ਇਹ ਸਭ ਕੁਝ ਕਰਦਿਆਂ ਜੀਵਨ ਮਨੋਰਥ ਤੋਂ ਦੂਰ ਰਹੇ। ਆਪਣੇ ਆਪ ਨੂੰ ਜਾਨਣਾ ਸਮਝਣਾ ਬਹੁਤ ਹੀ ਰੌਚਕ ਹੋ ਸਕਦਾ ਹੈ, ਪਰ ਦੇਖਣ ਵਿੱਚ ਆਇਆ ਹੈ ਕਿ ਅੱਜਕਲ੍ਹ ਕਿਸੇ ਕੋਲ ਆਪਣੇ ਆਪ ਨੂੰ ਸਮਝਣ ਦਾ ਸਮਾਂ ਹੀ ਨਹੀਂ, ਸੰਸਾਰ ਦੇ ਪਦਾਰਥ, ਸੰਸਾਰ ਦੇ ਰਿਸ਼ਤੇ ਸਬੰਧ ਹੀ ਐਨੇ

(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।

ਆਤਮ ਮਾਰਗ
ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 240/- | 2040/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

☐ ਜਨਵਰੀ
☐ ਫਰਵਰੀ
☐ ਮਾਰਚ
☐ ਅਪ੍ਰੈਲ
☐ ਮਈ
☐ ਜੂਨ
☐ ਜੁਲਾਈ
☐ ਅਗਸਤ
☐ ਸਤੰਬਰ
☐ ਅਕਤੂਬਰ
☐ ਨਵੰਬਰ
☐ ਦਸੰਬਰ

ਨਾਮ/Name ..........................................................

ਪਤਾ/Address ..........................................................

..........................................................

..........................................................

..................................Pin Code....................................

Phone........................ E-mail :....................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ.........................ਰਾਹੀਂ ਭੇਜ ਰਿਹਾ ਹਾਂ।

ਦਸਖਤ...............................

**ATAM MARG MONTHLY MAGAZINE**

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg@glide.net.in, www.ratwarasahib.org

ਰੁਝਾਣ ਵਾਲੇ ਹੋ ਗਏ ਹਨ ਕਿ ਕਿਸੇ ਕੋਲ ਸਮਾਂ, ਸੋਚ ਹੀ ਨਹੀਂ।

ਜਦੋਂ ਦੋ ਸਿਆਣੇ ਵਿਆਹ ਕਰਾਉਣ ਦਾ ਫੈਸਲਾ ਕਰਦੇ ਹਨ, ਫੇਰ ਬਜਾਏ ਏਸ ਦੇ ਕਿ ਉਹ ਇਕ ਦੂਸਰੇ ਨੂੰ ਸਮਝਣ ਦੀ ਕੋਸ਼ਿਸ਼ ਕਰਨ, ਪਿਆਰ ਕਰਨ, ਜੀਵਨ ਮਨੋਰਥ ਦੀ ਪ੍ਰਾਪਤੀ ਲਈ ਸੱਚੀ-ਸੁੱਚੀ ਸੁਭਾਵਿਕ ਕੋਸ਼ਿਸ਼ ਕਰਨ ਉਹ ਤਾਂ ਇੱਕ ਦੂਸਰੇ ਦੀ ਮਨੋਵਿਗਿਆਨ ਤੇ ਜੀਵ ਵਿਗਿਆਨ ਵਿੱਚ ਹੀ ਰੁਝੇ ਰਹਿੰਦੇ ਹਨ, ਇਨ੍ਹਾਂ ਲੋੜਾਂ ਦੀ ਪੂਰਤੀ ਵਿੱਚ ਲੱਗੇ ਰਹਿੰਦੇ ਹਨ। ਵਿਆਹਉਤਾ ਜੀਵਨ ਦਾ ਉਦੇਸ਼ ਉਨ੍ਹਾਂ ਨੂੰ ਭੁੱਲ ਹੀ ਜਾਂਦਾ ਹੈ ਉਹ ਆਪਣਾ ਸਬੰਧ ਇੱਕ ਦੂਸਰੇ ਨਾਲ ਜੋੜ ਲੈਂਦੇ ਹਨ। ਜਦੋਂ ਦੋ ਲੋਕ ਐਸ ਤਰ੍ਹਾਂ ਸਬੰਧ ਜੋੜਦੇ ਹਨ ਇਸ ਨੂੰ ਇੱਕ ਪਿਆਰ ਦਾ ਰਿਸ਼ਤਾ ਕਿਹਾ ਜਾਂਦਾ ਹੈ। ਜੇਕਰ ਕੋਈ ਪਤਨੀ ਆਪਣੇ ਪਤੀ ਨੂੰ ੨੫ ਸਾਲ ਤਕ ਰਿਝਾ ਕੇ ਰੱਖ ਸਕੇ ਤਾਂ ਪਤੀ ਬੜੇ ਮਾਣ ਨਾਲ ਕਹਿੰਦਾ ਹੈ, ਮੇਰੀ ਪਤਨੀ ਤਾਂ ਬਹੁਤ ਉੱਤਮ ਹੈ ਪ੍ਰਸੰਸਾ ਯੋਗ ਹੈ ਪਰ ਵਾਸਤਵ ਵਿੱਚ ਉਸ ਨੇ ਕੀ ਕੀਤਾ ਉਸ ਨੇ ਤਾਂ ਆਪਣੇ ਪਤੀ ਨੂੰ ਸੋਚਣ ਦਾ ਸਮਾਂ ਹੀ ਨਹੀਂ ਦਿੱਤਾ। ਪਤਨੀ ਨੇ ਆਪਣੇ ਪਤੀ ਨੂੰ ਸੋਚਣ ਦਾ ਸਮਾਂ ਨਹੀਂ ਦਿੱਤਾ। ਜਦੋਂ ਬੱਚਾ ਘਰ ਵਿੱਚ ਆ ਜਾਂਦਾ ਹੈ ਤੇ ਸਭ ਕੁਝ ਬੱਚੇ ਲਈ ਹੀ ਹੋਣ ਲਗ ਪੈਂਦਾ ਹੈ, ਬੱਚਾ ਹੀ ਹਰ ਗੱਲ ਵਿੱਚ ਅੱਗੇ ਹੁੰਦਾ ਹੈ, ਉਹ ਬੱਚੇ ਨਾਲ ਆਪਣਾ ਵਾਸਤਵ ਵਿੱਚ ਰਿਸ਼ਤਾ ਸਬੰਧ ਤਾਂ ਜਾਣਦਾ ਹੀ ਨਹੀਂ। ਬੱਚੇ ਨੇ ਤੁਹਾਨੂੰ ਕਿਵੇਂ ਆਪਣੇ ਮਾਤਾ ਪਿਤਾ ਚੁਣਿਆ, ਤੁਸੀਂ ਕਿਸ ਤਰ੍ਹਾਂ ਇਸ ਬੱਚੇ ਨੂੰ ਚੁਣਿਆ। ਇਹੋ ਜਿਹੇ ਬੜੇ ਪ੍ਰਸ਼ਨ ਹਨ ਪਰ ਅਸੀਂ ਤਾਂ ਇਨ੍ਹਾਂ ਬਾਰੇ ਸੋਚਦੇ ਵੀ ਨਹੀਂ, ਕੋਈ ਵੀ ਜੀਵਨ ਦੇ ਮੱਧਭਾਗ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕਰਦਾ, ਕਾਰਣ ਕਿਉਂਕਿ ਅਸੀਂ ਜੀਵਨ ਦੀਆਂ ਡੀਊਟੀਆਂ ਜੀਵਨ ਦੇ ਰੁਝੇਵਿਆਂ ਵਿੱਚ ਹੀ ਰੁਝੇ ਰਹਿੰਦੇ ਹਾਂ। ਕਿਸੇ ਨੂੰ ਵੀ ਆਪਣੇ ਜੀਵਨ ਸਾਥੀ ਨੂੰ ਜੀਵਨ ਦੀ ਖੋਜ ਤੋਂ ਰੋਕਣਾ ਨਹੀਂ ਚਾਹੀਦਾ। ਜਦੋਂ ਵੀ ਦੋ ਲੋਕ ਦੋ ਜੀਵਨ ਮਿਲ ਕੇ ਚੱਲਣ ਦਾ ਫੈਸਲਾ ਕਰਦੇ ਹਨ ਉਹ ਇੱਕ ਦੂਸਰੇ ਦੇ ਸਹਾਇਕ ਹੋ ਸਕਦੇ ਹਨ, ਰਸਤੇ ਦੇ ਸਾਥੀ ਹੋ ਸਕਦੇ ਹਨ। ਦੋਨਾਂ ਨੂੰ ਹੀ ਜੀਵਨ ਮਨੋਰਥ ਪ੍ਰਾਪਤੀ ਲਈ ਸਹਾਇਤਾ ਕਰਨੀ ਚਾਹੀਦੀ ਹੈ, ਇਸ ਤਰ੍ਹਾਂ ਕਰਨ ਨਾਲ ਰਿਸ਼ਤਾ ਸਬੰਧ ਬਹੁਤ ਫਲਦਾਇਕ ਹੋ ਸਕਦਾ ਹੈ। ਤੁਹਾਨੂੰ ਆਪਣੇ ਆਪ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਬਿਨਾਂ ਕਿਸੇ ਸਹਾਇਤਾ ਦੇ ਆਪਣੇ ਆਪ ਨੂੰ ਜਾਣੋ। ਸੰਸਾਰ ਦੀ ਚਮਕ ਦਮਕ, ਲੋਭ ਲਾਲਚ, ਮਾਇਆ ਜਾਲ ਹੈ ਇਨ੍ਹਾਂ ਵਿੱਚ ਲਿਪਤ ਹੋਣਾ ਜੀਵਨ ਮਨੋਰਥ ਨਹੀਂ ਹੈ।

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ

**ਐਤਵਾਰ** - **04, 11, 18, 25** ਅਕਤੂਬਰ

**(ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ)**

**ਸੰਗਰਾਂਦ** - 18 ਅਕਤੂਬਰ, ਦਿਨ ਐਤਵਾਰ

**(ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ)**

**ਪੂਰਨਮਾਸ਼ੀ** - 04 ਅਕਤੂਬਰ, ਦਿਨ ਐਤਵਾਰ

**(ਸਮਾਂ - ਦੁਪਿਹਰ 1.00 ਵਜੇ ਤੋਂ ਰਾਤ 1.00 ਵਜੇ ਰੈਣ ਸਬਾਈ ਕੀਰਤਨ)**

**ਜਰੂਰੀ ਸੂਚਨਾ** - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

**ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 9.00 ਵਜੇ ਹੁੰਦਾ ਹੈ।**

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 70/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | |
| 26. | ਅਬਿਨਾਸੀ ਜੋਤ ਭਾਗ-2 | 90/- | |
| 27. | ਰੂਹਾਨੀ ਗੁਲਦਸਤਾ -1 | 60/- | |
| 28. | ਰੂਹਾਨੀ ਗੁਲਦਸਤਾ - 2 | 60/- | |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ.............। | 100/- | |
| 33. | ਅਨੰਦਮਈ ਜੀਵਨ ਜਾਚ | 50/- | |
| 34. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | 25/- | |
| 35. | ਅਨੁਭਵੀ ਪ੍ਰਵਚਨ | 50/- | |
| 36. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. | ਅੰਦਰਲੀ ਖੋਜ | 130/- | |
| 38. | ਸਿਮਰਤ ਕਹਾਂ ਨਹੀਂ | 135/- | |
| ੩9. | ਰੂਹਾਨੀ ਪ੍ਰਵਚਨ | 35/- | |
| 40. | 'ਸੇਵਾ ਸਿਮਰਨ ਜੁਗਤੀਆਂ' | 160/- | |
| 41. | 'ਮਾਨੁੱਖ ਤਨ ਦਾ ਪ੍ਰਯੋਜਨ' | 150/- | |
| 42. | 'ਯੋਗਾ ਉਪਰ ਲੈਕਚਰ', | 30/- | |
| 43. | 'ਕਰਮ ਬੰਧਨ ਤੋਂ ਮੁਕਤੀ' :- | 30/- | |

| | **English Version** | **Price** |
|---|---|---|
| 1. | Baisakhi | Rs. 5/- |
| 2. | How Rend The Veil of Untruth | Rs. 70/- |
| 3. | Discourses on the Beyond-1 | Rs 50/- |
| 4. | Discourses on the Beyond -2 | Rs. 50/- |
| 5. | Discourses on the Beyond -3 | Rs. 50/- |
| 6. | Discourses on the Beyond -4 | Rs. 60/- |
| 7. | Discourses on the Beyond -5 | Rs. 60/- |
| 8. | The way to the imperceptible | Rs. 80/- |
| 9. | The Lights Immortal | Rs. 20/- |
| 10. | Transcendental Bliss | Rs. 70/- |
| 11. | How to Know Thy Real Self-(Vol-1) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| 16. | Divine Word Contemplation Path', | Rs.70/- |